

ਮਾਤਾ ਰਾਮਾਬਾਈ ਅੰਬੇਦਕਰ ਸੁਪਤਨੀ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਉਹਨਾਂ ਦੇ ਜਨਮ ਦਿਨ 'ਤੇ ਦਿਲੀ ਹਾਰਦਿਕ ਵਧਾਈ ਦਿੰਦਾ ਹੈ।

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL - 12 ISSUE - 44

Feburary 7, 2024


Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਅਦਾਰਾ 'ਦੇਸ਼ ਦੁਆਬਾ' ਸ੍ਰੀ ਸੀ. ਐਲ. ਚੁੰਬਰ ਨੂੰ ਉਹਨਾਂ ਦੀ 8ਵੀਂ ਐਨਵਰਸਰੀ 'ਤੇ ਸ਼ਰਧਾਂਜਲੀ ਦਿੰਦਾ ਹੈ। ਉਹਨਾਂ ਦੀ ਲਿਖੀ ਇਕ ਸੰਪਾਦਕੀ ਅੰਦਰ ਦੇਖੋ।




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।** ਸਬੰਧਤ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਯੂਬਾ ਸਿਟੀ, ਸੇਲਮਾ ਅਤੇ ਨਿਊਯਾਰਕ ਵਿਖੇ 23, 24, 25 ਫਰਵਰੀ 2024 ਨੂੰ ਮਨਾਇਆ ਜਾ ਰਿਹਾ ਹੈ ਅਤੇ ਫਰਿਜ਼ਨੋ ਵਿਖੇ ਮਾਰਚ 1, 2, 3, 2024 ਅਤੇ ਸੈਕਰਾਮੈਂਟੋ ਵਿਖੇ 8, 9, 10 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜ ਮਨਾਇਆ ਜਾ ਰਿਹਾ ਹੈ।ਹੋਰ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।

## ਭਾਰਤੀ ਵਿਦਿਆਰਥੀਆਂ ਤੇ ਅਮਰੀਕਾ ਵਿਚ ਵਧਦੇ ਜਾ ਰਹੇ ਨੇ ਹਮਲੇ



**ਨਿਊਯਾਰਕ (ਬਿਊਰੋ)-** ਕੁਝ ਦਿਨ ਪਹਿਲਾਂ ਅਮਰੀਕਾ ਦੇ ਓਹੀਓ ਰਾਜ ਵਿਚ ਇਕ ਭਾਰਤੀ ਵਿਦਿਆਰਥੀ ਸ਼੍ਰੇਯਸ ਰੈਡੀ ਮ੍ਰਿਤਕ ਹਾਲਤ ਵਿਚ ਮਿਲਿਆ। ਪੁਰਡਿਊ ਯੂਨੀਵਰਸਿਟੀ (ਇੰਡਿਆਨਾ) ਵਿਚ ਪੜਦੇ ਭਾਰਤੀ ਮੂਲ ਦੇ ਵਿਦਿਆਰਥੀ ਨੀਲ ਅਚਾਰੀਆ ਦੀ ਕੈਂਪਸ ਵਿਚੋਂ ਲਾਸ਼ ਮਿਲੀ। ਹੁਣ ਸ਼ਿਕਾਗੋ ਵਿਚ ਸੂਚਨਾ ਤਕਨਾਲੋਜੀ (ਆਈਟੀ) ਦੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ ਨੇੜੇ ਬੇਰਹਿਮੀ ਨਾਲ ਕੁੱਟਿਆ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਵੀਡੀਓ 'ਚ 4 ਫਰਵਰੀ ਦੀ ਰਾਤ ਨੂੰ ਤਿੰਨ ਵਿਅਕਤੀ ਸਈਅਦ ਮਜ਼ਾਹਿਰ ਅਲੀ ਦਾ ਪਿੱਛਾ ਕਰਦੇ ਹੋਏ ਦਿਖਾਈ ਦਿੱਤੇ। 'ਐਕਸ' 'ਤੇ ਪੋਸਟ ਕੀਤੀ ਵੱਖਰੀ ਵੀਡੀਓ ਵਿਚ ਅਲੀ ਨੂੰ ਉਸ ਦੇ ਨੱਕ ਅਤੇ ਚਿਹਰੇ ਤੋਂ ਖ਼ੂਨ ਵਗਦਾ ਦੇਖਿਆ ਜਾ ਸਕਦਾ ਹੈ ਅਤੇ ਉਸ ਦੇ ਕੱਪੜਿਆਂ 'ਤੇ ਖ਼ੂਨ ਦੇ ਧੱਬੇ ਹਨ। ਸ਼ਿਕਾਗੋ ਵਿੱਚ ਭਾਰਤੀ ਕੌਂਸਲਖਾਨੇ ਨੇ ਸਥਾਨਕ ਅਧਿਕਾਰੀਆਂ ਨਾਲ ਸੰਪਰਕ ਕੀਤਾ ਜੋ ਮਾਮਲੇ ਦੀ ਜਾਂਚ ਕਰ ਰਹੇ ਹਨ। ਕਰੀਬ ਛੇ ਮਹੀਨੇ ਪਹਿਲਾਂ ਹੈਦਰਾਬਾਦ ਤੋਂ ਅਮਰੀਕਾ ਆਏ ਅਲੀ ਨੇ ਦੱਸਿਆ ਕਿ ਇੱਕ ਹਮਲਾਵਰ ਨੇ ਉਸ 'ਤੇ ਬੰਦੂਕ ਤਾਣ ਲਈ ਸੀ। ਵੀਡੀਓ ਫੁਟੇਜ 'ਚ ਅਲੀ ਹੱਥ 'ਚ ਪੈਕੇਟ ਲੈ ਕੇ ਰਾਤ ਨੂੰ ਆਪਣੇ ਘਰ ਵੱਲ ਤੁਰਦਾ ਦੇਖਿਆ ਗਿਆ, ਜਦੋਂ ਕਿ ਤਿੰਨ ਵਿਅਕਤੀ ਉਸ ਦਾ ਪਿੱਛਾ ਕਰ ਰਹੇ ਸਨ। ਅਲੀ ਨੇ ਦੱਸਿਆ ਕਿ ਹਮਲਾਵਰਾਂ ਨੇ ਉਸ ਦੀਆਂ ਅੱਖਾਂ, ਨੱਕ, ਪਸਲੀਆਂ 'ਤੇ ਮੁੱਕੇ ਮਾਰੇ। ਉਸ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ।

ਵਿਦੇਸ਼ਾਂ 'ਚ ਭਾਰਤੀ ਵਿਦਿਆਰਥੀਆਂ ਦੀ ਮੌਤ 'ਤੇ ਚਿੰਤਾ ਜ਼ਾਹਿਰ ਕਰਦਿਆਂ ਅੱਜ ਰਾਜ ਸਭਾ 'ਚ ਕਾਂਗਰਸ ਦੇ ਆਗੂ ਕੇਸੀ ਵੇਣੂਗੋਪਾਲ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਘਟਨਾਵਾਂ ਦੀ 'ਨਫਰਤੀ ਅਪਰਾਧ' ਦੇ ਪੱਖ ਤੋਂ ਜਾਂਚ ਕੀਤੀ ਜਾਵੇ। ਰਾਜ ਸਭਾ 'ਚ ਸਿਫਰ ਕਾਲ ਦੌਰਾਨ ਇਹ ਗੰਭੀਰ ਮਸਲਾ ਚੁਕਦਿਆਂ ਵੇਣੂਗੋਪਾਲ ਨੇ ਕਿਹਾ ਕਿ ਲੋਕ ਸਭਾ 'ਚ ਵਿਦੇਸ਼ ਮੰਤਰੀ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ 2018 ਤੋਂ ਹੁਣ ਤੱਕ 403 ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ਾਂ 'ਚ ਮੌਤ ਹੋਈ ਹੈ। ਵਿਦੇਸ਼ ਮੰਤਰੀ ਵੱਲੋਂ ਮੁਹੱਈਆ ਕੀਤੀ ਸੂਚਨਾ ਦੇ ਹਵਾਲੇ ਨਾਲ ਵੇਣੂਗੋਪਾਲ ਨੇ ਕਿਹਾ ਇਸ ਸੂਚੀ ਵਿੱਚ ਕੈਨੇਡਾ ਸਿਖਰ 'ਤੇ ਜਿੱਥੇ ਅਜਿਹੀਆਂ 91 ਘਟਨਾਵਾਂ ਵਾਪਰੀਆਂ ਹਨ। ਇਸ ਤੋਂ ਬਾਅਦ 48 ਮਾਮਲਿਆਂ ਨਾਲ ਬਰਤਾਨੀਆ ਦਾ ਦੂਜਾ ਸਥਾਨ ਹੈ।

## ਚਿੱਲੀ ਦੇ ਦੋ ਵਾਰ ਰਾਸ਼ਟਰਪਤੀ ਰਹੇ ਪਿਨੇਰਾ ਦੀ ਹੈਲੀਕਾਪਟਰ ਹਾਦਸੇ 'ਚ ਮੌਤ

**ਵਿਨਾ ਡੇਲ ਮਾਰ (ਚਿੱਲੀ)-** ਚਿੱਲੀ ਦੇ ਸਾਬਕਾ ਰਾਸ਼ਟਰਪਤੀ ਸੇਬੇਸਟੀਅਨ ਪਿਨੇਰਾ ਦੀ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋ ਗਈ। ਉਹ 74 ਸਾਲਾਂ ਦੇ ਸਨ ਅਤੇ ਦੋ ਵਾਰ ਰਾਸ਼ਟਰਪਤੀ ਰਹਿ ਚੁੱਕੇ ਸਨ। ਚਿੱਲੀ ਦੀ ਗ੍ਰਹਿ ਮੰਤਰਾਲੇ ਨੇ ਸਾਬਕਾ ਰਾਸ਼ਟਰਪਤੀ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਹਾਲਾਂਕਿ ਹੈਲੀਕਾਪਟਰ ਹਾਦਸੇ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪਿਨੇਰਾ ਨੇ 2010 ਤੋਂ 2014 ਅਤੇ ਫਿਰ 2018 ਤੋਂ 2022 ਤੱਕ ਦੇਸ਼ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਕੋਵਿਡ-19 ਮਹਾਮਾਰੀ ਤੋਂ ਇਲਾਵਾ ਭੂਚਾਲ ਅਤੇ ਸੁਨਾਮੀ ਵਰਗੀਆਂ ਚੁਣੌਤੀਆਂ ਸਾਹਮਣੇ ਆਈਆਂ।






Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।




Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥




## DHAN DHAN SRI GURU RAVIDASS JI

Bole' So Nirbhay! Guru Ravidass Maharaj Ki Jai

# 647th Gurpurb of Sri Guru Ravidass Ji

Sri Guru Ravidass ji was born in 1377, in Kanshi, in India. Guru Ravidass Ji was a great religious and social reformer. Guru Sahib dedicated his whole life for the welfare of the humanity. He preached social harmony and equality among all human beings. His BANI is enshrined in Sri Guru Granth Sahib.

Sri Guru Ravidass Sabha CA, Pittsburg will be celebrating the 647th Parkash Utsav of **SATGURU RAVIDASS JI on Sunday, February 25, 2024** at the Gurughar. Sangat will perform Langer and Path Sewa for this program.

**ARAMBH SHRI AKHAND PATH**
**February 23, 2024 (Friday) 10:00 AM**
**BHOG SHRI AKHAND PATH**
**February 25, 2024 (Sunday) 10:00 AM**
**KIRTAN DIWAN - After Bhog until 2:30 PM**
**Nishan Sahib Hoisting Ceremony**
**February 24, 2024 (Saturday) at 11:00 AM.**

*** Prominent Jatha of Bhai Onkar Singh ji, Una Sahib Waley will delight the sangat on Sunday from 12:30 noon to 1:30 PM. Gurughar jatha of Bhai Balwinder Singh ji will start the Kirtan Diwan.**

*** Bhai Suveg Singh ji's jatha will do Shabad Kirtan on Saturday evening along with our Gurughar Jatha from 6:00 PM to 8:00 PM.**



*We need volunteers to help with this event to prepare and serve Langar, keep Gurughar clean and organized, directing traffic/parking, kitchen and other Sewa.*

For STALLS or any SEWA, please contact: Ramesh Suman (Chairman) at (925) 366-3618
Vinod Kumar (President) at (408) 718-2506, Dilbag Singh (Secretary) at (209) 834-4641

**www.sriguruuravidasstemple.com**


## Sangat Sewadars

| Chairman | President | Secretary | Treasurer |
|---|---|---|---|
| Ramesh Suman | Vinod Kumar | Dilbag Singh | Sunita K. Singh |

# ਗੁਰੂ ਰਵਿਦਾਸ ਦੀ ਸਭ ਤੋਂ ਉੱਚੇ ਬੁੱਤ ਨੂੰ ਪ੍ਰਧਾਨ ਮੰਤਰੀ ਕਰਨਗੇ ਕੌਮ ਨੂੰ ਸਮਰਪਿਤ

**ਵਾਰਾਨਸੀ–** ਸ੍ਰੀ ਗੋਵਰਧਨਪੁਰ ਸਥਿਤ ਗੁਰੂ ਰਵਿਦਾਸ ਮੰਦਰ ਵਿਚ ਐਤਵਾਰ ਨੂੰ ਗੁਰੂ ਰਵਿਦਾਸ ਦੀ 25 ਫੁੱਟ ਉੱਚੀ ਤਾਂਬੇ ਦੀ ਮੂਰਤੀ, 9 ਫੁੱਟ ਚੌੜੇ ਅਤੇ 10 ਫੁੱਟ ਉੱਚੇ ਚਬੂਤਰੇ ’ਤੇ ਸਥਾਪਿਤ ਕਰ ਦਿੱਤੀ ਗਈ ਹੈ। 3 ਹਜ਼ਾਰ ਕਿਲੋ ਵਜ਼ਨੀ ਇਸ ਕਾਂਸੀ ਦੇ ਬੁੱਤ ਦਾ ਨਿਰਮਾਣ ਲਲਿਤ ਕਲਾ ਅਕੈਡਮੀ ਨੇ 1.20 ਕਰੋੜ ਰੁਪਏ ਵਿਚ ਕਰਵਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਹੀਨੇ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਮੌਕੇ ਇਸ ਬੁੱਤ ਨੂੰ ਕੌਮ ਦੇ ਹਵਾਲੇ ਕਰ ਸਕਦੇ ਹਨ।

ਪ੍ਰਧਾਨ ਮੰਤਰੀ ਨੇ ਗੁਰੂ ਰਵਿਦਾਸ ਗੁਰਪੁਰਬ ਮੌਕੇ 2019 ਵਿਚ ਸੰਤ ਰਵਿਦਾਸ ਮੰਦਰ ਦੇ ਸੁੰਦਰੀਕਰਨ ਦੇ ਲਈ 50 ਕਰੋੜ ਰੁਪਏ ਦੇਣ ਦਾ ਐਲਾਨ ਕਰਦੇ ਹੋਏ ਮੂਰਤੀ ਦਾ ਨੀਂਹ ਪੱਥਰ ਰੱਖਿਆ ਸੀ। ਵਾਰਾਨਸੀ ਵਿਕਾਸ ਅਥਾਰਟੀ ਨੇ ਇਕ ਕਰੋੜ ਦੀ ਲਾਗਤ ਨੇ ਮੰਦਰ ਦੀ ਬਾਊਂਡਰੀ ਵਾਲ ਕਰਵਾਈ ਹੈ। ਮੂਰਤੀ ਸਥਾਪਤ ਕਰਨ ਦੇ ਲਈ 10 ਫੁੱਟ ਉੱਚਾ ਚਬੂਤਰਾ 50



ਲੱਖ ਰੁਪਏ ਵਿਚ ਬਣਵਾਇਆ ਗਿਆ ਹੈ। ਮੰਦਰ ਦਾ 3.62 ਏਕੜ ਜ਼ਮੀਨ ਵਿਚ ਵਿਸਥਾਰ ਹੋਣਾ ਹੈ। ਸਤਸੰਗ ਹਾਲ ਬਣ ਕੇ ਤਿਆਰ ਹੋ ਗਿਆ ਹੈ।

ਮੰਦਰ ਪਹੁੰਚਣ ਵਿਚ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ, ਇਸਦੇ ਲਈ ਹਾਈਵੇ ਤੋਂ ਸਿੱਧੀ ਸੜਕ ਬਣਾਈ ਗਈ, ਪਾਰਕ, ਲਾਇਬ੍ਰੇਰੀ ਸਮੇਤ ਹੋਰ ਵਿਕਾਸ ਕੰਮ ਹੋਣੇ ਹਨ। ਇਸ ਤੋਂ ਇਲਾਵਾ 50 ਚਾਰ ਪਹੀਆ ਅਤੇ 100 ਦੋ ਪਹੀਆ ਵਹੀਕਲਾਂ ਦੇ ਲਈ ਪਾਰਕਿੰਗ ਦੇ ਨਾਲ ਫੁਹਾਰਾ, ਓਪਨ ਜਿੰਮ, ਪਾਥਵੇਅ, ਬਾਥਰੂਮ, ਕਿਡਸ ਪਲੇਅ, ਸਪ੍ਰਿੰਕਲਸ, ਲਾਅਨ ਆਦਿ ਦਾ ਨਿਰਮਾਣ ਕੀਤਾ ਜਾਵੇਗਾ।

ਇਸ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੁੱਖ ਮੰਤਰੀ ਯੋਗੀ ਅਦਿਤਿਆਨਾਥ ਤੋਂ ਇਲਾਵਾ ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀ ਅਤੇ ਹੋਰ ਸਿਆਸੀ ਪਾਰਟੀਆਂ ਦੇ ਲੀਡਰ ਵੀ ਸ਼ਾਮਲ ਹੋਣਗੇ।

# ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਜਾਗਰੂਕਤਾ ਮੁਹਿੰਮ

**ਸੰਗਰੂਰ/ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ (ਪੰਜਾਬ) ਵੱਲੋਂ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਫਰਵਰੀ ਮਹੀਨੇ ਪਿੰਡਾਂ ਚ' ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਅੱਜ ਪਿੰਡ ਪਿੰਡ ਉੱਭਾਵਾਲ (ਸੰਗਰੂਰ) ਅਤੇ ਗੰਢੂਆਂ (ਸੁਨਾਮ) ਵਿੱਚ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਨੂੰ ਸਮਰਪਿਤ ਜਾਗ੍ਰਿਤੀ ਮੁਹਿੰਮ ਤਹਿਤ ਖੇਤ ਮਜ਼ਦੂਰਾਂ ਦੀਆਂ ਜਮੀਨ, ਪਲਾਟ, ਨਰੇਗਾ, ਕਰਜੇ ਆਦਿ ਮੰਗਾਂ ਸੰਬੰਧੀ ਮੀਟਿੰਗਾਂ ਕੀਤੀਆਂ ਗਈਆਂ ਅਤੇ ਪਿੰਡ ਨਮੋਲ ਦੇ ਖੇਤ ਮਜਦੂਰਾਂ ਦੀ ਰੈਲੀ ਕੀਤੀ ਗਈ।

ਰੈਲੀ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ (ਪੰਜਾਬ) ਦੇ ਸੂਬਾ ਸਕੱਤਰ ਧਰਮਪਾਲ ਸਿੰਘ ਨੇ ਕਿਹਾ ਪਿਛਲੇ ਦਿਨਾਂ ਵਿੱਚ ਜੱਥੇਬੰਦੀ ਦੀ ਜਿਲ੍ਹਾ ਕਮੇਟੀ ਦੀ ਅਹਿਮ ਮੀਟਿੰਗ ਕੀਤੀ ਗਈ।ਜਿਸ ਵਿੱਚ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਕਿ ਫਰਵਰੀ ਮਹੀਨੇ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ, ਪਿੰਡਾਂ-ਪਿੰਡਾਂ ਵਿੱਚ ਮਜਦੂਰਾਂ ਦੀਆਂ





ਮੀਟਿੰਗਾਂ/ਰੈਲੀਆਂ ਕਰਕੇ ਉਨ੍ਹਾਂ ਦੇ ਹੱਕ ਅਧਿਕਾਰ ਅਤੇ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਫੈਸਲੇ ਨੂੰ ਲਾਗੂ ਕਰਦਿਆਂ ਅੱਜ ਦੀ ਰੈਲੀ ਕਰਕੇ ਇਸ ਨੂੰ ਅਮਲੀ ਰੂਪ ਦਿੱਤਾ ਗਿਆ। ਇਸ ਉਪਰੰਤ ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਜਾਤੀ ਪ੍ਰਬੰਧ ਨੂੰ ਕਰਾਰੀ ਸੱਟ ਮਾਰੀ। ਗੁਰੂ ਰਵਿਦਾਸ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ, ਪਰ ਅੱਜ ਵੀ ਪਿੰਡਾਂ ਵਿੱਚ ਦਲਿਤਾਂ ਨੂੰ ਵਿਤਕਰੇਬਾਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਵੀ ਮਜਦੂਰ ਪਿੰਡਾਂ ਵਿੱਚ ਅਪਣੇ ਹੱਕ (ਪੰਚਾਇਤੀ ਜਮੀਨਾਂ ਚੋਂ ਤਿੱਜਾ ਹਿੱਸਾ, ਪਲਾਟਾਂ ਦੀ ਮੰਗ, ਪਛੂਆਂ ਦੇ ਮਲ ਮੂਤਰ ਸੁਟਣ ਲਈ ਜਗ੍ਹਾ) ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਅਖੌਤੀ ਉਚ ਜਾਤੀ ਵੱਲੋਂ ਕੀਤੇ ਜਬਰ ਦਾ ਸਿਕਾਰ ਹੋਣਾ ਪੈਦਾ ਹੈ। ਗੁਰੂ ਰਵਿਦਾਸ ਜੀ ਦਾ ਜਨਮ ਉਤਸਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾ ਕੇ ਸਮਾਜ 'ਚੋਂ ਗਲਤ ਕੁਰੀਤੀਆਂ ਨੂੰ ਦੂਰ ਕਰਕੇ ਦੁਨੀਆ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵੱਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ। ਇਸ ਮੌਕੇ ਰੈਲੀ ਵਿੱਚ ਬਲਾਕ ਆਗੂ ਜੱਗੀ ਸਿੰਘ, ਲਾਲ ਸਿੰਘ, ਗੁਰਪਿਆਰ ਸਿੰਘ ਅਤੇ ਗੋਰਾ ਸਿੰਘ ਆਦਿ ਸਾਮਿਲ ਸਨ।



# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੀ 22ਵੇਂ ਮੇਲੇ ਦੇ ਪ੍ਰਬੰਧਾਂ ਸਬੰਧੀ ਹੋਈ ਅਹਿਮ ਇਕੱਤਰਤਾ

## ਭਾਰਤ ਦੀ ਅਜਾਦੀ ਵਿਚ ਕੁਰਬਾਨੀਆਂ ਕਰਨ ਵਾਲੀਆਂ ਮਹਾਨ ਬੀਬੀਆਂ ਨੂੰ ਸਮਰਪਿਤ ਹੋਵੇਗਾ ਇਹ 22ਵਾਂ ਮੇਲਾ



**ਫਰਿਜ਼ਨੋਂ (ਕੁਲਵੀਰ ਹੇਅਰ) –** ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਇਕ ਅਹਿਮ ਮੀਟਿੰਗ ਫਰਿਜਨੋ ਵਿਖੇ ਹੋਈ।ਮੀਟਿੰਗ ਦੋਰਾਨ ਇਸ ਸਾਲ 7 ਅਪ੍ਰੈਲ ਨੂੰ ਫਰਿਜ਼ਨੋ ਵਿਖੇ ਕਰਵਾਏ ਜਾ ਰਹੇ 22ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ ਅਤੇ ਪ੍ਰਬੰਧਾਂ ਦੀਆਂ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੀਟਿੰਗ ਉਪਰੰਤ ਪ੍ਰਬੰਧਕਾਂ ਵਲੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹ 22ਵਾਂ ਮੇਲਾ ਭਾਰਤ ਦੀ ਅਜਾਦੀ ਦੇ ਸੰਗਰਾਮ ਵਿਚ ਸਿੱਧੇ-ਅਸਿੱਧੇ ਰੂਪ ਵਿਚ ਅਥਾਹ ਕੁਰਬਾਨੀਆਂ ਵਾਲੀਆਂ ਮਹਾਨ ਔਰਤਾਂ ਬੀਬੀ ਗੁਲਾਬ ਕੌਰ, ਦੁਰਗਾ ਭਾਬੀ, ਮੈਡਮ ਕਾਮਾ, ਲਕਸ਼ਮੀ ਸਹਿਗਲ, ਲਤਾ ਕਾਂਤਾਂ ਬਰੂਆ ਅਤੇ ਹੋਰ ਸਮੂਹ ਔਰਤਾਂ ਨੂੰ ਸਮਰਪਿਤ ਹੋਵੇਗਾ।ਇਹ ਮੇਲਾ ਸੈਂਟਰਲ ਹਾਈ ਸਕੂਲ ਪ੍ਰਫਾਰਮਿੰਗ ਆਰਟ ਸੈਂਟਰ 3535 ਨਾਰਥ ਕੌਰਨੀਲੀਆ ਐਵਨਿਓ (ਫਰਿਜ਼ਨੋਂ) ਵਿਖੇ 7 ਅਪ੍ਰੈਲ, ਦਿਨ ਐਤਵਾਰ ਦੁਪਿਹਰ 1 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸ ਮੇਲੇ ਦੌਰਾਨ ਉੱਚ ਕੋਟੀ ਦੇ ਬੁਲਾਰੇ ਅਤੇ ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ, ਲੋਕਲ ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬ੍ਰਿਤਾਂਤ ਸੰਗੀਤਕ ਵੰਨ੍ਹਗੀਆਂ ਵਿਚ ਪੇਸ਼ ਕਰਨਗੇ।ਇਸ ਤੋਂ ਇਲਾਵਾ ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿਚ ਹੋਰ ਮੱਲਾਂ ਮਾਰਨ ਅਤੇ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪੜ੍ਹਾਈ ਵਿਚੋਂ (4.0ਘਫਅ) ਅਤੇ ਇਸ ਤੋਂ ਜ਼ਿਆਦਾ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਦੇਸ਼ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਖਾਸ ਖਿੱਚ ਦਾ ਕੇਂਦਰ ਹੋਵੇਗੀ। ਬੱਚਿਆਂ ਵਲੋਂ ਕਵਿਤਾ,ਗਿੱਧਾ, ਭੰਗੜਾ ਆਦਿ ਦਾ ਪ੍ਰੋਗਰਾਮ ਪੇਸ਼ ਹੋਵੇਗਾ ।ਮੀਟਿੰਗ ਦੌਰਾਨ ਬੀਤੇ ਸਮੇਂ ਵਿਚ ਹੋਏ ਹਰ ਮੇਲੇ ਵਿਚ ਸਹਿਯੋਗ ਦੇਣ ਲਈ ਸੈਂਟਰਲ ਵੈਲੀ ਦੇ ਭਾਰਤੀ ਭਾਈਚਾਰੇ ਅਤੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਵਾਰ ਵੀ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਪ੍ਰਬੰਧਕਾਂ ਨੇ ਦੱਸਿਆ ਕਿ ਮੇਲੇ ਵਾਲੇ ਦਿਨ ਦੁਪਿਹਰ 1 ਵਜੇ ਤੋਂ 2 ਵਜੇ ਤੱਕ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ ਤਾਂ ਕਿ ਆਉਣ ਵਾਲੀ ਪੀੜ੍ਹੀ ਵੀ ਦੇਸ਼ ਗੌਰਵਮਈ ਇਤਿਹਾਸ ਤੋਂ ਜਾਣੂੰ ਹੋ ਸਕੇ ਜਿਸ ਦੌਰਾਨ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ। ਇਸ ਮੀਟਿੰਗ ਵਿਚ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ।

# ਭਾਜਪਾ ਨਾਲ ਮੇਰੀ ਕੋਈ ਲੜਾਈ ਨਹੀਂ: ਨਵਜੋਤ ਸਿੱਧੂ

ਪਟਿਆਲਾ- ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ ਮੇਰੀ ਕੋਈ ਲੜਾਈ ਨਹੀਂ ਹੈ ਪਰ ਜਿਹੜੇ ਕਾਂਗਰਸੀ ਆਗੂ ਮੇਰੇ ਦੁਸ਼ਮਣ ਬਣ ਕੇ ਬਿਨਾਂ ਕਾਰਨ ਮੇਰਾ ਵਿਰੋਧ ਕਰ ਰਹੇ ਹਨ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਹੈ। ਉਨ੍ਹਾਂ ਪੰਜਾਬ ਦੇ ਕਈ ਆਗੂਆਂ 'ਤੇ ਵੱਡੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਰੇਤ ਮਾਫ਼ੀਆ ਤੇ ਨਸ਼ਿਆਂ ਦੀ ਕਮਾਈ ਨਾਲ ਵਿਦੇਸ਼ਾਂ ਵਿਚ ਜਾਇਦਾਦਾਂ ਬਣਾਉਣ ਵਾਲੇ ਕਿਸੇ ਦਾ ਭਲਾ ਨਹੀਂ ਕਰ ਸਕਦੇ। ਨਵਜੋਤ ਸਿੱਧੂ ਨੇ ਕਿਹਾ ਕਿ ਉਨ੍ਹਾਂ ਕਦੇ ਵੀ ਭਾਜਪਾ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਪਿਛਲੇ ਸਮੇਂ ਦੌਰਾਨ ਭਾਜਪਾ ਹਾਈਕਮਾਂਡ ਵੱਲੋਂ ਬਾਦਲਾਂ ਨਾਲ ਕੀਤੇ ਸਮਝੌਤੇ ਕਾਰਨ ਉਨ੍ਹਾਂ ਦੇ ਮਨ ਨੂੰ ਠੇਸ ਪੁੱਜੀ ਸੀ। ਭਾਜਪਾ ਨੇ ਬਾਦਲਾਂ ਨੂੰ ਚੁਣਿਆ ਤੇ ਉਹ ਕਾਂਗਰਸ ਵਿਚ ਸਰਗਰਮ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਭਾਜਪਾ ਲੋਕ ਸਭਾ ਚੋਣਾਂ ਵਿੱਚ 400 ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹੁਣ ਬਿਹਾਰ ਤੋਂ ਬਾਅਦ ਪੰਜਾਬ ਵਿਚ ਅਜਿਹੇ ਆਗੂ ਦੀ ਭਾਲ ਵਿਚ ਹੈ ਜੋ ਚੱਲਿਆ ਹੋਇਆ ਕਾਰਤੂਸ ਨਾ ਹੋਵੇ ਤੇ ਸਿੱਖ ਚਿਹਰਾ ਹੋਵੇ।

ਉਨ੍ਹਾਂ ਕਿਹਾ, "ਅਮਿਤ ਸ਼ਾਹ ਨੇ ਮੈਨੂੰ ਪੁੱਛਿਆ ਸੀ ਕਿ ਜੇਕਰ ਭਾਜਪਾ ਤੇ ਅਕਾਲੀ ਦਲ ਇਕ-ਠਿਆਂ ਚੋਣ ਲੜਦੇ ਹਨ ਤਾਂ ਕਿੰਨੀਆਂ ਸੀਟਾਂ ਆਉਣਗੀਆਂ ਤਾਂ ਮੈਂ ਕਿਹਾ ਸੀ 'ਜ਼ੀਰੋ'। ਮੈਂ ਅਮਿਤ ਸ਼ਾਹ ਨੂੰ ਸਪੱਸ਼ਟ ਕੀਤਾ ਸੀ ਕਿ ਜੇਕਰ ਭਾਜਪਾ ਇਕੱਲਿਆਂ ਚੋਣ ਲੜਦੀ ਹੈ ਤਾਂ ਘੱਟੋ-ਘੱਟ 70 ਸੀਟਾਂ ਆਉਣਗੀਆਂ।"

ਨਵਜੋਤ ਸਿੱਧੂ ਨੇ ਕਿਹਾ ਕਿ ਅਮਿਤ ਸ਼ਾਹ ਨੇ ਮੈਨੂੰ ਰਾਜ ਸਭਾ ਦੀ ਸੀਟ ਦੇਣ ਲਈ ਬੜਾ ਦਬਾਅ ਪਾਇਆ ਸੀ ਪਰ ਮੈਂ ਦੱਸਿਆ ਸੀ ਕਿ ਉਹ ਪੰਜਾਬ ਲਈ ਹਨ ਤੇ ਪੰਜਾਬ ਲਈ ਜਿੱਤ ਹਾਸਲ ਕਰ ਕੇ ਉਹ ਪੰਜਾਬ ਦੇ ਭਲੇ ਲਈ ਹੀ ਕੰਮ ਕਰਨ ਦੇ ਇੱਛੁਕ ਹਨ। ਨਵਜੋਤ ਸਿੱਧੂ ਨੇ ਬੇਸ਼ੱਕ ਕਿਹਾ ਕਿ ਉਹ ਭਾਜਪਾ ਵਿਚ ਸ਼ਾਮਲ ਹੋਣ ਲਈ ਤਿਆਰ ਨਹੀਂ ਹਨ ਪਰ ਉਨ੍ਹਾਂ ਦੇ ਹਾਵ-ਭਾਵ ਸਪੱਸ਼ਟ ਕਰ ਰਹੇ ਹਨ ਕਿ ਉਹ ਵੱਡਾ ਫ਼ੈਸਲਾ ਲੈਣ ਲਈ ਤਿਆਰ ਹਨ। ਜ਼ਿਕਰਯੋਗ ਹੈ ਕਿ ਨਵਜੋਤਸਿੱਧੂ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਅਸਿੱਧੇ ਢੰਗ ਨਾਲ ਨਿਸ਼ਾਨੇ 'ਤੇ ਲੈ ਰਹੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਸਾਨ ਫਰਾਂਸਿਸਕੋ ਵਿੱਚ ਖਾਲਿਸਤਾਨ ਰੈਫਰੈਂਡਮ ਲਈ 127,000 ਤੋਂ ਵੱਧ ਵੋਟਾਂ ਪਈਆਂ

## ਅਗਲਾ ਪੜਾਅ ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ 31 ਮਾਰਚ ਨੂੰ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕੀ ਸਿੱਖਾਂ ਨੇ ਅਮਰੀਕੀ ਧਰਤੀ 'ਤੇ ਪਹਿਲੀ ਵਾਰ ਖਾਲਿਸਤਾਨ ਰਾਏਸ਼ੁਮਾਰੀ ਲਈ ਵੋਟ ਦਿੱਤੀ। ਭਾਰੀ ਮਤਦਾਨ ਵਿੱਚ ਸਾਨ ਫਰਾਂਸਿਸਕੋ ਆ ਕੇ ਸਿੱਖਾਂ ਨੇ 127,000 ਤੋਂ ਵੱਧ ਵੋਟਾਂ ਪਈਆਂ, ਇਸ ਵਿੱਚ ਹਰ ਉਮਰ ਦੇ ਸਿੱਖਾਂ ਨੇ ਖਾਲਿਸਤਾਨ ਦੀ ਸਿਰਜਣਾ ਲਈ ਆਪਣੀ ਵੋਟ ਪਾਉਣ ਲਈ ਸਵੇਰ ਤੋਂ ਹੀ ਕਤਾਰਾਂ ਚ ਲੱਗ ਕੇ ਵੋਟ ਪਾਈ। ਸੁਤੰਤਰ ਪੰਜਾਬ ਰੈਫਰੈਂਡਮ ਕਮਿਸ਼ਨ (ਪੀਆਰਸੀ) ਨੇ ਘੋਸ਼ਣਾ ਕੀਤੀ ਕਿ 127,000 ਸਿੱਖ ਆਪਣੀ ਵੋਟ ਪਾਉਣ ਦੇ ਯੋਗ ਸਨ ਜਦੋਂ ਕਿ ਲਗਭਗ 40000 ਤੋਂ ਉਪਰ ਕਤਾਰਾਂ ਵਿੱਚ ਲੱਗੇ ਰਹੇ ਅਤੇ ਸਮੇਂ ਦੀ ਘਾਟ ਕਾਰਨ ਵੋਟ ਨਹੀਂ ਪਾ ਸਕੇ। ਪੀਆਰਸੀ ਮੈਂਬਰ ਪਾਲ ਜੈਕਬਜ਼ ਨੇ ਐਲਾਨ ਕੀਤਾ ਕਿ ਖਾਲਿਸਤਾਨ ਰੈਫਰੈਂਡਮ ਦਾ ਅਗਲਾ ਪੜਾਅ ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ 31 ਮਾਰਚ ਨੂੰ ਹੋਵੇਗਾ ਤਾਂ ਜੋ ਆਪਣੀ ਵੋਟ ਪਾਉਣ ਵਿੱਚ ਅਸਮਰੱਥ ਲੋਕਾਂ ਨੂੰ ਸ਼ਾਮਲ ਕੀਤਾ ਜਾ ਸਕੇ। ਸੰਯੁਕਤ ਰਾਜ ਸਰਕਾਰ ਨੇ ਭਾਰਤੀ ਇਤਰਾਜ਼ਾਂ ਦੇ ਬਾਵਜੂਦ, ਖਾਲਿਸਤਾਨ ਪੱਖੀ ਵੱਖਵਾਦੀ ਸਮੂਹ ਸਿੱਖ ਫਾਰ ਜਸਟਿਸ (ਾਂਝ) ਨੂੰ ਆਪਣੀ ਧਰਤੀ 'ਤੇ ਪਹਿਲੇ ਸੋਧ ਐਕਟ ਦੇ ਤਹਿਤ ਖਾਲਿਸਤਾਨ ਆਜ਼ਾਦੀ ਰਾਏਸ਼ੁਮਾਰੀ ਕਰਵਾਉਣ ਦੀ ਇਜਾਜ਼ਤ ਦਿੱਤੀ ਸੀ। ਅਮਰੀਕਾ ਦੇ ਵਿਦੇਸ਼ ਵਿਭਾਗ ਵੱਲੋਂ ਭਾਰਤ 'ਤੇ ਸਿੱਖਸ ਫਾਰ ਜਸਟਿਸ (ਾਂਝ) ਅਤੇ ਖਾਲਿਸਤਾਨ ਰੈਫਰੈਂਡਮ ਦੇ ਮੋਢੀ ਅਤੇ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਕਰਨ ਦਾ ਖੁੱਲ੍ਹੇਆਮ ਇਲਜ਼ਾਮ ਲਾਏ ਜਾਣ ਤੋਂ ਬਾਅਦ ਭਾਰਤ ਅਤੇ ਅਮਰੀਕਾ ਵਿਚਾਲੇ ਕੂਟਨੀਤਕ ਸਬੰਧਾਂ 'ਚ ਭਾਰੀ ਗਿਰਾਵਟ ਆ ਗਈ ਹੈ। ਸੁਰੱਖਿਆ, ਸੰਯੁਕਤ ਰਾਜ ਅਮਰੀਕਾ ਦੀ ਪ੍ਰਭੂਸੱਤਾ ਦੀ ਖੁੱਲ੍ਹੀ ਉਲੰਘਣਾ ਵਿੱਚ ਅਮਰੀਕੀ ਧਰਤੀ 'ਤੇ ਇਹ ਵੋਟਿੰਗ ਉਸ ਸਮੇਂ ਹੋਈ ਜਦੋਂ ਭਾਰਤ ਅਮਰੀਕਾ ਤੋਂ ਖਾਲਿਸਤਾਨੀ ਸਿੱਖਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰ ਰਿਹਾ ਸੀ, ਜਿਨ੍ਹਾਂ ਨੇ ਕੁਝ ਹਫਤੇ ਪਹਿਲਾਂ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ 'ਤੇ ਹਮਲਾ ਕੀਤਾ ਸੀ। ਵੋਟਿੰਗ ਬੰਦ ਹੋਣ ਤੋਂ ਬਾਅਦ ਪੰਨੂ ਨੇ ਹਜ਼ਾਰਾਂ ਸਿੱਖਾਂ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਕੈਨੇਡੀਅਨ ਅਤੇ ਅਮਰੀਕੀ ਸਰਕਾਰਾਂ ਦੁਆਰਾ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਭਾਰਤ ਵਿਰੁੱਧ ਮੁਹਿੰਮ ਤੇਜ਼ ਹੋ ਜਾਵੇਗੀ ਕਿ ਭਾਰਤ ਉਨ੍ਹਾਂ ਸਿੱਖਾਂ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹੈ ਜੋ ਵੱਖਰੇ ਸਿੱਖ ਹੋਮਲੈਂਡ ਲਈ ਆਪਣੇ ਸਵੈ-ਨਿਰਣੇ ਦਾ ਹੱਕ ਮੰਗ ਰਹੇ ਹਨ। ਪੰਨੂ ਨੇ ਕਿਹਾ ਕਿ ਸਿੱਖ ਸ਼ਹੀਦਾਂ ਦਾ ਜਜ਼ਬਾ ਜ਼ਿੰਦਾ ਹੈ ਅਤੇ ਲੱਖਾਂ ਸਿੱਖਾਂ ਨੂੰ ਭਾਰਤ ਨਾਲ ਲੜਨ ਲਈ ਪ੍ਰੇਰਿਤ ਕਰਦਾ ਰਹੇਗਾ ਅਤੇ ਭਾਰਤ ਤੋਂ ਧਮਕੀਆਂ ਮਿਲਣ ਵਾਲੇ ਸਿੱਖ ਡਰਨ ਵਾਲੇ ਨਹੀਂ ਹਨ। ਸਿੱਖਸ ਫਾਰ ਜਸਟਿਸ ਦੇ ਪ੍ਰਧਾਨ ਅਵਤਾਰ ਸਿੰਘ ਪੰਨੂੰ ਤੇ ਸਹਿ-ਸੰਸਥਾਪਕ ਡਾਕਟਰ ਬਖਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਮਤਦਾਨ ਸ਼ਾਨਦਾਰ ਰਿਹਾ। "ਸਾਨੂੰ ਇਸ ਬਾਰੇ ਚੰਗਾ ਲੱਗਦਾ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪੰਜਾਬ ਨੂੰ ਭਾਰਤੀ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਖਾਲਿਸਤਾਨੀ ਜਨਮਤ ਸੰਗ੍ਰਹਿ ਲਈ ਵੋਟ ਦੇਣ ਲਈ ਇੱਥੇ ਆਏ ਹਨ। ਅਸੀਂ ਸੰਭਵ ਤੌਰ 'ਤੇ ਵੱਧ ਤੋਂ ਵੱਧ ਵੋਟਾਂ ਇਕੱਠੀਆਂ ਕਰ ਰਹੇ ਹਾਂ, ਅਤੇ ਫਿਰ ਸੰਯੁਕਤ ਰਾਸ਼ਟਰ ਦੁਆਰਾ ਸੰਯੁਕਤ ਰਾਸ਼ਟਰ ਦੁਆਰਾ 2025 ਤੱਕ ਇੱਕ ਬਾਈਡਿੰਗ ਜਨਮਤ ਸੰਗ੍ਰਹਿ ਕਰਵਾਉਣ ਲਈ ਅੱਗੇ ਵਧਦੇ ਹਾਂ। 'ਚਮਕਦਾਰ ਪੀਲੇ ਅਤੇ ਨੀਲੇ ਝੰਡੇ ਲਹਿਰਾਉਂਦੇ ਹੋਏ, ਹਜ਼ਾਰਾਂ ਸਿੱਖ ਐਤਵਾਰ ਨੂੰ ਕਾਰਾਂ, ਬੱਸਾਂ ਅਤੇ ਰੇਲਗੱਡੀਆਂ ਵਿੱਚ ਸੈਨ ਫਰਾਂਸਿਸਕੋ ਵਿੱਚ ਆਪਣੇ ਇੱਕ ਨਵੇਂ ਦੇਸ਼ ਲਈ ਵੋਟ ਪਾਉਣ ਲਈ ਪਹੁੰਚੇ। ਕੈਲੀਫੋਰਨੀਆ ਵਿੱਚ ਲਗਭਗ 250,000 ਸਿੱਖ ਰਹਿੰਦੇ ਹਨ, ਮੁੱਖ ਤੌਰ 'ਤੇ ਕੇਂਦਰੀ ਘਾਟੀ ਜਾਂ ਖਾੜੀ ਖੇਤਰ ਵਿੱਚ। ਸਾਨ ਫਰਾਂਸਿਸਕੋ ਵਿੱਚ 28 ਜਨਵਰੀ ਨੂੰ ਹੋਈ ਬੈਲਟ ਤੋਂ ਬਾਅਦ ਲੰਡਨ, ਜਿਨੇਵਾ, ਰੋਮ, ਕੈਨੇਡਾ ਅਤੇ ਆਸਟ੍ਰੇਲੀਆ ਦੇ ਕਈ ਸ਼ਹਿਰਾਂ ਸਮੇਤ ਯੂਕੇ ਦੇ ਕਈ ਸ਼ਹਿਰਾਂ ਵਿੱਚ ਵੋਟਾਂ ਪਈਆਂ, ਜਿੱਥੇ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਖਾਲਿਸਤਾਨ ਰਾਏਸ਼ੁਮਾਰੀ ਦਾ ਅਮਰੀਕੀ ਪੜਾਅ ਸਿਵਿਕ ਸੈਂਟਰ ਪਲਾਜ਼ਾ ਵਿਖੇ ਹੋਇਆ, ਜਿਸਦੀ ਮਲਕੀਅਤ ਅਤੇ ਸੈਨ ਫਰਾਂਸਿਸਕੋ ਸਿਟੀ ਦੁਆਰਾ ਸੰਚਾਲਿਤ ਕੀਤਾ ਗਿਆ। ਵਰਨਣਯੋਗ ਹੈ ਕਿ ਜਦੋਂ ਗੁਰਪਤਵੰਤ ਸਿੰਘ ਪੰਨੂੰ ਸਟੇਜ ਵੱਲ ਆ ਰਿਹਾ ਸੀ ਤਾਂ ਉਸਦੀ ਸ਼ੇਰ ਵਰਗੀ ਦਹਾੜ ਤੇ ਅਮਰੀਕਾ ਦੀਆਂ ਏਜੰਸੀਆਂ ਤੇ ਸਿਵਲ ਪੁਲੀਸ ਵਿੱਚ ਘਿਰਿਆ ਹੋਇਆ ਸੀ ਤੇ ਲੋਕ ਉਸਨੂੰ ਭੱਜ ਭੱਜ ਕੇ ਦੇਖ ਰਹੇ ਸਨ ਜਿਵੇਂ ਕਿਸੇ ਸੰਤ ਸਾਧੂ ਦੁਆਲੇ ਦਰਸ਼ਨਾਂ ਕਰਨ ਲਈ ਭੀੜ ਲੱਗੀ ਹੋਵੇ।

ਇਸ ਮੌਕੇ ਸਿੱਖ ਬੀਬੀਆਂ ਨੇ ਭਾਰੀ ਗਿਣਤੀ ਸਮੂਲੀਅਤ ਕੀਤੀ। ਵੱਖ ਵੱਖ ਥਾਵਾਂ ਤੌਂ ਸਿੱਖ ਭਾਈਚਾਰ ਬੱਸ਼ਾਂ ਤੇ ਹੋਰ ਸਾਧਨਾਂ ਰਾਹੀਂ ਇਸ ਰੈਫਰੈਂਡਮ 'ਚ ਪਹੁੰਚਿਆ। ਖਾਲਿਸਤਾਨ ਰੈਫਰੈਂਡਮ ਦਾ ਅਗਲਾ ਪੜਾਅ ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ 31 ਮਾਰਚ ਨੂੰ ਹੋਵੇਗਾ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਖੁਸ਼ਹਾਲੀ ਦਾ ਮਾਰਗ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।


ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**
**ਕੌਮੀ ਉਡਾਰੀਆਂ (ਜਲੰਧਰ)**
14 ਜਨਵਰੀ 1986 'ਚੋਂ ਧੰਨਵਾਦ ਸਹਿਤ

ਅਦਾਰਾ 'ਦੇਸ਼ ਦੁਆਬਾ' ਸ੍ਰੀ ਸੀ. ਐਲ. ਚੁੰਬਰ ਨੂੰ ਉਹਨਾਂ ਦੀ 8ਵੀਂ ਬਰਸੀ 'ਤੇ ਸ਼ਰਧਾਂਜਲੀ ਦਿੰਦਾ ਹੋਇਆ, ਉਹਨਾਂ ਦੀ ਇਕ ਸੰਪਾਦਕੀ ਨੂੰ ਯਾਦ ਵਜੋਂ ਪੇਸ਼ ਕਰਦਾ ਹੈ।

# ਸੰਵਿਧਾਨਕ ਸੰਸਥਾਵਾਂ ਦੀ ਸਾਖ਼ ਦਾਅ 'ਤੇ



ਕਪਿਲ ਸਿੱਬਲ

ਬੀਤੇ ਦਿਨੀਂ ਨੋਇਡਾ ਵਿਚ ਇਕ ਕਨਵੈਨਸ਼ਨ ਦੌਰਾਨ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਇਕ ਮਹੱਤਵਪੂਰਨ ਮੁੱਦਾ ਛੇੜਿਆ। ਇਸ ਦੀ ਪੜਤਾਲ ਜ਼ਰੂਰੀ ਹੈ। ਉਨ੍ਹਾਂ ਦਾ ਸੰਕੇਤ ਸੀ ਕਿ ਵਿਰੋਧੀ ਪਾਰਟੀਆਂ ਦੁਆਰਾ ਸੰਵਿਧਾਨਕ ਸੰਸਥਾਵਾਂ ਦਾ ਵੱਕਾਰ ਮਿੱਟੀ ਵਿਚ ਮਿਲਾਇਆ ਜਾ ਰਿਹਾ ਹੈ। ਉਨ੍ਹਾਂ ਦਾ ਇਸ਼ਾਰਾ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਵੱਲ ਸੀ ਜਿਨ੍ਹਾਂ ਨੇ ਸੰਸਦ ਦੇ ਸਾਹਮਣੇ ਉਨ੍ਹਾਂ ਦੀ ਨਕਲ ਉਤਾਰੀ ਸੀ। ਕਿਸੇ ਦੀ ਨਕਲ ਉਤਾਰਨ ਵਿਚ ਆਖ਼ਰ ਕੀ ਹਰਜ ਹੈ? ਇਸ ਸਵਾਲ 'ਤੇ ਮੰਥਨ ਕਰਨ ਤੋਂ ਪਹਿਲਾਂ ਇਸ ਸਵਾਲ 'ਤੇ ਵਿਚਾਰ ਕਰਦੇ ਹਾਂ ਕਿ ਦੇਸ਼ ਵਿਚ ਸੰਵਿਧਾਨਕ ਸੰਸਥਾਵਾਂ ਨੂੰ ਕੌਣ ਨੁਕਸਾਨ ਪਹੁੰਚਾ ਰਿਹਾ ਹੈ? ਹਾਲੀਆ ਦੌਰ ਵਿਚ ਰਾਜਪਾਲਾਂ ਨਾਲ ਜੁੜੇ ਕਈ ਮਾਮਲੇ ਚਰਚਿਤ ਰਹੇ ਹਨ। ਰਾਜਪਾਲ ਕੇਂਦਰ ਸਰਕਾਰ ਅਤੇ ਸੂਬਿਆਂ ਵਿਚਾਲੇ ਇਕ ਮਹੱਤਵਪੂਰਨ ਕੜੀ ਹਨ।

ਸੰਵਿਧਾਨ ਮੁਤਾਬਕ ਰਾਜਪਾਲ ਸੂਬੇ ਦੀ ਵਿਧਾਨ ਸਭਾ ਦਾ ਅੰਗ ਹੁੰਦਾ ਹੈ। ਜਦ ਸੂਬੇ ਦੀ ਵਿਧਾਨ ਸਭਾ ਕੋਈ ਬਿੱਲ ਪਾਸ ਕਰ ਕੇ ਉਸ ਨੂੰ ਰਾਜਪਾਲ ਅੱਗੇ ਵਿਚਾਰ ਲਈ ਭੇਜਦੀ ਹੈ ਤਦ ਰਾਜਪਾਲ ਕੋਲ ਤਿੰਨ ਬਦਲ ਹੁੰਦੇ ਹਨ। ਪਹਿਲਾ ਇਹ ਕਿ ਉਹ ਬਿੱਲ ਨੂੰ ਮਨਜ਼ੂਰੀ ਪ੍ਰਦਾਨ ਕਰਨ ਤਾਂ ਕਿ ਸਬੰਧਤ ਬਿੱਲ ਕਾਨੂੰਨ ਬਣ ਜਾਵੇ। ਦੂਜਾ, ਇਹ ਕਿ ਜੇ ਕਾਨੂੰਨੀ ਪੱਧਰ 'ਤੇ ਉਨ੍ਹਾਂ ਨੂੰ ਕੋਈ ਖਾਮੀ ਨਜ਼ਰ ਆਵੇ ਤਾਂ ਉਹ ਉਸ ਨੂੰ ਰਾਸ਼ਟਰਪਤੀ ਕੋਲ ਵਿਚਾਰ ਲਈ ਭੇਜ ਸਕਦੇ ਹਨ। ਤੀਜਾ ਬਦਲ ਇਹ ਹੁੰਦਾ ਹੈ ਕਿ ਉਹ ਆਪਣੀ ਟਿੱਪਣੀ ਦੇ ਨਾਲ ਬਿੱਲ ਵਾਪਸ ਵਿਧਾਨ ਸਭਾ ਨੂੰ ਭੇਜ ਦੇਣ। ਜੇ ਵਿਧਾਨ ਸਭਾ ਉਸ ਨੂੰ ਮੁੜ ਪਾਸ ਕਰ ਕੇ ਉਨ੍ਹਾਂ ਨੂੰ ਵਾਪਸ ਭੇਜ ਦੇਵੇ ਤਦ ਰਾਜਪਾਲ ਕੋਲ ਉਸ ਨੂੰ ਮਨਜ਼ੂਰੀ ਦੇਣ ਤੋਂ ਇਲਾਵਾ ਹੋਰ ਕੋਈ ਬਦਲ ਬਾਕੀ ਨਹੀਂ ਰਹਿ ਜਾਂਦਾ। ਸਮੇਂ-ਸਮੇਂ 'ਤੇ ਇਹ ਦੇਖਣ ਵਿਚ ਆਇਆ ਹੈ ਕਿ ਵਿਰੋਧੀ ਪਾਰਟੀਆਂ ਦੀ ਹਕੂਮਤ ਵਾਲੇ ਸੂਬਿਆਂ ਵਿਚ ਰਾਜਪਾਲ ਮਹੀਨਿਆਂ ਤੱਕ ਬਿੱਲਾਂ ਨੂੰ ਲਟਕਾਈ ਰੱਖਦੇ ਹਨ।

ਉਹ ਸੰਵਿਧਾਨਕ ਕਦਰਾਂ-ਕੀਮਤਾਂ ਤੋਂ ਉਲਟ ਕੇਂਦਰ ਦੇ ਅਜਿਹੇ ਦੂਤ ਦੇ ਰੂਪ ਵਿਚ ਕੰਮ ਕਰਦੇ ਹਨ ਜਿਸ ਦਾ ਨਤੀਜਾ ਅਕਸਰ ਸੂਬੇ ਦੇ ਹਿੱਤਾਂ ਦੇ ਉਲਟ ਨਿਕਲਦਾ ਹੈ। ਬੀਤੇ ਕੁਝ ਸਮੇਂ ਵਿਚ ਤਾਮਿਲਨਾਡੂ, ਬੰਗਾਲ, ਕੇਰਲ ਤੇ ਪੰਜਾਬ ਦੇ ਰਾਜਪਾਲਾਂ ਅਤੇ ਦਿੱਲੀ ਦੇ ਉਪ ਰਾਜਪਾਲ ਦੀ ਕਾਰਜਪ੍ਰਣਾਲੀ ਤੋਂ ਇਹੀ ਪ੍ਰਗਟ ਹੁੰਦਾ ਹੈ। ਅਜਿਹਾ ਉਨ੍ਹਾਂ ਸੂਬਿਆਂ ਵਿਚ ਦਿਸਦਾ ਹੈ ਜਿੱਥੇ ਵਿਰੋਧੀ ਪਾਰਟੀਆਂ ਸੱਤਾ ਵਿਚ ਹਨ। ਕਈ ਮਾਮਲਿਆਂ ਵਿਚ ਰਾਜਪਾਲ ਰਾਜ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਅਸਥਿਰ ਕਰਦੇ ਹੋਏ ਵੀ ਨਜ਼ਰ ਆਏ ਹਨ।

ਅਜਿਹੇ ਵਿਚ ਹੈਰਾਨੀ ਹੁੰਦੀ ਹੈ ਕਿ ਰਾਜਪਾਲ ਵਰਗੀਆਂ ਸੰਸਥਾਵਾਂ ਨੂੰ ਆਖ਼ਰ ਕੌਣ ਬਦਨਾਮ ਕਰ ਰਿਹਾ ਹੈ? ਕੇਂਦਰ ਵਿਚ ਸੱਤਾ ਸੰਭਾਲ ਰਹੀ ਧਿਰ ਵੱਲੋਂ ਚੋਣ ਕਮਿਸ਼ਨ ਵਰਗੀ ਸੰਸਥਾ ਦੇ ਵੱਕਾਰ ਨੂੰ ਵੀ ਢਾਹ ਲਾਈ ਜਾ ਰਹੀ ਹੈ। ਹਾਲੀਆ ਸਮੇਂ ਵਿਚ ਚੋਣ ਕਮਿਸ਼ਨ ਆਪਣੇ ਸੰਵਿਧਾਨਕ ਫ਼ਰਜ਼ਾਂ ਨੂੰ ਨਿਭਾਉਂਦਾ ਨਹੀਂ ਦਿਸਿਆ।

ਚੋਣ ਪ੍ਰਕਿਰਿਆ ਦੌਰਾਨ ਸੱਤਾਧਾਰੀ ਪਾਰਟੀ ਦੇ ਕਿਸੇ ਨੇਤਾ 'ਤੇ ਸ਼ਾਇਦ ਹੀ ਕੋਈ ਕਾਰਵਾਈ ਕੀਤੀ ਜਾਂਦੀ ਹੋਵੇ ਜਦਕਿ ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦਾ ਕੋਈ ਮੌਕਾ ਨਹੀਂ ਛੱਡਿਆ ਜਾਂਦਾ। ਘੱਟ ਤੋਂ ਘੱਟ 2014 ਤੋਂ ਬਾਅਦ ਇਹ ਸਿਲਸਿਲਾ ਹੋਰ ਤੇਜ਼ ਹੋਇਆ ਹੈ। ਅਜਿਹੇ ਵਿਚ ਵਿਚਾਰ ਕੀਤਾ ਜਾਵੇ ਕਿ ਆਖ਼ਰ ਸੰਸਥਾਵਾਂ ਦਾ ਵੱਕਾਰ ਕੌਣ ਮਿੱਟੀ ਵਿਚ ਮਿਲਾ ਰਿਹਾ ਹੈ?

ਸੰਵਿਧਾਨਕ ਸੰਸਥਾਵਾਂ ਤੋਂ ਇਲਾਵਾ ਹੋਰ ਸੰਸਥਾਵਾਂ ਦੀ ਕਾਰਜਪ੍ਰਣਾਲੀ ਕਸੌਟੀ 'ਤੇ ਖ਼ਰੀ ਨਹੀਂ ਉਤਰ ਪਾ ਰਹੀ ਹੈ। ਰਾਸ਼ਟਰੀ ਜਾਂਚ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਤਾਂ ਚੁਣ-ਚੁਣ ਕੇ ਨਿਸ਼ਾਨਾ ਬਣਾਉਣ ਵਿਚ ਲੱਗੀਆਂ ਹੋਈਆਂ ਹਨ ਜਦਕਿ ਪਾਲਾ ਬਦਲ ਕੇ ਭਾਜਪਾ ਦਾ ਪੱਲਾ ਫੜਨ ਵਾਲੇ ਨੇਤਾਵਾਂ ਵਿਰੁੱਧ ਕਾਰਵਾਈ 'ਤੇ ਵਿਰਾਮ ਲਾ ਦਿੱਤਾ ਜਾਂਦਾ ਹੈ। ਇਨ੍ਹਾਂ ਸੰਸਥਾਵਾਂ ਦੀ ਸਾਖ਼ ਨੂੰ ਤਾਰ-ਤਾਰ ਕੌਣ ਕਰ ਰਿਹਾ ਹੈ? ਜਿੱਥੇ ਤੱਕ ਉੱਪ-ਰਾਸ਼ਟਰਪਤੀ ਦੁਆਰਾ ਮਮਿੱਕਰੀ ਦਾ ਮੁੱਦਾ ਚੁੱਕਣ ਦੀ ਗੱਲ ਹੈ ਤਾਂ ਮੈਂ ਇਹ ਚੇਤੇ ਕਰਵਾ ਸਕਦਾ ਹਾਂ ਕਿ ਕਈ ਵਾਰ ਭਾਜਪਾ ਨੇਤਾ ਹੀ ਅਜਿਹਾ ਕਰ ਚੁੱਕੇ ਹਨ। ਇੱਥੋਂ ਤੱਕ ਕਿ ਉਨ੍ਹਾਂ ਦੁਆਰਾ ਲੋਕ ਸਭਾ ਵਿਚ ਅਜਿਹਾ ਕੀਤਾ ਗਿਆ।

ਮੈਨੂੰ ਇਹ ਵੀ ਚੇਤੇ ਹੈ ਕਿ ਕਈ ਵਾਰ ਦੂਸਰਿਆਂ ਨੇ ਲੋਕ ਸਭਾ ਦੇ ਸਪੀਕਰ ਦੀ ਵੀ ਨਕਲ ਉਤਾਰੀ। ਮੈਂ ਮਮਿੱਕਰੀ ਦੇ ਮਾਮਲੇ ਦੇ ਗੁਣ-ਦੋਸ਼ ਦੀ ਚਰਚਾ ਨਹੀਂ ਕਰਨੀ ਚਾਹੁੰਦਾ ਪਰ ਇਸ ਵਿਚ ਜਾਤ ਦੀ ਬੇਇੱਜ਼ਤੀ ਦਾ ਮੁੱਦਾ ਉਛਾਲਣ ਦੀ ਕੋਈ ਤੁਕ ਨਹੀਂ ਸੀ ਜਿਸ ਦਾ ਯਤਨ ਚੇਅਰਮੈਨ ਸਾਹਿਬ ਨੇ ਕੀਤਾ। ਇਸ ਨੂੰ ਜਾਤ ਦੇ ਨਜ਼ਰੀਏ ਨਾਲ ਤੂਲ ਦੇਣਾ ਬੇਹੱਦ ਮੰਦਭਾਗਾ ਹੈ।

ਰਾਜ ਸਭਾ ਦੇ ਚੇਅਰਮੈਨ ਇਕ ਮੰਨੇ-ਪ੍ਰਮੰਨੇ ਵਕੀਲ ਵੀ ਹਨ ਅਤੇ ਮੈਂ ਪੂਰੇ ਸਨਮਾਨ ਨਾਲ ਉਨ੍ਹਾਂ ਨੂੰ ਇਹ ਵੀ ਚੇਤੇ ਕਰਵਾਉਣਾ ਚਾਹੁੰਦਾ ਹਾਂ ਕਿ ਸੰਸਦ ਦੇ ਰਿਟਰਨਿੰਗ ਅਫ਼ਸਰਾਂ ਨੂੰ ਨਿਰਪੱਖਤਾ ਦਾ ਸਬੂਤ ਦੇਣਾ ਚਾਹੀਦਾ ਹੈ। ਸਰਕਾਰੀਆ ਕਮਿਸ਼ਨ ਨੇ ਤਾਂ ਇੱਥੋਂ ਤੱਕ ਸੁਝਾਇਆ ਸੀ ਕਿ ਅਜਿਹੇ ਅਹੁਦਿਆਂ 'ਤੇ ਗ਼ੈਰ-ਸਿਆਸੀ ਵਿਅਕਤੀਆਂ ਦੀ ਨਿਯੁਕਤੀ ਹੋਣੀ ਚਾਹੀਦੀ ਹੈ। ਇਸ ਸੰਸਥਾ ਦੇ ਪੱਧਰ 'ਤੇ ਵੀ 2014 ਤੋਂ ਬਾਅਦ ਤੋਂ ਨਿਘਾਰ ਦੀ ਸਥਿਤੀ ਦਿਸੀ ਹੈ। ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਸਕੂਲੀ ਵਿਦਿਆਰਥੀਆਂ ਦੀ ਤਰ੍ਹਾਂ ਡਾਂਟਿਆ-ਫਟਕਾਰਿਆ ਜਾ ਰਿਹਾ ਹੈ। ਇਸ ਤਰ੍ਹਾਂ ਦਰਸਾਇਆ ਜਾ ਰਿਹਾ ਹੈ ਕਿ ਸੰਸਦ ਨੂੰ ਸੁਚਾਰੂ ਰੂਪ ਨਾਲ ਚਲਾਉਣਾ ਸਿਰਫ਼ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਹੈ ਜਦਕਿ ਇਸ ਦਾ ਮੂਲ ਫ਼ਰਜ਼ ਤਾਂ ਸੱਤਾ ਧਿਰ ਦਾ ਹੈ।

ਸੰਸਦ ਦੇ ਸਰਦ ਰੁੱਤ ਇਜਲਾਸ ਵਿਚ ਲੋਕ ਸਭਾ ਦੇ 100 ਤੇ ਰਾਜ ਸਭਾ ਦੇ 46 ਮੈਂਬਰਾਂ ਦੀ ਜਿਸ ਤਰ੍ਹਾਂ ਮੁਅੱਤਲੀ ਕੀਤੀ ਗਈ, ਉਹ ਭਾਰਤ ਦੇ ਸੰਸਦੀ ਇਤਿਹਾਸ ਵਿਚ ਇਕ ਰਿਕਾਰਡ ਹੈ। ਮੁਅੱਤਲੀ ਦੀਆਂ ਕੜੀਆਂ ਸੰਸਦ ਦੀ ਸੁਰੱਖਿਆ ਵਿਚ ਸੰਨ੍ਹਮਾਰੀ ਦੇ ਸਵਾਲ ਨਾਲ ਜੁੜੀਆਂ ਹੋਈਆਂ ਹਨ। ਸੰਸਦ ਦੀ ਸੁਰੱਖਿਆ ਵਿਚ ਸੰਨ੍ਹਮਾਰੀ ਸਾਡੇ ਲੋਕ-ਨੁਮਾਇੰਦਿਆਂ ਦੇ ਜੀਵਨ ਲਈ ਖ਼ਤਰਾ ਤੱਕ ਹੋ ਸਕਦੀ ਸੀ। ਮੇਰਾ ਮੰਨਣਾ ਹੈ ਕਿ ਇਹ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਸੀ ਕਿ ਉਹ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਜਵਾਬ ਦੀ ਮੰਗ ਕਰੇ।

ਅਜਿਹਾ ਨਾ ਕਰਨਾ ਸੰਸਦ ਮੈਂਬਰ ਦੇ ਤੌਰ 'ਤੇ ਉਨ੍ਹਾਂ ਦਾ ਜ਼ਿੰਮੇਵਾਰੀ ਤੋਂ ਮੂੰਹ ਮੋੜਨਾ ਹੁੰਦਾ। ਅਸਲ ਵਿਚ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨੂੰ ਸਵੈ-ਇੱਛੁਕ ਤੌਰ 'ਤੇ ਇਸ ਮਾਮਲੇ ਵਿਚ ਆ ਕੇ ਬਿਆਨ ਦੇਣਾ ਚਾਹੀਦਾ ਸੀ ਪਰ ਉਨ੍ਹਾਂ ਨੇ ਅਜਿਹਾ ਕਰਨਾ ਮੁਨਾਸਿਬ ਨਾ ਸਮਝਿਆ ਜੋ ਬਹੁਤ ਮੰਦਭਾਗਾ ਰੁਝਾਨ ਹੈ। ਵਿਰੋਧੀ ਧਿਰ ਨੂੰ ਤਾਂ ਇਸ ਦੀ ਮੰਗ ਕਰਨ ਦੀ ਲੋੜ ਹੀ ਨਹੀਂ ਪੈਣੀ ਚਾਹੀਦੀ ਸੀ। ਅਜਿਹਾ ਨਾ ਕਰ ਕੇ ਉਲਟਾ ਵਿਰੋਧੀ ਧਿਰ ਦੇ ਸਵਾਲਾਂ ਦੀ ਇਸ ਤਰ੍ਹਾਂ ਅਣਦੇਖੀ ਕਰ ਕੇ ਸਰਕਾਰ ਨੇ ਇਹੀ ਦਰਸਾਇਆ ਕਿ ਸੰਸਦ ਪ੍ਰਤੀ ਉਸ ਦੇ ਸਨਮਾਨ ਦਾ ਪੱਧਰ ਕੀ ਹੈ।

ਸਰਕਾਰ ਦੇ ਅਜਿਹੇ ਵਤੀਰੇ ਨਾਲ ਹੀ ਵਿਰੋਧੀ ਪਾਰਟੀਆਂ ਨੂੰ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਦਾ ਨਤੀਜਾ ਆਖ਼ਰ ਉਨ੍ਹਾਂ ਦੀ ਮੁਅੱਤਲੀ ਦੇ ਰੂਪ ਵਿਚ ਨਿਕਲਿਆ। ਸਰਕਾਰ ਦਾ ਇਹ ਹੈਂਕੜ ਭਰਪੂਰ ਵਤੀਰਾ ਲੋਕਤੰਤਰ ਲਈ ਘਾਤਕ ਹੈ ਤੇ ਇਸ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਅਜਿਹੀ ਸਥਿਤੀ ਵਿਚ ਮੈਂ ਫਿਰ ਤੋਂ ਪੁੱਛਣਾ ਚਾਹਾਂਗਾ ਕਿ ਸੰਸਥਾਵਾਂ ਦਾ ਅਕਸ ਮਿੱਟੀ ਵਿਚ ਮਿਲਾਉਣ ਲਈ ਜ਼ਿੰਮੇਵਾਰ ਕੌਣ ਹੈ? ਹੁਣ ਕਿਉਂਕਿ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਿੱਛੇ ਛੱਡ ਕੇ ਨਵੇਂ ਸਾਲ ਵਿਚ ਦਾਖ਼ਲ ਹੋ ਚੁੱਕੇ ਹਾਂ ਤਾਂ ਨਾ ਸਿਰਫ਼ ਵਿਰੋਧੀ ਧਿਰ ਬਲਕਿ ਸਰਕਾਰ ਵਿਚ ਬੈਠੇ ਲੋਕਾਂ ਨੂੰ ਵੀ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਨਵੇਂ ਸਾਲ ਵਿਚ ਸਾਨੂੰ ਸੰਸਦ ਨੂੰ ਉਨ੍ਹਾਂ ਕਦਰਾਂ-ਕੀਮਤਾਂ ਮੁਤਾਬਕ ਚਲਾਉਣ ਦਾ ਯਤਨ ਕਰਨਾ ਹੋਵੇਗਾ ਜਿਨ੍ਹਾਂ ਦੇ ਆਧਾਰ 'ਤੇ ਇਸ ਸੰਸਥਾ ਦੀ ਸਥਾਪਨਾ ਹੋਈ ਸੀ।

ਮੈਨੂੰ ਯਕੀਨ ਹੈ ਕਿ ਰਾਜ ਸਭਾ ਦੇ ਚੇਅਰਮੈਨ ਸਾਹਿਬ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀ ਤੋਂ ਭਲੀਭਾਂਤ ਜਾਣੂ ਹੋਣ ਦੇ ਨਾਲ ਹੀ ਉਨ੍ਹਾਂ ਤੋਂ ਵੀ ਜਾਣੂ ਹੋਣਗੇ ਜੋ ਮੌਜੂਦਾ ਅੜਿੱਕੇ ਤੇ ਗੜਬੜੀਆਂ ਲਈ ਜ਼ਿੰਮੇਵਾਰ ਹਨ। ਉੱਚ ਸੰਵਿਧਾਨਕ ਅਹੁਦਿਆਂ 'ਤੇ ਤਾਇਨਾਤ ਸ਼ਖ਼ਸੀਅਤਾਂ ਨੂੰ ਆਪਣੇ ਅਹੁਦੇ ਦਾ ਮਾਣ-ਤਾਣ ਕਾਇਮ ਰੱਖਣਾ ਚਾਹੀਦਾ ਹੈ। ਉਨ੍ਹਾਂ ਦੇ ਫ਼ੈਸਲਿਆਂ 'ਚ ਕਿਸੇ ਪਾਰਟੀ ਜਾਂ ਧਰਮ ਦਾ ਕੋਈ ਅਕਸ ਨਹੀਂ ਝਲਕਣਾ ਚਾਹੀਦਾ।

ਇਹ ਅਹੁਦੇ ਪੂਰੀ ਤਰ੍ਹਾਂ ਧਰਮ-ਨਿਰਪੱਖ ਅਤੇ ਜਾਤ-ਪਾਤ ਤੋਂ ਰਹਿਤ ਹੋਣੇ ਚਾਹੀਦੇ ਹਨ। ਉੱਪ ਰਾਸ਼ਟਰਪਤੀ ਵੱਲੋਂ ਆਪਣੀ ਜਾਤ ਦਾ ਮੁੱਦਾ ਚੁੱਕਣਾ ਰੜਕਦਾ ਹੈ। ਇਹ ਅਹੁਦੇ ਸਾਰੀਆਂ ਪਾਰਟੀਆਂ ਤੇ ਸਾਰੇ ਧਰਮਾਂ ਦੇ ਲੋਕਾਂ ਲਈ ਹਨ। ਆਸ ਹੈ ਕਿ ਸੱਤਾਧਾਰੀ ਧਿਰ ਇਸ ਪਾਸੇ ਜ਼ਰੂਰ ਧਿਆਨ ਦੇਵੇਗੀ।

# ਮਹਾਰਾਜਾ ਚਾਰਲਸ ਕੈਂਸਰ ਤੋਂ ਪੀੜਤ

**ਲੰਡਨ-** ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਨੂੰ ਕੈਂਸਰ ਹੋਣ ਦੀ ਪੁਸ਼ਟੀ ਹੋਈ ਹੈ। ਬਕਿੰਘਮ ਪੈਲੇਸ ਨੇ ਅੱਜ ਦੱਸਿਆ ਕਿ ਉਨ੍ਹਾਂ ਦਾ ਨਿਯਮਤ ਇਲਾਜ ਸ਼ੁਰੂ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਚਾਰਲਸ ਦਾ ਪ੍ਰੋਸਟੇਟ ਵਧਣ ਲਈ ਇਲਾਜ ਕੀਤਾ ਗਿਆ ਸੀ। ਇਸੇ ਦੌਰਾਨ ਡਾਕਟਰਾਂ ਨੂੰ ਕੈਂਸਰ ਬਾਰੇ ਪਤਾ ਲੱਗਿਆ। ਕੈਂਸਰ ਦੀ ਪੁਸ਼ਟੀ ਹੋਣ ਮਗਰੋਂ ਫਿਲਹਾਲ ਡਾਕਟਰੀ ਸਲਾਹ ਉਤੇ ਚਾਰਲਸ ਆਪਣੀਆਂ ਜਨਤਕ ਜ਼ਿੰਮੇਵਾਰੀਆਂ ਤੋਂ ਪਾਸੇ ਹੋ ਰਹੇ ਹਨ। ਉਨ੍ਹਾਂ ਨੂੰ ਹੋਏ ਕੈਂਸਰ ਦੀ ਕਿਸਮ ਬਾਰੇ ਹਾਲੇ ਨਹੀਂ ਦੱਸਿਆ ਗਿਆ ਹੈ। ਬਕਿੰਘਮ ਪੈਲੇਸ ਮੁਤਾਬਕ ਉਹ ਮੁਲਕ ਦੇ ਮੁਖੀ ਵਜੋਂ ਜ਼ਰੂਰੀ ਕਾਗਜ਼ੀ ਕਾਰਵਾਈਆਂ ਤੇ ਪ੍ਰਾਈਵੇਟ ਮੀਟਿੰਗਾਂ ਕਰਦੇ ਰਹਿਣਗੇ। ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਮਹਾਰਾਜਾ ਚਾਰਲਸ ਦੇ ਜਲਦੀ ਤੇ ਪੂਰੀ ਤਰ੍ਹਾਂ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ



ਮਹਾਰਾਜਾ ਚਾਰਲਸ ਦੇ ਜਲਦੀ ਤੰਦਰੁਸਤ ਹੋਣ ਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਹੈ। ਲੇਬਰ ਪਾਰਟੀ ਦੇ ਆਗੂ ਸਰ ਕੀਰ ਸਟਾਰਮਰ ਤੇ ਕਾਮਨਜ਼ ਦੇ ਸਪੀਕਰ ਨੇ ਵੀ ਉਨ੍ਹਾਂ ਦੇ ਜਲਦੀ ਤੰਦਰੁਸਤ ਹੋਣ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਉਹ ਮਹਾਰਾਜੇ ਨਾਲ ਗੱਲ ਕਰਨਗੇ। ਵੇਰਵਿਆਂ ਮੁਤਾਬਕ ਚਾਰਲਸ ਨੇ ਆਪਣੇ ਪੁੱਤਰਾਂ ਵਿਲੀਅਮ ਤੇ ਹੈਰੀ ਨੂੰ ਬਿਮਾਰੀ ਬਾਰੇ ਜਾਣੂ ਕਰਵਾ ਦਿੱਤਾ ਹੈ। ਸ਼ਹਿਜ਼ਾਦਾ ਹੈਰੀ ਆਉਣ ਵਾਲੇ ਦਿਨਾਂ ਵਿਚ ਬਰਤਾਨੀਆ ਆ ਕੇ ਪਿਤਾ ਨੂੰ ਮਿਲ ਸਕਦੇ ਹਨ। ਵਰਤਮਾਨ ਵਿਚ ਉਹ ਅਮਰੀਕਾ 'ਚ ਹਨ। ਜ਼ਿਕਰਯੋਗ ਹੈ ਕਿ ਚਾਰਲਸ ਸਤੰਬਰ 2022 ਵਿਚ ਆਪਣੀ ਮਾਂ ਮਹਾਰਾਣੀ ਐਲਿਜ਼ਾਬੈਥ ਦੇ ਦੇਹਾਂਤ ਮਗਰੋਂ ਮਹਾਰਾਜਾ ਬਣੇ ਸਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਵਿਚ ਇਕ ਹੋਰ ਭਾਰਤੀ ਵਿਦਿਆਰਥੀ ਦੀ ਭੇਦਭਰੀ ਮੌਤ, ਇਕ ਹਫਤੇ ਵਿਚ ਤੀਸਰੀ ਘਟਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਓਹੀਓ ਰਾਜ ਵਿਚ ਇਕ ਹੋਰ ਭਾਰਤੀ ਵਿਦਿਆਰਥੀ ਸ਼੍ਰੇਯਸ ਰੈਡੀ ਮ੍ਰਿਤਕ ਹਾਲਤ ਵਿਚ ਮਿਲਿਆ ਹੈ। ਇਕ ਹਫਤੇ ਵਿਚ ਇਹ ਤੀਸਰਾ ਭਾਰਤੀ ਵਿਦਿਆਰਥੀ ਹੈ ਜਿਸ ਦੀ ਮ੍ਰਿਤਕ ਦੇਹ ਮਿਲੀ ਹੈ। ਅਜੇ ਤੱਕ ਮੌਤ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਪ੍ਰਾਪਤ ਜਾਣਕਾਰੀ ਅਨੁਸਾਰ ਰੈਡੀ ਲਿੰਡਰ ਸਕੂਲ ਆਫ ਬਿਜ਼ਨਸ ਦਾ ਵਿਦਿਆਰਥੀ ਸੀ। ਇੰਡੀਅਨ ਕੌਂਸਲੇਟ ਨਿਊਯਾਰਕ ਨੇ ਘਟਨਾ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਪਰਿਵਾਰ ਦੇ ਸੰਪਰਕ ਵਿਚ ਹੈ । ਕੌਂਸਲੇਟ ਨੇ ਇਕ ਪੋਸਟ ਵਿਚ ਲਿਖਿਆ ਹੈ ਕਿ ਓਹੀਓ ਵਿਚ ਭਾਰਤੀ ਵਿਦਿਆਰਥੀ ਸ਼੍ਰੇਯਸ ਰੈਡੀ ਬੇਨੀਗੇਰੀ ਦੀ ਬੇਵਕਤੀ ਮੌਤ ਉਪਰ ਗਹਿਰਾ ਅਫਸੋਸ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਕੌਂਸਲੇਟ ਨਿਰੰਤਰ ਪਰਿਵਾਰ ਦੇ ਸੰਪਰਕ ਵਿਚ ਹੈ ਤੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਇਥੇ ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਸੇ ਹਫਤੇ ਵਿਵੇਕ ਸੈਣੀ ਤੇ ਨੀਲ ਅਚਾਰੀਆ ਨਾਮੀ ਭਾਰਤੀ ਵਿਦਿਆਰਥੀਆਂ ਦੀ ਭੇਦਭਰੀ ਮੌਤ ਹੋ ਚੁੱਕੀ ਹੈ। ਸ਼੍ਰੇਯਸ ਰੈਡੀ ਦੀ ਮੌਤ ਵੀ ਅਜੇ ਤੱਕ ਇਕ ਭੇਦ ਬਣੀ ਹੋਈ ਹੈ।

# ਕੈਲੀਫੋਰਨੀਆ ਵਿਚ ਤੂਫਾਨ ਤੇ ਭਾਰੀ ਮੀਂਹ ਦੀ ਚਿਤਾਵਨੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜਆ ਬੰਗਾ)–** ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਅਗਲੇ ਦਿਨਾਂ ਦੌਰਾਨ ਤੂਫਾਨ ਤੇ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਗਈ ਹੈ। ਨੈਸ਼ਨਲ ਵੈਦਰ ਸਰਵਿਸ ਨੇ ਚਿਤਾਵਨੀ ਵਿਚ ਕਿਹਾ ਹੈ ਕਿ ਨਮੀ ਤੇ ਸਿਲ ਕਾਰਨ ਕੈਲੀਫੋਰਨੀਆ ਵਿਚ ਭਾਰੀ ਬਾਰਿਸ਼ ਹੋਵੇਗੀ। ਹੜ ਵਰਗੇ ਹਾਲਾਤ ਬਣ ਸਕਦੇ ਹਨ, ਢਿੱਗਾਂ ਡਿਗ ਸਕਦੀਆਂ ਹਨ ਤੇ ਰਾਜ ਵਿਚ ਆਵਾਜਾਈ ਵਿੱਚ ਵੱਡੀ ਪੱਧਰ 'ਤੇ ਰੁਕਾਵਟਾਂ ਖੜੀਆਂ ਹੋ ਸਕਦੀਆਂ ਹਨ।

# ਅਮਰੀਕਾ ਵਿਚ ਇਕ ਛੋਟਾ ਜਹਾਜ਼ ਇਕ ਘਰ ਉਪਰ ਡਿੱਗਾ, ਪਾਇਲਟ ਸਮੇਤ 3 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜਆ ਬੰਗਾ)–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਕਲੀਅਰਵਾਟਰ ਖੇਤਰ ਵਿਚ ਇਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਇਕ ਘਰ ਉਪਰ ਆ ਡਿੱਗਾ ਜਿਸ ਉਪਰੰਤ ਜਹਾਜ਼ ਨੂੰ ਅੱਗ ਲੱਗ ਗਈ। ਇਸ ਘਟਨਾ



ਵਿਚ 3 ਵਿਅਕਤੀਆਂ ਦੀ ਮੌਤ ਹੋ ਗਈ। ਫੈਡਰਲ ਐਵੀਏਸ਼ਨ ਅਡਮਿਨਿਸਟ੍ਰੇਸ਼ਨ ਦੀ ਰਿਪੋਰਟ ਅਨੁਸਾਰ ਜਿਸ ਘਰ ਉਪਰ ਜਹਾਜ਼ ਡਿੱਗਾ ਉਸ ਵਿਚ ਰਹਿੰਦੇ 2 ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਤੀਸਰਾ ਮ੍ਰਿਤਕ ਜਹਾਜ਼ ਦਾ ਪਾਇਲਟ ਹੈ। ਜਹਾਜ਼ ਵਿਚ ਹੋਰ ਕੋਈ ਵੀ ਵਿਅਕਤੀ ਸਵਾਰ ਨਹੀਂ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਹਾਜ਼ ਅਣਜਾਣੇ ਹਾਲਾਤ ਵਿਚ ਮੋਬਾਇਲ ਹੋਮ ਪਾਰਕ ਵਿਚ ਤਬਾਹ ਹੋਇਆ ਹੈ ਤੇ ਇਹ ਵੀ ਰਿਪੋਰਟ ਹੈ ਕਿ ਡਿੱਗਣ ਤੋਂ ਪਹਿਲਾਂ ਹੀ ਜਹਾਜ਼ ਨੂੰ ਅੱਗ ਲੱਗ ਗਈ ਸੀ। ਅੱਗ ਬੁਝਾਊ ਤੇ ਰਾਹਤ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਘਰ ਵਿਚ 9 ਲੋਕ ਰਹਿੰਦੇ ਸਨ ਪਰੰਤੂ ਹਾਦਸੇ ਵੇਲੇ ਘਰ ਵਿਚ 2 ਹੀ ਲੋਕ ਸਨ ਜੋ ਮਾਰੇ ਗਏ।

# ਸਰਕਾਰੀ ਸਾਫਟ ਵੇਅਰ ਤੇ ਸੰਵੇਦਨਸ਼ੀਲ ਡਾਟਾਬੇਸ ਚੋਰੀ ਕਰਨ ਦੇ ਮਾਮਲੇ ਵਿਚ 2 ਭਾਰਤੀਆਂ ਨੂੰ ਸੁਣਾਈ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜਆ ਬੰਗਾ)–** ਇਕ ਅਦਾਲਤ ਵੱਲੋਂ ਯੂ ਐਸ ਸਰਕਾਰ ਦੀ ਮਾਲਕੀ ਵਾਲੇ ਸਾਫਟਵੇਅਰ ਤੇ ਲਾਅ ਇਨਫੋਰਸਮੈਂਟ ਦੇ ਸੰਵੇਦਨਸ਼ੀਲ ਡੈਟਾਬੇਸ ਚੋਰੀ ਕਰਨ ਦੇ ਮਾਮਲੇ ਵਿਚ ਨਿਭਾਈ ਭੂਮਿਕਾ ਲਈ 2 ਭਾਰਤੀ ਸਾਬਕਾ ਸੰਘੀ ਮੁਲਾਜ਼ਮਾਂ ਨੂੰ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਭਾਰਤੀ ਸੋਨਲ ਪਟੇਲ (49) ਜੋ ਹੋਮਲੈਂਡ ਸਕਿਉਰਿਟੀ ਵਿਭਾਗ (ਡੀ ਐਚ ਐਸ-ਓ ਆਈ ਜੀ) ਦੇ ਇਨਫਰਮੇਸ਼ਨ ਟੈਕਨਾਲੋਜੀ ਵਿਭਾਗ ਵਿਚ ਨੌਕਰੀ ਕਰਦਾ ਸੀ, ਨੂੰ ਦੋ ਸਾਲ ਦੀ ਪ੍ਰੋਬੇਸ਼ਨ ਸਜ਼ਾ ਸੁਣਾਈ ਗਈ ਹੈ ਤੇ 40000 ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ। ਇਕ ਸਾਲ ਉਸ ਨੂੰ ਘਰ ਵਿਚ ਕੈਦ ਰਹਿਣਾ ਪਵੇਗਾ। ਪਟੇਲ ਨੇ ਸਰਕਾਰੀ ਜਾਇਦਾਦ ਚੋਰੀ ਕਰਨ ਦਾ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਦੂਸਰੇ ਭਾਰਤੀ ਮੁਰਾਲੀ ਵਾਈ ਵੈਂਕਟਾ (58) ਜੋ ਹੋਮਲੈਂਡ ਸਕਿਉਰਿਟੀ ਦੀ ਇਨਫਰਮੇਸ਼ਨ ਟੈਕਨਾਲੋਜੀ ਡਵੀਜਨ ਦਾ ਸਾਬਕਾ ਬਰਾਂਚ ਮੁਖੀ ਹੈ, ਨੂੰ 4 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਰਿਹਾਈ ਉਪਰੰਤ 2 ਸਾਲ ਉਸ ਨੂੰ ਨਿਗਰਾਨੀ ਵਿਚ ਰਖਿਆ ਜਾਵੇਗਾ ਜਿਸ ਦੌਰਾਨ 8 ਮਹੀਨੇ ਘਰ ਵਿਚ ਕੈਦ ਰਹਿਣਾ ਪਵੇਗਾ। ਇਸ ਤੋਂ ਇਲਾਵਾ 60 ਘੰਟੇ ਲੋਕ ਸੇਵਾ ਕਰਨੀ ਪਵੇਗੀ।

### ਮਿਸ਼ੀਗਨ ਦੇ ਹਾਈ ਸਕੂਲ ਵਿਚ ਨਬਾਲਗ ਵਿਦਿਆਰਥੀ ਵੱਲੋਂ ਕੀਤੀ ਗੋਲੀਬਾਰੀ ਦਾ ਮਾਮਲਾ

# ਗੰਨ ਨੂੰ ਸੰਭਾਲ ਕੇ ਰੱਖਣ ਦੀ ਜਿੰਮੇਵਾਰੀ ਮੇਰੇ ਪਤੀ ਦੀ ਸੀ– ਮਾਂ ਨੇ ਅਦਾਲਤ ਵਿਚ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜਆ ਬੰਗਾ)–** ਅਮਰੀਕਾ ਦੇ ਰਾਜ ਮਿਸ਼ੀਗਨ ਦੇ ਇਕ ਹਾਈ ਸਕੂਲ ਵਿਚ 2021 ਵਿਚ ਇਕ ਨਬਾਲਗ ਵਿਦਿਆਰਥੀ ਵੱਲੋਂ ਬਸਤੇ ਵਿਚ ਲੁਕੋ ਕੇ ਲਿਆਂਦੀ ਗੰਨ ਨਾਲ ਕੀਤੀ ਗੋਲੀਬਾਰੀ ਜਿਸ ਵਿਚ 4 ਵਿਦਿਆਰਥੀ ਮਾਰੇ ਗਏ ਸਨ ਤੇ 7 ਹੋਰ ਜ਼ਖਮੀ ਹੋ ਗਈ ਸਨ, ਦੇ ਮਾਮਲੇ ਵਿਚ ਆਪਣੇ ਵਿਰੁੱਧ ਚੱਲ ਰਹੇ ਮੁਕੱਦਮੇ ਵਿੱਚ ਬਿਆਨ ਦਿੰਦਿਆਂ ਮਾਂ ਜੈਨੀਫਰ ਕਰੁੰਬਲੇ ਨੇ ਕਿਹਾ ਕਿ ਪੁੱਤਰ ਦੀ ਗੰਨ ਨੂੰ ਸੰਭਾਲ ਕੇ ਰਖਣ ਦੀ ਜਿੰਮੇਵਾਰੀ ਮੇਰੇ ਪਤੀ ਦੀ ਸੀ। ਉਸ ਨੇ ਕਿਹਾ ਕਿ ਜਦੋਂ ਉਸ ਦਾ ਪਤੀ ਜੇਮਜ ਕਰੂੰਬਲੇ ਤੇ ਪੁੱਤਰ 9 ਐਮ ਐਮ ਦੀ ਗੰਨ ਖਰੀਦ ਕੇ ਲਿਆਏ ਸਨ ਤਾਂ ਉਹ ਖਰੀਦਦਾਰੀ ਕਰਨ ਲਈ ਘਰੋਂ ਬਾਹਰ ਗਈ ਹੋਈ ਸੀ।

ਜੈਨੀਫਰ ਕਰੁੰਬਲੇ ਨੂੰ ਗੈਰ ਇਰਾਦਾ ਕਤਲਾਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਦੇ ਪਤੀ ਵਿਰੁੱਧ ਵੀ ਇਨਾਂ ਹੀ ਦੋਸ਼ਾਂ ਤਹਿਤ ਮਾਰਚ ਦੇ ਸ਼ੁਰੂ ਵਿਚ ਸੁਣਵਾਈ ਸ਼ੁਰੂ ਹੋਵੇਗੀ। ਇਥੇ ਜਿਕਰਯੋਗ ਹੈ ਕਿ ਕਰੁੰਬਲੇ ਜੋੜੇ ਦੇ ਜੇਲ ਵਿਚ ਬੰਦ ਪੁਤਰ ਏਥਾਨ ਗੋਲੀਬਾਰੀ ਕਰਨ ਸਮੇ 15 ਸਾਲ ਦਾ ਸੀ, ਉਸ ਨੂੰ ਪਿਛਲੇ ਸਾਲ ਬਿਨਾਂ ਪੈਰੋਲ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।







# ਕੈਲੀਫੋਰਨੀਆ ਵਿਚ ਭਾਰੀ ਮੀਂਹ ਤੇ ਤੂਫਾਨ ਕਾਰਨ ਜਨ ਜੀਵਨ ਉਪਰ ਵਿਆਪਕ ਅਸਰ, ਹੜਾਂ ਕਾਰਣ ਆਵਾਜਾਈ ਰੁਕੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਮੌਸਮ ਬਾਰੇ ਕੀਤੀ ਭਵਿੱਖਬਾਣੀ ਅਨੁਸਾਰ ਬਰਫੀਲੇ ਤੂਫਾਨ ਤੇ ਭਾਰੀ ਬਾਰਿਸ਼ ਕਾਰਨ ਦਰਿਆਵਾਂ ਵਿਚ ਵਧੇ ਪਾਣੀ ਦੇ ਮੱਦੇਨਜਰ ਪ੍ਰਮੁੱਖ ਸ਼ਹਿਰੀ ਖੇਤਰਾਂ ਸਮੇਤ ਹੋਰ ਥਾਵਾਂ ਵਿਚ ਖਤਰਨਾਕ ਹੜ ਦਾ ਖਤਰਾ ਪੈਦਾ ਹੋ ਗਿਆ ਹੈ। ਕਈ ਥਾਵਾਂ 'ਤੇ ਬਿਜਲੀ ਦੀ ਸਪਲਾਈ ਵਿਚ ਵੀ ਵਿਘਣ ਪਿਆ ਹੈ। ਐਕੂਵੈਦਰ ਮੌਸਮ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ 3.7 ਕਰੋੜ ਲੋਕ ਜੋ ਕੈਲੀਫੋਰਨੀਆ ਦੀ ਕੁਲ ਆਬਾਦੀ ਦਾ 94% ਹਿੱਸਾ ਹਨ, ਨੂੰ ਖਤਰਨਾਕ ਹੜ ਤੇ ਤੂਫਾਨ ਦਾ ਸਾਹਮਣਾ ਕਰਨਾ ਪਵੇਗਾ। ਇਹ ਹੜ ਤੇ ਤੂਫਾਨ ਮਨੁੱਖੀ ਜੀਵਨ ਲਈ ਖਤਰਾ ਪੈਦਾ ਕਰ ਸਕਦਾ ਹੈ। ਮੌਸਮ ਵਿਗਿਆਨੀਆਂ ਨੇ ਕਿਹਾ ਹੈ ਕਿ ਖਾਸ ਕਰਕੇ ਦੱਖਣੀ ਕੈਲੀਫੋਰਨੀਆ ਵਿਚ





ਸੀਜਨ ਦਾ ਸਭ ਤੋਂ ਵਧ ਖਤਰਨਾਕ ਤੂਫਾਨ ਆਉਣ ਦੀ ਸੰਭਾਵਨਾ ਹੈ ਜਿਸ ਨਾਲ ਵੱਡੀ ਪੱਧਰ 'ਤੇ ਲੋਕ ਪ੍ਰਭਾਵਿਤ ਹੋਣਗੇ।

ਨੈਸ਼ਨਲ ਵੈਦਰ ਸਰਵਿਸ ਨੇ ਵਿਸ਼ੇਸ਼ ਤੌਰ 'ਤੇ ਕੇਂਦਰੀ ਤੱਟ 'ਤੇ ਭਿਆਨਕ ਤੂਫਾਨ ਦੀ ਚਿਤਾਵਨੀ ਦਿੱਤੀ ਹੈ ਤੇ ਕਿਹਾ ਹੈ ਕਿ ਮੋਂਟੇਰੀ ਪੈਨਿਨਸੂਲਾ ਤੋਂ ਸੈਨ ਲੂਇਸ ਓਬਿਸਪੋ ਕਾਊਂਟੀ ਦੇ ਉੱਤਰੀ ਹਿੱਸੇ ਤੱਕ ਸੰਭਾਵੀ 92 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਵਗਣਗੀਆਂ। ਸਨ ਫਰਾਂਸਿਸਕੋ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਹੜ, ਸੜਕਾਂ ਉਪਰ ਦਰੱਖਤ ਡਿੱਗਣ ਤੇ ਪਹਾੜੀ ਖੇਤਰ ਵਿਚ ਢਿੱਗਾਂ ਡਿੱਗਣ ਬਾਰੇ ਚੌਕਸ ਕੀਤਾ ਹੈ। ਅੱਜ ਭਾਰੀ ਤੁਫਾਨ ਤੇ ਮੀਹ ਕਾਰਣ ਸਾਰਾ ਜਨ ਜੀਵਨ ਠੱਪ ਰਿਹਾ ਤੇ ਦਰੱਖਤ ਡਿਗਣ ਕਾਰਣ ਕਾਫੀ ਮਾਲੀ ਨੁਕਆਨ ਵੀ ਹੋਇਆ।

## ਇਰਾਦਾ ਕਤਲ ਦੇ ਮਾਮਲੇ ਵਿਚ ਹਿਰਾਸਤ ਵਿਚੋਂ ਭੱਜਾ ਨਬਾਲਗ ਮਾਪਿਆਂ ਨੇ ਕੀਤਾ ਪੁਲਿਸ ਹਵਾਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਫਰੈਂਕਲਿਨ, ਲੂਇਸਿਆਨਾ, ਵਿਚ ਇਰਾਦਾ ਕਤਲ ਦੇ ਮਾਮਲੇ ਵਿਚ ਜੇਲ ਵਿਚ ਬੰਦ 17 ਸਾਲਾ ਨਬਾਲਗ ਕਿਮੀ ਡੌਂਟੇਨ ਜੂਨੀਅਰ ਜੋ ਪੁਲਿਸ ਅਫਸਰਾਂ ਨੂੰ ਝਕਾਨੀ ਦੇ ਕੇ ਫਰਾਰ ਹੋ ਗਿਆ ਸੀ, ਨੂੰ ਉਸ ਦੇ ਮਾਤਾ ਪਿਤਾ ਵੱਲੋਂ ਮੁੜ ਪੁਲਿਸ ਦੇ ਹਵਾਲੇ ਕਰ ਦੇਣ ਦੀ ਖਬਰ ਹੈ। ਮੈਰੀ ਪੈਰਿਸ਼ ਸ਼ੈਰਿਫ ਦਫਤਰ ਅਨਸਾਰ ਓਰਲੀਨਜ ਪੈਰਿਸ਼ ਵਾਸੀ ਜੂਨੀਅਰ ਫਰੈਂਕਲਿਨ ਵਿਚ ਉਸ ਵੇਲੇ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ ਜਦੋਂ ਉਸ ਨੂੰ ਬਾਹਰ ਸੈਰ ਲਈ ਲਿਜਾਇਆ ਜਾ ਰਿਹਾ ਸੀ। ਜੁਵੇਨਾਈਲ ਜਸਟਿਸ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਫਰਾਰ ਹੋਏ ਜੂਨੀਅਰ ਦੇ ਮਾਪਿਆਂ ਨੇ ਉਸ ਨੂੰ ਮੁੜ ਲੋਇਸਿਆਨਾ ਸਟੇਟ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

## ਅਮਰੀਕੀ ਯੂਨੀਵਰਸਿਟੀ ਵਿਚ ਲਾਪਤਾ ਹੋਏ ਭਾਰਤੀ ਮੂਲ ਦੇ ਵਿਦਿਆਰਥੀ ਦੀ ਮਿਲੀ ਲਾਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਵਿਚ ਪੁਰਡਿਊ ਯੁਨੀਵਰਸਿਟੀ (ਇੰਡਿਆਨਾ) ਵਿਚ ਪੜਦੇ ਭਾਰਤੀ ਮੂਲ ਦੇ ਵਿਦਿਆਰਥੀ ਨੀਲ ਅਚਾਰੀਆ ਦੀ ਕੈਂਪਸ ਵਿਚੋਂ ਲਾਸ਼ ਮਿਲਣ ਦੀ ਖਬਰ ਹੈ। ਟਿਪਕੈਨੋ ਕਾਊਂਟੀ ਕੋਰੋਨਰ ਦਫਤਰ ਅਨੁਸਾਰ ਵੈਸਟ ਲਫੇਟ ਵਿਚ 500 ਐਲੀਸਨ ਰੋਡ 'ਤੇ ਕਿਸੇ ਵਿਅਕਤੀ ਦੀ ਸੰਭਾਵੀ ਲਾਸ਼ ਪਈ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਨੂੰ ਯੁਨੀਵਰਸਿਟੀ ਦੇ ਕੈਂਪਸ ਵਿਚ ਮਾਈਰਾਈਸ ਜੇ ਜ਼ਕਰੌਅ ਲੈਬਾਰਟਰੀਜ ਦੇ ਬਾਹਰਵਾਰ ਇਕ ਵਿਦਿਆਰਥੀ ਦੀ ਲਾਸ਼ ਬਰਾਮਦ ਹੋਈ ਜਿਸ ਦੀ ਪਛਾਣ ਨੀਲ ਅਚਾਰੀਆ ਵਜੋਂ ਹੋਈ ਹੈ। ਯੁਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਕ੍ਰਿਸ ਕਲਿਫਟਨ ਨੇ ਕਿਹਾ ਹੈ ਕਿ ਉਸ ਨੂੰ ਡੀਨ ਦੇ ਦਫਤਰ ਤੋਂ ਇਕ ਮਿਲੀ ਈ ਮੇਲ ਵਿਚ ਅਚਾਰੀਆ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਅਚਾਰੀਆ ਦੀ ਮਾਂ ਗੌਰੀ ਅਚਾਰੀਆ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਨੂੰ ਆਖਰੀ ਵਾਰ ਉਬੇਰ ਟੈਕਸੀ ਦੇ ਇਕ ਡਰਾਈਵਰ ਨੇ ਵੇਖਿਆ ਸੀ ਜਿਸ ਨੇ ਉਸ ਨੂੰ ਪੁਰਡਿਊ ਯੁਨੀਵਰਸਿਟੀ ਵਿਖੇ ਛੱਡਿਆ ਸੀ। ਉਹ 28 ਜਨਵਰੀ ਤੋਂ ਲਾਪਤਾ ਸੀ। ਕੌਂਸਲੇਟ ਜਨਰਲ ਆਫ ਇੰਡੀਆ ਸ਼ਿਕਾਗੋ ਨੇ ਕਿਹਾ ਹੈ ਕਿ ਉਹ ਪੁਰਡਿਊ ਯੁਨੀਵਰਸਿਟੀ ਅਧਿਕਾਰੀਆਂ ਦੇ ਸੰਪਰਕ ਵਿਚ ਹਨ ਤੇ ਪਰਿਵਾਰ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।



### ਸੱਟ ਜਾਂ ਜ਼ਖਮ ਦਾ ਨਿਸ਼ਾਨ ਨਹੀਂ ਮਿਲਿਆ

ਪੁਰਡਿਊ ਯੁਨੀਵਰਸਿਟੀ (ਇੰਡਿਆਨਾ) ਦੇ ਭਾਰਤੀ ਮੂਲ ਦੇ ਵਿਦਿਆਰਥੀ ਨੀਲ ਅਚਾਰੀਆ ਦੇ ਸਰੀਰ ਉਪਰ ਕੋਈ ਸੱਟ ਜਾਂ ਜ਼ਖਮ ਦਾ ਨਿਸ਼ਾਨ ਨਹੀਂ ਮਿਲਿਆ। ਟਿਪਕੈਨੋਅ ਕਾਊਂਟੀ ਕੋਰੋਨਰ ਕੈਰੀ ਕੋਸਟੈਲੋ ਨੇ ਕਿਹਾ ਹੈ ਕਿ ਪੋਸਟ ਮਾਰਟਮ ਰਿਪੋਰਟ ਅਨੁਸਾਰ ਨੀਲ ਅਚਾਰੀਆ ਦੇ ਸਰੀਰ 'ਤੇ ਅਜਿਹੀ ਕੋਈ ਸੱਟ ਨਹੀਂ ਹੈ ਜਿਸ ਨਾਲ ਉਸ ਦੀ ਮੌਤ ਹੋਈ ਹੋਵੇ। ਉਨਾਂ ਕਿਹਾ ਕਿ ਇਸ ਸਮੇ ਨੀਲ ਦੀ ਮੌਤ ਸਬੰਧੀ ਕੋਈ ਸਾਜਿਸ਼ ਜਾਂ ਕੋਈ ਸ਼ੱਕੀ ਕਾਰਵਾਈ ਨਜਰ ਨਹੀਂ ਆ ਰਹੀ। ਕੋਸਟੈਲੋ ਨੇ ਕਿਹਾ ਕਿ ਮੌਤ ਦੇ ਕਾਰਨ ਸਬੰਧੀ ਮੁੱਢਲੀ ਰਿਪੋਰਟ ਅਜੇ ਨਹੀਂ ਆਈ। ਟਿਪਕੈਨੋਅ ਕਾਊਂਟੀ ਕੋਰੋਨਰ ਦਾ ਦਫਤਰ ਤੇ ਪੁਰਡਿਊ ਯਨੀਵਰਸਿਟੀ ਪੁਲਿਸ ਵਿਭਾਗ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ। ਕੋਸਟੈਲੋ ਨੇ ਨੀਲ ਅਚਾਰੀਆ ਦੇ ਸੱਕੇ ਸਬੰਧੀਆਂ ਨਾਲ ਮਿਲਕੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ ਹੈ। ਇਥੇ ਜਿਕਰਯੋਗ ਹੈ ਕਿ 28 ਜਨਵਰੀ ਨੂੰ ਲਾਪਤਾ ਹੋਏ ਨੀਲ ਅਚਾਰੀਆ ਦੀ ਅਗਲੇ ਦਿਨ ਯੁਨੀਵਰਸਿਟੀ ਦੇ ਕੈਂਪਸ ਵਿਚੋਂ ਲਾਸ਼ ਬਰਾਮਦ ਹੋਈ ਸੀ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697


3525 Highway 99, West Corning, CA 96021

Across the Street from TA Truck Stop

# ਅਣਜਾਣ ਨੂੰ ਘਰ ਦਾ ਵੱਡਾ ਮੁੰਡਾ ਬਣਾਇਆ, ਮੌਤ ਤੋਂ ਬਾਅਦ ਉਹਨਾਂ ਦੀ ਯਾਦ ਵਿਚ ਬਣਵਾਈ ਲਾਇਬ੍ਰੇਰੀ ਅਤੇ ਕਮਿਊਨਿਟੀ ਹਾਲ, ਜਿੱਥੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਮੁਫ਼ਤ ਹੁੰਦੇ ਨੇ ਵਿਆਹ

**ਲੁਧਿਆਣਾ–** ਕੁਝ ਰਿਸ਼ਤੇ ਅਜਿਹੇ ਹੁੰਦੇ ਹਨ ਜੋ ਖ਼ੂਨ ਦੇ ਤਾਂ ਨਹੀਂ ਪਰ ਉਹਨਾਂ ਤੋਂ ਵੀ ਵੱਧ ਕੇ ਜ਼ਿੰਦਗੀ ਭਰ ਸਾਥ ਨਿਭਾਉਂਦੇ ਹਨ ਅਤੇ ਸਾਲਾਂ ਬੱਧੀ ਇਕ ਅਮਿੱਟ ਯਾਦ ਛੱਡ ਜਾਂਦੇ ਹਨ। ਹਸਪਤਾਲ ਵਿਚ ਆਪਣੇ ਬੇਟੇ ਗਿਆਨ ਸਿੰਘ ਦੇ ਇਲਾਜ ਲਈ ਗਏ ਈਸੜੂ ਦੇ ਇਕ ਪਰਿਵਾਰ ਦੇ ਇਕ ਅਣਜਾਣ ਵਿਅਕਤੀ ਨੂੰ ਆਪਣੇ ਘਰ ਵੱਡਾ ਮੁੰਡਾ ਬਣਾ ਕੇ ਲੈ ਆਏ। ਉਸ ਲੜਕੇ ਨਾਲ ਇੰਨਾ ਲਗਾਅ ਹੋ ਗਿਆ ਕਿ ਉਸਦੀ ਮੌਤ ਤੋਂ ਬਾਅਦ ਇਸ ਪਰਿਵਾਰ ਨੇ ਉਹਨਾਂ ਦੀ ਯਾਦ ਵਿਚ ਪਿੰਡ ਵਿਚ ਲਾਇਬ੍ਰੇਰੀ ਅਤੇ ਕਮਿਊਨਿਟੀ ਹਾਲ ਬਣਵਾਇਆ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਕਨਾਮਿਕਸ ਵਿਭਾਗ ਦੇ ਸਾਬਕਾ ਪ੍ਰੋਫੈਸਰ ਡਾ. ਗਿਆਨ ਸਿੰਘ ਨੇ ਦੱਸਿਆ ਕਿ 2 ਜੁਲਾਈ 1963 ਵਿਚ ਪਸ਼ੂਆਂ ਦੇ ਲਈ ਚਾਰਾ ਕੱਟਦੇ ਵਕਤ ਉਹਨਾਂ ਦੀ ਬਾਂਹ ਮਸ਼ੀਨ ਵਿਚ ਆਉਣ ਕਾਰਨ ਕੱਟੀ ਗਈ। ਮੇਰੀ ਮਾਂ ਈਸੜੂ ਪਿੰਡ ਤੋਂ ਖਾਣਾ ਬਣਾ ਕੇ ਨਾਲ ਲਿਆਈ ਸੀ ਅਤੇ ਹਮੇਸ਼ਾ ਖਾਣਾ ਜਲਦੀ ਲਿਆਉਂਦੀ ਸੀ ਤਾਂ ਜੋ ਹੋਰ ਲੋਕਾਂ ਨੂੰ ਵੀ ਦੇ ਸਕੇ। ਇਸ ਦੌਰਾਨ ਵੀਰ ਸੀਤਾ ਰਾਮ ਨਾਲ ਮੁਲਾਕਾਤ ਹੋਈ ਜੋ ਕਿ ਲਖਨਊ ਦੇ ਸਨ ਅਤੇ ਆਪਣੇ ਇਲਾਜ ਲਈ ਹਸਪਤਾਲ ਆਏ ਸਨ ਅਤੇ ਸਿਹਤਮੰਦ ਹੋਣ ਤੋਂ ਬਾਅਦ ਵੀ


ਵੀਰ ਸੀਤਾ ਰਾਮ



ਉਥੇ ਹੀ ਸਨ ਤਾਂ ਮਾਂ ਨੇ ਉਹਨਾਂ ਨੂੰ ਵੀ ਖਾਣਾ ਦਿੱਤਾ। ਦੋ ਵਾਰ ਤਾਂ ਉਹਨਾਂ ਖਾ ਲਿਆ ਪਰ ਤੀਜੀ ਵਾਰ ਇਨਕਾਰ ਕਰ ਦਿੱਤਾ। ਬੋਲੇ ਕਿ ਭੁੱਖ ਤਾਂ ਲੱਗੀ ਹੈ ਪਰ ਮੁਫ਼ਤ ਨਹੀਂ ਖਾਵਾਂਗਾ। ਇਸ ’ਤੇ ਮਾਂ ਨੇ ਮੇਰੇ ਕੋਲ ਬੈਠਣ ਅਤੇ ਦੇਖਣ ਲਈ ਕਿਹਾ। ਜਿਸ ’ਤੇ ਉਹਨਾਂ ਨੇ ਹਾਮੀ ਭਰ ਦਿੱਤੀ। ਤਿੰਨ ਹਫਤੇ ਬਾਅਦ 23 ਜੁਲਾਈ 1963 ਨੂੰ ਅਸੀਂ ਹਸਪਤਾਲ ਤੋਂ ਡਿਸਚਾਰਜ ਹੋ ਕੇ ਘਰ ਆਉਣ ਲੱਗੇ ਤਾਂ ਮਾਂ ਨੇ ਪਿਤਾ ਜੀ ਨੂੰ ਵੀਰ ਜੀ ਨੂੰ ਵੀ ਨਾਲ ਲਿਆਉਣ ਲਈ ਕਿਹਾ ਅਤੇ ਸਪਸ਼ਟ ਕਿਹਾ ਕਿ ਉਹਨਾਂ ਨੂੰ ਕਿਹਾ ਘਰ ਵੱਡਾ ਮੁੰਡਾ ਬਣਾ ਕੇ ਲਿਆਉਣਾ ਹੈ। 23 ਜੁਲਾਈ 2020 ਨੂੰ ਉਹਨਾਂ ਦੀ ਮੌਤ ਹੋ ਗਈ। ਵੀਰ ਜੀ ਨੂੰ ਯਾਦਾਂ ਵਿਚ ਜਿੰਦਾ ਰੱਖਣ ਲਈ ਉਹਨਾਂ ਦੀ ਯਾਦ ਵਿਚ ਲਾਇਬ੍ਰੇਰੀ ਅਤੇ ਕਮਿਊਨਿਟੀ ਹਾਲ ਬਣਵਾਇਆ। ਜਿਸਨੂੰ ਦਸੰਬਰ 2023 ਵਿਚ ਆਮ ਲੋਕਾਂ ਲਈ ਖੋਲ੍ਹ ਦਿੱਤਾ।

ਡਾ. ਗਿਆਨ ਸਿੰਘ ਨੇ ਦੱਸਿਆ ਕਿ ਕਮਿਊਨਿਟੀ ਹਾਲ ਵਿਚ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਜਾ ਸਕਦੇ ਹਨ। ਬਿਨਾਂ ਕੋਈ ਫੀਸ ਅਦਾ ਕੀਤੇ ਮੁਫ਼ਤ ਵਿਚ ਹਾਲ ਵਰਤਿਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਇੱਥੇ ਪਿੰਡ ਦੇ ਨੌਜਵਾਨਾਂ, ਔਰਤਾਂ ਲਈ ਟ੍ਰੇਨਿੰਗ ਵੀ ਉਪਲਬਧ ਕਰਾਵਾਂਗੇ। ਲਾਇਬ੍ਰੇਰੀ ਵਿਚ ਮੁਫ਼ਤ ਵਿਚ ਕਿਤਾਬਾਂ ਪੜ੍ਹੀਆਂ ਜਾ ਸਕਦੀਆਂ ਹਨ। ਇੱਥੇ ਹਿੰਦੂ ਅਤੇ ਸਿੱਖ ਧਰਮ ਦੇ ਗ੍ਰੰਥ ਅਤੇ ਕਿਤਾਬਾਂ ਰੱਖੀਆਂ ਜਾ ਸਕਦੀਆਂ ਹਨ। ਇਸਤੋਂ ਇਲਾਵਾ ਕਹਾਣੀਆਂ, ਕਵਿਤਾਵਾਂ ਅਤੇ ਜਾਣਕਾਰੀ ਵਿਚ ਵਾਧਾ ਕਰਨ ਵਾਲੀਆਂ ਕਿਤਾਬਾਂ ਰੱਖੀਆਂ ਗਈਆਂ ਹਨ।

# ਅਮਰੀਕਾ ਵਿਚ ਰਾਜਸੀ ਮਤਭੇਦਾਂ ਕਾਰਨ ਪੁੱਤਰ ਨੇ ਪਿਓ ਦਾ ਸਿਰ ਧੜ ਤੋਂ ਕੀਤਾ ਵੱਖ, ਹੋਇਆ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਰਾਜਸੀ ਮੱਤਭੇਦ ਕਾਰਨ ਇਕ ਪੁੱਤਰ ਵੱਲੋਂ ਆਪਣੇ ਪਿਤਾ ਦਾ ਸਿਰ ਵੱਢ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁੱਤ ਵੱਲੋਂ ਬਾਅਦ ਵਿਚ ਯੂ ਟਿਊਬ ਉਪਰ ਇਕ ਵੀਡੀਓ ਵੀ ਪਾਈ ਗਈ ਜਿਸ ਵਿਚ ਪਲਾਸਟਿਕ ਵਿਚ ਲਪੇਟਿਆ ਪਿਤਾ ਦਾ ਸਿਰ ਵੀ ਉਸ ਨੇ ਹੱਥ ਵਿਚ ਫੜਿਆ ਹੋਇਆ ਹੈ। ਮਿਡਲਟਾਊਨ ਟਾਊਨਸ਼ਿੱਪ ਪੁਲਿਸ ਵਿਭਾਗ ਦੇ ਡਿਟੈਕਟਿਵ ਲੈਫਟੀਨੈਂਟ ਸਟੀਫਨ ਫੋਰਮੈਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਸਟਿਨ ਮੋਹਨ ਨਾਮੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਸਟਿਨ ਮੋਹਨ ਉਹ ਹੀ ਵਿਅਕਤੀ ਹੈ ਜਿਸ ਨੇ ਯੂ ਟਿਊਬ ਉਪਰ ਵੀਡੀਓ



ਪਾਈ ਸੀ ਜਿਸ ਵੀਡੀਓ ਵਿਚ ਉਹ ਬਾਈਡਨ ਸਰਕਾਰ ਵਿਰੁੱਧ ਬੋਲਦਾ ਹੈ ਤੇ ਦਾਅਵਾ ਕਰਦਾ ਹੈ ਕਿ ਹੱਥ ਵਿਚ ਫੜਿਆ ਉਸ ਦੇ ਪਿਤਾ ਦਾ ਸਿਰ ਹੈ। ਜਸਟਿਨ ਮੋਹਨ ਆਪਣੇ ਪਿਤਾ ਦੀ ਬਾਈਡਨ ਸਰਕਾਰ ਪ੍ਰਤੀ ਪਹੁੰਚ ਤੋਂ ਖਫਾ ਸੀ ਤੇ ਵੀਡੀਓ ਵਿਚ ਆਪਣੇ ਪਿਤਾ ਨੂੰ ਸੰਘੀ ਵਰਕਰ ਕਹਿੰਦਾ ਹੈ।

ਜੋਸਫ ਬਰਟੋਰੀਲਾ ਚੀਫ ਮਿਡਲਟਾਊਨ ਟਾਊਨਸ਼ਿਪ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਮੋਹਨ ਦੀ ਮਾਂ ਨੇ ਸ਼ਾਮ 7 ਵਜੇ ਦੇ ਆਸ ਪਾਸ ਘਟਨਾ ਦੀ ਸੂਚਨਾ ਦਿੱਤੀ ਸੀ ਉਪਰੰਤ ਮੋਹਨ ਨੂੰ ਅਪਰਾਧ ਸਥਾਨ ਲੈਵੀਟੋਨ ਤੋਂ 110 ਮੀਲ ਦੂਰ ਫੋਰਟ ਇੰਡਿਅਨਟਾਊਨ ਗੈਪ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਮ੍ਰਿਤਕ ਪਿਤਾ ਦੀ ਪਛਾਣ ਮਾਈਕਲ ਐਫ ਮੋਹਨ ਵਜੋਂ ਹੋਈ ਹੈ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪਰ ਵਲੋਂ ਨਗਰ ਕੀਰਤਨ ਦਾ ਪੋਸਟਰ ਜਾਰੀ

ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪਰ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਵਿਖੇ



ਹੋਈ ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਭੋਗਪੁਰ ਬਲਾਕ 27ਵਾਂ ਨਗਰ ਕੀਰਤਨ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਨਗਰ ਕੀਰਤਨ ਮਿਤੀ 23-02-24 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ, ਪੰਜ ਪਿਆਰਿਆਂ ਦੀ ਅਗਵਾਈ ਦੁਆਰਾ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਤੋਂ ਆਰੰਭ ਹੋ ਕੇ ਮਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ, ਫਿਰ ਪਿੰਡ ਮੋਗਾ ਤੋਂ ਜੀ। ਟੀ। ਰੋਡ ਹੁੰਦਾ ਹੋਇਆ ਪੁਰਾਣੀ ਆਬਾਦੀ ਭੋਗਪੁਰ, ਨਵੀਂ ਆਬਾਦੀ, ਡੱਲੀ, ਸੱਧਾ-ਚੱਕ, ਘੋੜਾਵਾਹੀ, ਕਿੰਗਰਾ ਚੋ-ਵਾਲਾ, ਲੁਹਾਰਾਂ, ਚੱਕ-ਝੰਡੂ, ਲਾਹਦੜਾ, ਨੰਗਲ ਆਰਾਈਆਂ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਵਿਖੇ ਸੰਪੰਨ ਹੋਵੇਗਾ। ਤਕਰੀਬਨ ਦੁਪਹਿਰ 1 ਵਜੇ ਨਗਰ ਕੀਰਤਨ ਦਾ ਵਿਸ਼ਰਾਮ ਅਤੇ ਲੰਗਰ ਪਿੰਡ ਡੱਲੀ ਦੀਆਂ ਸਮੂਹ ਨਗਰ ਨਿਵਾਸੀ ਸੰਗਤਾਂ ਵੱਲੋਂ ਹੋਵੇਗਾ। ਇਸ ਨਗਰ ਕੀਰਤਨ ਦਾ ਲਾਈਵ ਪ੍ਰਸਾਰਨ ਵੀ ਹੋਵੇਗਾ। ਇਸ ਮੌਕੇ ਰਾਮ ਲੁਭਾਇਆ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਨਵੀਂ ਆਬਾਦੀ, ਜਗਦੀਸ਼ ਲਾਲ, ਰਾਕੇਸ਼ ਬੱਗਾ, ਹੈਪੀ ਡੱਲੀ, ਇੰਦਰਜੀਤ ਸਿੰਘ, ਕਮਲਜੀਤ, ਚਰਨਜੀਤ ਸਿੰਘ, ਹਰਜੀਤ ਸਿੰਘ, ਅਰਸ਼ ਡੱਲੀ, ਰਾਮ ਲਾਲ, ਵਿਪਿਨ ਕੁਮਾਰ, ਮਿੰਟੂ, ਅਮਰੀਕ ਲਾਲ, ਨਰਿੰਦਰ ਸਿੰਘ, ਸੁੱਚਾ ਸਿੰਘ, ਰਜਿੰਦਰ ਕੁਮਾਰ, ਜਸਵਿੰਦਰ ਕੁਮਾਰ, ਕੁਲਵਿੰਦਰ ਸਿੰਘ, ਰੋਸ਼ਨ ਲਾਲ, ਵਿਕੀ, ਗੁਰਦੀਪ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

**ਰਿਪੋਰਟ- ਚਰਨਜੀਤ ਸਿੰਘ ਬਿਨਪਾਲਕੇ (ਜਲੰਧਰ)**

## ਨਿਊ ਜਰਸੀ ਵਿਚ ਪ੍ਰਾਇਮਰੀ ਚੋਣ ਮੁਹਿੰਮ ਦੌਰਾਨ ਸਿੱਖ ਆਗੂ ਨੇ ਚੌਥੀ ਤਿਮਾਹੀ ਦੌਰਾਨ 9 ਲੱਖ ਡਾਲਰ ਤੋਂ ਵਧ ਫੰਡ ਜੁਟਾਇਆ



**ਸੈਕਰਾਮੈਂਟੋ, ਕੈਲਫੋਰਨੀਆ (ਹੁਸਨ ਲੜੋਆ ਬੰਗਾ)**-ਨਿਊਜਰਸੀ ਦੀ 8 ਵੀਂ ਕਾਂਗਰਸ ਡਿਸਟ੍ਰਿਕਟ ਸੀਟ ਤੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਲੜੇ ਰਹੇ ਸਿੱਖ ਆਗੂ ਰਵਿੰਦਰ ਸਿੰਘ ਭੱਲਾ (ਰਵੀ ਭੱਲਾ) ਨੇ ਐਲਾਨ ਕੀਤਾ ਹੈ ਕਿ ਚੌਥੀ ਤਿਮਾਹੀ ਦੌਰਾਨ ਉਸ ਨੇ ਨਿੱਜੀ ਦਾਨੀਆਂ ਤੋਂ 9,74,000 ਡਾਲਰ ਫੰਡ ਜੁਟਾਇਆ ਹੈ ਤੇ ਚੌਥੀ ਤਿਮਾਹੀ ਦੇ ਅੰਤ ਵਿੱਚ ਉਸ ਕੋਲ ਕੁਲ ਨਕਦੀ 9,14,000 ਡਾਲਰ ਦੀ ਹੈ। ਪ੍ਰਾਇਮਰੀ ਚੋਣ ਵਿਚ ਉਹ ਨਿਊ ਜਰਸੀ ਦੇ ਮੌਜੂਦਾ ਪ੍ਰਤੀਨਿੱਧ ਰਾਬ ਮੈਨਨਡੇਜ਼ ਜੁਨੀਅਰ ਵਿਰੁੱਧ ਚੋਣ ਮੈਦਾਨ ਵਿਚ ਹਨ । ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਜਾਣੇ ਪਛਾਣੇ ਰਾਜਸੀ ਆਗੂ ਹਨ ਤੇ ਉਹ ਮਨੁੱਖੀ ਹੱਕਾਂ ਦੇ ਅਲੰਬਰਦਾਰ ਹਨ। ਹੁਣ ਤੱਕ ਉਹ 11 ਲੱਖ ਡਾਲਰ ਫੰਡ ਜੁਟਾ ਚੁੱਕੇ ਹਨ। ਉਨਾਂ ਨੇ ਕਿਹਾ ਹੈ ਕਿ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਨੂੰ ਆਮ ਲੋਕਾਂ ਨੇ ਫੰਡ ਦਿੱਤਾ ਹੈ ਜਦ ਕਿ ਮੇਰੇ ਵਿਰੋਧੀ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ। ਉਨਾਂ ਕਿਹਾ ਕਿ ਉਹ ਸਾਰਿਆਂ ਲਈ ਉੱਚ ਪੱਧਰੀ ਸਿਹਤ ਸੇਵਾਵਾਂ ਲਈ ਯਤਨ ਕਰਨਗੇ, ਵਾਤਾਵਰਣ ਤਬਦੀਲੀ ਵਿਰੁੱਧ ਜਦੋਜਹਿਦ ਕਰਨਗੇ ਤੇ ਹਮੇਸ਼ਾਂ ਆਮ ਲੋਕਾਂ ਦੇ ਨਾਲ ਖੜੇ ਰਹਿਣਗੇ।

## ਪਿਆਰੇ ਲਾਲ ਨੂੰ ਪਦਮ ਭੂਸ਼ਣ: ਮੇਰੇ ਪਿਤਾ ਵੀ ਪੁਰਸਕਾਰ ਦੇ ਹੱਕਦਾਰ: ਲਕਸ਼ਮੀਕਾਂਤ ਦੀ ਧੀ



**ਮੁੰਬਈ-** ਮਸ਼ਹੂਰ ਸੰਗੀਤਕਾਰ ਲਕਸ਼ਮੀਕਾਂਤ ਦੀ ਬੇਟੀ ਨੇ ਕਿਹਾ ਹੈ ਕਿ ਲਕਸ਼ਮੀਕਾਂਤ-ਪਿਆਰੇਲਾਲ ਦੀ ਜੋੜੀ ਨੇ 700 ਤੋਂ ਵੱਧ ਫਿਲਮਾਂ 'ਚ ਸੰਗੀਤ ਦਿੱਤਾ ਅਤੇ ਉਹ ਪਿਆਰੇਲਾਲ ਨੂੰ ਪਦਮ ਭੂਸ਼ਣ ਦੇਣ ਦੇ ਫੈਸਲੇ ਦਾ ਸਵਾਗਤ ਕਰਦੀ ਹੈ ਪਰ ਉਸ ਦੇ ਮਰਹੂਮ ਪਿਤਾ ਨੂੰ ਵੀ ਇਹ ਸਨਮਾਨ ਮਿਲਣਾ ਚਾਹੀਦਾ ਹੈ। ਲਕਸ਼ਮੀਕਾਂਤ ਦੇ ਪਰਿਵਾਰ ਨੇ ਇਸ ਮਾਮਲੇ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਪੱਤਰ ਵੀ ਲਿਖਿਆ ਹੈ। ਰਾਜੇਸ਼ਵਰੀ ਲਕਸ਼ਮੀਕਾਂਤ ਨੇ ਕਿਹਾ, 'ਅਸੀਂ ਬਹੁਤ ਖੁਸ਼ ਹਾਂ ਕਿ ਪਿਆਰੇਲਾਲ ਅੰਕਲ ਨੂੰ ਆਖਰਕਾਰ ਪੁਰਸਕਾਰ ਮਿਲ ਗਿਆ ਹੈ। ਸਾਨੂੰ ਲੱਗਦਾ ਹੈ ਕਿ ਜਦੋਂ ਪਦਮ ਭੂਸ਼ਣ ਪੁਰਸਕਾਰ ਦੀ ਗੱਲ ਆਉਂਦੀ ਹੈ ਤਾਂ ਤੁਸੀਂ ਲਕਸ਼ਮੀਕਾਂਤ-ਪਿਆਰੇਲਾਲ ਨੂੰ ਵੱਖ ਕਰਕੇ ਨਹੀਂ ਦੇਖ ਸਕਦੇ। ਪਿਆਰੇਲਾਲ ਅੰਕਲ ਨੂੰ ਸਿਰਫ਼ ਇਸ ਲਈ ਪੁਰਸਕਾਰ ਦਿੱਤਾ ਹੈ ਕਿ ਉਹ ਦੁਨੀਆ 'ਚ ਹਨ ਤੇ ਮੇਰੇ ਪਿਤਾ ਜੀ ਦੀ ਨਹੀਂ ਹਨ।'


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


## Matrimonials

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:

**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**

# ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਪਾਕੁਰਾ ਵਿਖੇ ਭਾਈ ਲਵਦੀਪ ਸਿੰਘ ਦੇ ਰਾਗੀ ਜੱਥੇ ਨੂੰ ਵਿਦਾਇਗੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਪਾਕੁਰਾ ਵਿਖੇ ਹਜ਼ੂਰੀ ਰਾਗੀ ਭਾਈ ਲਵਦੀਪ ਸਿੰਘ, ਭਾਈ ਗੁਰਪ੍ਰੀਤ ਸਿੰਘ (ਸਹਾਇਕ ਰਾਗੀ) ਅਤੇ ਭਾਈ ਚਰਨਜੀਤ ਸਿੰਘ (ਤਬਲਾ ਵਾਦਕ) ਬੀਤੇ ਲਗਪਗ 14 ਮਹੀਨਿਆਂ ਤੋਂ ਕੀਰਤਨ ਅਤੇ ਗ੍ਰੰਥੀ ਸਿੰਘਾਂ ਦੀਆਂ ਸੇਵਾਵਾਂ ਨਿਭਾਅ ਰਹੇ ਸਨ। ਸਿੱਖੀ ਬਾਣੇ ਦੇ ਵਿਚ ਹਮੇਸ਼ਾਂ ਕੀਰਤਨ ਕਰਦਾ ਇਹ ਜੱਥਾ ਸੰਗਤਾਂ ਦੇ ਵਿਚ ਕਾਫੀ ਹਰਮਨ ਪਿਆਰਾ ਸੀ। ਨਿਊਜ਼ੀਲੈਂਡ ਦੌਰੇ ਦੇ ਅੱਜ ਆਖਰੀ ਕੀਰਤਨ ਦੀਵਾਨ ਵਿਚ ਉਨ੍ਹਾਂ ਬਹੁਤ ਹੀ ਰਸਭਿੰਨਾ ਕੀਰਤਨ ਕੀਤਾ। ਕੀਰਤਨ ਉਪਰੰਤ ਗੁਰਦੁਆਰਾ ਕਮੇਟੀ ਤੋਂ ਸ। ਹਰਭਜਨ ਦਾਸ ਭੂੰਡਪਾਲ ਹੋਰਾਂ ਨੇ ਇਸ ਰਾਗੀ ਜੱਥੇ ਦਾ ਧੰਨਵਾਦ ਕੀਤਾ ਅਤੇ ਗੁਰੂ ਘਰ ਵਲੋਂ ਸਤਿਕਾਰ ਦਿੰਦਿਆ ਸਿਰੋਪਾਏ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਭਾਈ ਲਵਦੀਪ ਸਿੰਘ ਨੇ ਅਖੀਰ ਦੇ ਵਿਚ ਸੰਗਤਾਂ ਦਾ ਭਾਵਪੂਰਕ ਹੁੰਦਿਆ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਕੁਝ ਬੇਨਤੀਆਂ ਕੀਤੀਆਂ ਕਿ ''ਜਦੋਂ ਵੀ ਗੁਰਦੁਆਰਾ ਸਾਹਿਬ ਆਓ ਤਾਂ ਸਾਰਾ ਸਮਾਂ ਗੁਰੂ ਵਾਲੇ ਪਾਸੇ ਲਾਓ, ਗੁਰਬਾਣੀ ਸਰਵਣ ਕਰੋ ਅਤੇ ਵਿਚਾਰਾਂ ਨੂੰ ਸੁਹਿਰਦ ਹੋ ਕੇ ਚੇਤਿਆਂ ਵਿਚ ਵਸਾ ਕੇ ਲੈ ਕੇ ਜਾਓ। ਉਨ੍ਹਾਂ ਬੇਨਤੀ ਕੀਤੀ ਕਿ ਦੀਵਾਨ ਦੀ ਸਮਾਪਤੀ ਉਤੇ ਆਮ ਤੌਰ 'ਤੇ ਸੰਗਤਾਂ ਹਾਲ ਵਿਚ ਉਸੇ ਵੇਲੇ ਸੰਸਾਰੀ ਗੱਲਾਂ ਕਰਨ ਲੱਗ ਜਾਂਦੀਆਂ ਹਨ, ਉਸ ਵੇਲੇ ਅਜੇ ਪ੍ਰਸ਼ਾਦ ਵੀ ਵਰਤ ਰਿਹਾ ਹੁੰਦਾ ਹੈ, ਸੋ ਅਜਿਹਾ ਕਰਨ ਤੋ ਸੰਕੋਚ ਕੀਤਾ ਜਾਵੇ। ਉਨ੍ਹਾਂ ਪਾਪਾਕੁਰਾ ਦੀ ਸੰਗਤ ਅਤੇ ਮੈਨੇਜਮੈਂਟ ਦਾ ਬਹੁਤ-ਬਹੁਤ ਧੰਨਵਾਦ ਕੀਤਾ।'' ਇਸ ਅਸਥਾਨ ਉਤੇ ਅਗਲੇ ਹਫ਼ਤੇ ਨਵਾਂ ਰਾਗੀ ਜੱਥਾ ਪਹੁੰਚ ਰਿਹਾ ਹੈ।





ਅੰਬੇਸਡਰ ਰਮੇਸ਼ ਚੰਦਰ ਜੀ ਦੀ ਲਿਖੀ ਅੰਗਰੇਜ਼ੀ ਪੁੱਸਤਕ ਸਮ ਰੈਂਡਮ ਥੌਟਸ ਆਫ ਬਾਬਾ ਸਾਹਿਬ ਅੰਬੇਡਕਰ ਐਂਡ ਹਿਜ਼ ਲੈਗੇਸੀ ਦਾ ਬਿਟਸ ਐਂਡ ਪੀਸਜ਼, ਪੰਜਾਬ ਬੁਧਿਸਟ ਸੁਸਾਇਟੀ ਦੇ ਪ੍ਰਧਾਨ ਸ੍ਰੀ ਹਰਭਜਨ ਲਾਲ ਸਾਂਪਲਾ ਜੀ ਨੂੰ ਬੁੱਧ ਵਿਹਾਰ ਸੋਫੀ ਪਿੰਡ ਵਿੱਖੇ ਬੁੱਧ ਵਿਹਾਰ ਸੋਫੀ ਪਿੰਡ ਤੇ ਤਕਸ਼ਿਲਾ ਬੁੱਧ ਵਿਹਾਰ ਕਾਦੀਆਂ ਵਾਸਤੇ ਇੱਕ ਇੱਕ ਕਾਪੀ ਸਮਰਪਤ ਕਰਦੇ ਹੋਏ ਮਨਜੀਤ ਸਿੰਘ ਦੀਪ ਨਗਰ ਜਲੰਧਰ (ਸ੍ਰੀ ਅਰੁਨ ਕੁਮਾਰ ਜਨਰਲ ਸਕੱਤਰ ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁਧਿੱਸਟ ਆਰਗੈਨਾਈਜ਼ੇਸ਼ਨ ਯੂ ਕੇ ਜਿਹਨਾਂ ਨੇ ਇਸ ਕਿਤਾਬ ਦਾ ਫਾਰਵਰਡ ਲਿਖਿਆ ਹੈ, ਦੇ ਛੋਟੇ ਭਰਾ), ਮਿੱਤੀ 4 ਫਰਵਰੀ 2024

# ਗੁਰਜੀਤ ਸਿੰਘ ਦੀ ਹੱਤਿਆ ਦੀ ਜਾਂਚ-ਪੜ੍ਹਤਾਲ

## ਪੁਲਿਸ ਨੇ 33 ਸਾਲਾ ਵਿਅਕਤੀ ਨੂੰ ਕੀਤਾ ਗ੍ਰਿਫਤਾਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਡੁਨੀਡਨ ਵਿਖੇ ਕਤਲ ਕੀਤੇ ਗਏ ਗੁਰਜੀਤ ਸਿੰਘ ਮੱਲ੍ਹੀ ਦੇ ਮਾਮਲੇ ਵਿਚ ਇਕ 33 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸਦੀ ਪਛਾਣ ਅਜੇ ਨਹੀਂ ਦੱਸੀ ਜਾ ਰਹੀ। ਇਸ ਵਿਅਕਤੀ ਨੂੰ ਅੱਜ ਸ਼ਾਮ ਜ਼ਿਲ੍ਹਾ ਅਦਾਲਤ ਦੇ ਵਿਚ ਪੇਸ਼ ਕੀਤਾ ਜਾਵੇਗਾ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਅਜੇ ਖਤਮ ਨਹੀਂ ਹੋਈ,




ਕਿਉਂਕਿ ਕਈ ਵਾਹਨ, ਇੱਕ ਹੋਰ ਰਿਹਾਇਸ਼ੀ ਜਾਇਦਾਦ ਅਤੇ ਕੰਮ ਵਾਲੀ ਥਾਂ ਉਤੇ ਅਜੇ ਵੀ ਜਾਂਚ ਚੱਲ ਰਹੀ ਹੈ। ਜਾਂਚਕਾਰਾਂ ਦੀ ਇੱਕ ਵੱਡੀ ਟੀਮ ਨੇ ਇਸ ਕੇਸ 'ਤੇ ਵਿਆਪਕ ਤੌਰ 'ਤੇ ਕੰਮ ਕੀਤਾ ਹੈ, ਪਰ ਅਜੇ ਵੀ ਕੰਮ ਕਰਨਾ ਬਾਕੀ ਹੈ। ਪੁਲਿਸ ਨੇ ਕਿਹਾ ਕਿ ਅਸੀਂ ਜਨਤਾ ਦੇ ਮੈਂਬਰਾਂ ਦਾ ਉਹਨਾਂ ਦੀ ਜਾਣਕਾਰੀ ਅਤੇ ਪ੍ਰਦਾਨ ਕੀਤੀ ਸੀਸੀਟੀਵੀ ਫੁਟੇਜ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ, ਜਿਸ ਨੇ ਜਾਂਚ ਵਿੱਚ ਬਹੁਤ ਮਦਦ ਕੀਤੀ ਹੈ।

# ਇਕ ਸਾਲ ਦੇ ਵਿਚ 10 ਲੱਖ ਤੋਂ ਵੱਧ ਲੋਕਾਂ ਦੇ ਲਈ ਵੀਜ਼ਿਆਂ ਦਾ ਕੀਤਾ ਗਿਆ ਫੈਸਲਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਇਮੀਗ੍ਰੇਸ਼ਨ ਨਿਊਜ਼ੀਲੈਂਡ ਦੇ 2023 ਦੇ ਵਰ੍ਹੇ ਨੂੰ ਵੀਜ਼ਿਆਂ ਦਾ ਵਰ੍ਹਾ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਲੇਬਰ ਸਰਕਾਰ ਦੀਆਂ ਸਕੀਮਾਂ ਨੇ ਵੀਜ਼ਾਂ ਅਰਜ਼ੀਆਂ ਨੂੰ ਆਨ ਲਾਈਨ ਕਰਕੇ ਅਤੇ ਹੋਰ ਸੌਖਾ ਕਰਦਿਆਂ ਅਜਿਹਾ ਵਰਤਾਰਾ ਵਰਤਾਇਆ ਕਿ ਇਮੀਗ੍ਰੇਸ਼ਨ ਇਕ ਇਤਿਹਾਸਕ ਪ੍ਰਾਪਤੀ ਦਾ ਜਸ਼ਨ ਮਨਾ ਰਹੀ ਹੈ। ਸਾਲ 2023 ਦੇ ਵਿਚ 10 ਲੱਖ ਤੋਂ ਵੱਧ ਲੋਕਾਂ ਦੀਆਂ ਵੀਜ਼ਾਂ ਅਰਜ਼ੀਆਂ ਦੇ ਉਤੇ ਇਮੀਗ੍ਰੇਸ਼ਨ ਨੇ ਆਪਣੇ ਫੈਸਲਾ ਬਣਾਇਆ। ਵਿਜ਼ਟਰ ਵੀਜ਼ਾ ਅਰਜ਼ੀਆਂ: ਸਾਲ 2023 ਦੇ ਵਿਚ 519,417 ਅਰਜ਼ੀਆਂ ਵਿਜ਼ਟਰ ਵੀਜ਼ੇ ਵਾਸਤੇ ਆਈਆਂ ਅਤੇ ਇਨ੍ਹਾਂ ਦੇ ਵਿਚੋਂ 81% ਨੂੰ ਵੀਜ਼ਾ ਦੇ ਦਿੱਤਾ ਗਿਆ।

ਈ।ਟੀ।ਏ ਅਰਜ਼ੀਆਂ: ਸਾਲ 2023 ਦੇ ਵਿਚ 14 ਲੱਖ ਲੋਕਾਂ ਨੇ ਆਨ ਲਾਈਨ ਇਲੈਕਟ੍ਰਾਨਿਕ ਟ੍ਰੈਵਲ ਅਥਾਰਟੀ ਅਰਜ਼ੀਆਂ ਪ੍ਰਾਪਤ ਕੀਤੀਆਂ ਅਤੇ 99.89% ਅਰਜ਼ੀਆਂ ਨੂੰ ਇਥੇ ਆਉਣ ਲਈ ਆਨ ਲਾਈਨ ਆਗਿਆ ਦਿੱਤੀ ਗਈ। ਇਹ ਵੀਜ਼ਾ ਮੁਕਤ ਦੇਸ਼ਾਂ ਦੇ ਲੋਕਾਂ ਦੇ ਲਈ ਕਰਨਾ ਹੁੰਦਾ ਹੈ। ਪੂਰੇ ਸਾਲ ਦੇ ਵਿਚ ਨਿਊਜ਼ੀਲੈਂਡ ਦੀਆਂ ਸਰਹੱਦਾਂ ਉਤੇ 11 ਲੱਖ 50 ਹਜ਼ਾਰ ਲੋਕਾਂ ਦਾ ਆਣ-ਜਾਣ ਲੱਗਾ ਰਿਹਾ।

ਮੁੱਖ ਅੰਕੜੇ

- 1 ਮਿਲੀਅਨ ਤੋਂ ਵੱਧ ਵੀਜ਼ਾ ਫੈਸਲੇ ਕੀਤੇ ਗਏ ਸਨ।
- ਨਿਊਜ਼ੀਲੈਂਡ ਦੀ ਸਰਹੱਦ 'ਤੇ 11.5 ਮਿਲੀਅਨ ਤੋਂ ਵੱਧ ਮੂਵਮੈਂਟ ਹੋਈ।
- ਬਾਰਡਰ ਪੈਟਰੋਲ 'ਤੇ 3 ਮਿਲੀਅਨ ਤੋਂ ਵੱਧ ਲੋਕ ਕੈਮਾਹੀ (ਕਾਮੇ) ਵਾਸਤੇ ਆਏ।
- 150 ਤੋਂ ਵੱਧ ਸਮੂਹਿਕ ਜਨਤਕ ਈਮੇਲਾਂ ਭੇਜੀਆਂ ਗਈਆਂ, ਕੁੱਲ ਮਿਲਾ ਕੇ ਗਾਹਕਾਂ ਅਤੇ ਹਿੱਸੇਦਾਰਾਂ ਨੂੰ ਲਗਭਗ 3 ਮਿਲੀਅਨ ਈਮੇਲਾਂ ਦੇ ਨਾਲ-ਨਾਲ 38 ਦੇਸ਼ਾਂ ਦੇ ਲੋਕਾਂ ਤੱਕ ਪਹੁੰਚਣ ਵਾਲੀਆਂ 5 ਅੰਤਰਰਾਸ਼ਟਰੀ ਮਾਰਕੀਟਿੰਗ ਮੁਹਿੰਮਾਂ ਚਲਾਈਆਂ ਗਈਅ।
- 519,400 ਤੋਂ ਵੱਧ ਵਿਜ਼ਟਰ ਵੀਜ਼ਾ ਅਰਜ਼ੀਆਂ ਆਈਆਂ ਸਨ ਅਤੇ 81% ਨੂੰ ਮਨਜ਼ੂਰੀ ਦਿੱਤੀ ਗਈ ਸੀ।
- 1.4 ਮਿਲੀਅਨ ਤੋਂ ਵੱਧ NZe"1 ਜਮ੍ਹਾ ਹੋਏ ਅਤੇ 99।89% ਨੂੰ ਮਨਜ਼ੂਰੀ ਦਿੱਤੀ ਗਈ ਸੀ।
- 15,749 ਰੁਜ਼ਗਾਰਦਾਤਾ ਮਾਨਤਾ ਪ੍ਰਾਪਤ ਰੁਜ਼ਗਾਰਦਾਤਾ ਵਜੋਂ ਮੰਜ਼ੂਰ ਹੋਏ ਅਤੇ ਵਰਕ ਵੀਜ਼ਾ (ਓਓੱੜ) ਨੀਤੀ ਦੇ ਤਹਿਤ ਵੀਜ਼ਿਆਂ ਲਈ ਮਾਨਤਾ ਪ੍ਰਾਪਤ ਹੋਏ।
- ਲਗਭਗ 2।2 ਮਿਲੀਅਨ ਦਸਤੀ ਪਛਾਣ ਪੱਤਰਾਂ ਨੂੰ ਅਧਿਐਨ ਕੀਤਾ ਗਿਆ।
- ਲਗਭਗ 2,000 15WV ਪੋਸਟ-ਐਕਰੀਡੇਸ਼ਨ ਚੈਕਿੰਗ ਕੀਤੀ ਗਈ।
-79,000 ਤੋਂ ਵੱਧ 15ੱੜ ਅਰਜ਼ੀਆਂ ਜਮ੍ਹਾ ਕੀਤੀਆਂ ਗਈਆਂ ਸਨ ਅਤੇ 88% ਨੂੰ ਮਨਜ਼ੂਰੀ ਦਿੱਤੀ ਗਈ ਸੀ।
- 46,703 ਕੰਮਕਾਜੀ ਛੁੱਟੀਆਂ (Workng Hoilday)




ਦੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਅਤੇ 95% ਨੂੰ ਮਨਜ਼ੂਰੀ ਦਿੱਤੀ ਗਈ ਸੀ। 2,344 ਕੰਮਕਾਜੀ ਛੁੱਟੀਆਂ ਵਧਾਉਣ ਦੀਆਂ ਅਰਜ਼ੀਆਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਸੀ।

- ਰੈਜ਼ੀਡੈਂਟ ਵੀਜ਼ਾ-2021 ਅਧੀਨ 99% ਅਰਜ਼ੀਆਂ ਦਾ ਫੈਸਲਾ ਕੀਤਾ ਗਿਆ - 80% ਅਰਜ਼ੀਆਂ ਨਿਰਧਾਰਤ ਸਮੇਂ ਤੋਂ ਤਿੰਨ ਮਹੀਨੇ ਪਹਿਲਾਂ ਨਿਬੇੜੀਆਂ ਗਈਆਂ।
- 90,067 ਵਿਦਿਆਰਥੀ ਵੀਜ਼ਿਆਂ ਦਾ ਫੈਸਲਾ ਕੀਤਾ ਗਿਆ ਸੀ - ਇਹਨਾਂ ਵਿੱਚੋਂ 75% ਨੂੰ ਮਨਜ਼ੂਰੀ ਦਿੱਤੀ ਗਈ ਸੀ।
- 18,400 ਤੋਂ ਵੱਧ ਮਾਨਤਾ ਪ੍ਰਾਪਤ ਮੌਸਮੀ ਰੁਜ਼ਗਾਰਦਾਤਾ Seasonal Employer ਦੀਆਂ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਸੀ।
- 1,507 ਸ਼ਰਨਾਰਥੀਆਂ ਨੂੰ ਨਿਊਜ਼ੀਲੈਂਡ ਵਿੱਚ ਮੁੜ ਵਸਾਇਆ ਗਿਆ ਸੀ।
- 567 ਲੋਕਾਂ ਨੂੰ ਰਿਫਿਊਜੀ ਫੈਮਿਲੀ ਸਪੋਰਟ ਕੈਟਾਗਰੀ ਦੇ ਤਹਿਤ ਅਤੇ 33 ਸ਼ਰਨਾਰਥੀਆਂ ਨੂੰ ਕਮਿਊਨਿਟੀ ਆਰਗੇਨਾਈਜ਼ੇਸ਼ਨ ਰਿਫਿਊਜੀ ਸਪਾਂਸਰਸ਼ਿਪ ਪਾਇਲਟ ਅਧੀਨ ਪੁਨਰਵਾਸ ਕੀਤਾ ਗਿਆ ਸੀ।
- 40 ਤੋਂ ਵੱਧ ਸੋਧ ਸਰਕੂਲਰ ਵੰਡੇ ਜਾ ਚੁੱਕੇ ਹਨ।

# ਸਮਾਜਿਕ ਨੈਟਵਰਕ 'ਫੇਸ ਬੁੱਕ' ਦਾ ਜਾਲ 3.05 ਬਿਲੀਅਨ ਲੋਕਾਂ ਦੇ ਵਿਚ ਹੈ ਫੈਲਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਫ਼ੇਸਬੁੱਕ ਇੱਕ ਆਜ਼ਾਦ ਸਮਾਜਿਕ ਨੈੱਟਵਰਕ ਅਮਰੀਕੀ ਆਨਲਾਈਨ ਸੋਸ਼ਲ ਨੈਟਵਰਕਿੰਗ ਸਰਵਿਸ ਹੈ, ਜੋ ਕਿ 'ਫ਼ੇਸਬੁੱਕ ਇਨਕੌਰ-ਪੋਰੇਟਡ' ਦੁਆਰਾ ਚਲਾਈ ਜਾਂਦੀ ਹੈ। ਕੰਪਨੀ ਦਾ ਮੁੱਖ ਦਫਤਰ ਕੈਲੀਫੋਰਨੀਆ ਦੇ ਮੇਨਲੋ ਪਾਰਕ ਵਿੱਚ ਸਥਿਤ ਹੈ। ਫ਼ੇਸਬੁੱਕ ਨੂੰ ਮਾਰਕ ਜ਼ੁਕਰਬਰਗ ਨੇ ਆਪਣੇ ਹਾਰਵਰਡ ਕਾਲਜ਼ ਦੇ 4 ਜਮਾਤੀਆਂ ਏਡੁਆਰਦੋ ਸਵਰੇਨ, ਐਂਡ੍ਰਿਯੂ ਮਕਕੌਲੁਮ, ਡੁਸਟੀਨ ਮੋਸਕੋਵਿਟਜ਼ ਅਤੇ ਕ੍ਰਿਸ ਹੁਗੈਸ ਨਾਲ ਮਿਲ ਕੇ 4 ਫਰਵਰੀ 2004 ਨੂੰ ਜਾਰੀ ਕੀਤਾ ਸੀ।



ਸਾਲ 2024 ਦੇ ਤਾਜ਼ਾ ਅੰਕੜਿਆਂ ਅਨੁਸਾਰ ਇਸ ਦੇ 3।05 ਬਿਲੀਅਨ ਤੋਂ ਜ਼ਿਆਦਾ ਸਰਗਰਮ ਮਹੀਨਾਵਾਰ ਵਰਤੋਂਕਾਰ ਹਨ, ਜਿੰਨ੍ਹਾਂ ਵਿਚੋਂ ਅੱਧੇ ਤੋਂ ਜ਼ਿਆਦਾ ਇਸ ਨੂੰ ਮੋਬਾਈਲ ਫ਼ੋਨ ਜ਼ਰੀਏ ਵਰਤਦੇ ਹਨ। ਇਸ ਨੂੰ ਵਰਤਣ ਤੋਂ ਪਹਿਲਾਂ ਵਰਤੋਂਕਾਰ ਨੂੰ ਫੇਸ ਬੁੱਕ ਉਤੇ ਦਰਜ ਹੋਣਾ ਪੈਂਦਾ ਹੈ ਜਿਸ ਤੋਂ ਬਾਅਦ ਉਹ ਹੋਰ ਦੋਸਤ ਬਣਾ ਸਕਦਾ ਹੈ, ਤਸਵੀਰਾਂ ਅਤੇ ਸੁਨੇਹਿਆਂ ਦਾ ਲੈਣ-ਦੇਣ ਕਰ ਸਕਦਾ ਹੈ। ਉਹ ਕਿਸੇ ਸਕੂਲ, ਕਾਲਜ ਦੇ ਸਮੂਹ ਵਿੱਚ ਵੀ ਸ਼ਾਮਿਲ ਹੋ ਸਕਦੇ ਹਨ ਅਤੇ ਆਪਣੇ ਦੋਸਤਾਂ ਨੂੰ ਸ਼੍ਰੇਣੀਆਂ, ਜਿਵੇਂ ਨਜ਼ਦੀਕੀ ਦੋਸਤ ਆਦਿ, ਵਿੱਚ ਵੀ ਵੰਡ ਸਕਦੇ ਹਨ॥ ਪਹਿਲਾਂ ਇਸ ਦੀ ਮੈਂਬਰਸ਼ਿਪ ਸਿਰਫ਼ ਹਾਵਰਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਾਸਤੇ ਹੀ ਸੀ ਪਰ ਫਿਰ ਇਸ ਨੂੰ ਸਭ ਵਾਸਤੇ ਖੋਲ੍ਹ ਦਿੱਤਾ ਗਿਆ। ਸਿਰਫ਼ 10 ਸਾਲ ਵਿੱਚ ਹੀ ਇਹ ਦੁਨੀਆ ਦਾ ਸਭ ਤੋਂ ਵੱਡਾ ਸਮਾਜਿਕ ਮੇਲ-ਜੋਲ ਸੇਵਾ ਬਣ ਗਿਆ। 2019 ਵਿੱਚ ਇਸ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ 249 ਕਰੋੜ ਤੋਂ ਵੱਧ ਸੀ। ਇਨ੍ਹਾਂ ਵਿਚੋਂ ਅੱਧੇ ਤੋਂ ਵੱਧ 18 ਤੋਂ 24 ਸਾਲ ਦੀ ਉਮਰ ਦੇ ਨੌਜਵਾਨ ਹਨ। ਇਸ ਨੂੰ ਵਰਤਣ ਵਾਲਿਆਂ ਦੀ ਸਭ ਤੋਂ ਵੱਧ ਗਿਣਤੀ ਭਾਰਤ ਦੀ ਹੈ; ਅਮਰੀਕਾ ਦੂਜੇ ਸਥਾਨ 'ਤੇ, ਇੰਡੋਨੇਸ਼ੀਆ ਤੀਜੇ ਸਥਾਨ 'ਤੇ ਹੈ। ਭਾਰਤ ਵਿੱਚ 30 ਕਰੋੜ ਦੇ ਕਰੀਬ ਲੋਕ ਇਸ ਦੀ ਵਰਤੋਂ ਕਰਦੇ ਹਨ। ਫ਼ੇਸਬੁੱਕ ਕਈ ਵਿਵਾਦਾਂ ਦਾ ਵਿਸ਼ਾ ਰਿਹਾ ਹੈ, ਅਕਸਰ ਹੀ ਫ਼ੇਸਬੁੱਕ 'ਤੇ ਉਪਭੋਗਤਾ ਦੀ ਗੋਪਨੀਯਤਾ ਨੂੰ ਲੈ ਕੇ ਖਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।

# ਪੁਲਿਸ ਦਾ ਵੱਡਾ ਦਲ ਮੌਤ ਦੀ ਜਾਂਚ ਵਿਚ ਜੁਟਿਆ-ਤਿੱਖੀ ਵਸਤੂ ਨਾਲ ਹੋਏ ਅਨੇਕਾਂ ਵਾਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬੀਤੇ ਐਤਵਾਰ ਰਾਤ ਨੂੰ ਪਾਈਨ ਹਿੱਲ ਖੇਤਰ ਲਿਬਰਟਨ (ਡੁਨੀਡਨ) ਵਿਖੇ 27 ਸਾਲਾ ਗੁਰਜੀਤ ਸਿੰਘ ਦੀ ਬੇਦਰਦ ਤਰੀਕੇ ਨਾਲ ਹੱਤਿਆ ਕਰ ਦਿੱਤੀ ਗਈ ਸੀ ਜਿਸ ਦੀ ਲਾਸ਼ ਅਗਲੇ ਦਿਨ ਘਰ ਦੇ ਬਾਹਰ ਮਿਲੀ ਸੀ। ਪੁਲਿਸ ਪਹਿਲਾਂ ਇਸ ਮਾਮਲੇ ਵਿਚ ਕਈ ਹੋਰ ਸੰਭਾਵਨਾਵਾਂ ਉਤੇ ਕੰਮ ਕਰ ਰਹੀ ਸੀ, ਪਰ ਅੱਜ ਪੁਲਿਸ ਨੇ ਕਿਹਾ ਹੈ ਕਿ ਉਹ ਹੁਣ ਇਸ ਨੂੰ ਕਤਲ ਮੰਨ ਕੇ ਜਾਂਚ-ਪੜ੍ਹਤਾਲ ਵਿਚ ਲੱਗੀ ਹੈ। 25 ਦੇ ਕਰੀਬ ਪੁਲਿਸ ਅਫਸਰ ਇਸ ਕਤਲ ਦੀ ਗੁੱਥੀ ਨੂੰ ਸੁਲਝਾਉਣ ਦੀ ਕੋਸ਼ਿਸ਼ ਵਿਚ ਹਨ। ਪੁਲਿਸ ਅਨੁਸਾਰ ਉਸਦੇ ਸਰੀਰ ਉਤੇ ਅਨੇਕਾਂ ਕਿਸੀ ਤਿੱਖੀ ਵਸਤੂ ਦੇ ਵਾਰ ਕੀਤੇ ਹੋਏ ਮਿਲੇ ਹਨ। ਹਿਲੇਰੀ ਸਟਰੀਟ ਵਿਖੇ ਉਹ ਘਰ ਜਿੱਥੇ ਗੁਰਜੀਤ ਸਿੰਘ ਰਹਿੰਦਾ ਸੀ, ਨੂੰ ਜਾਂਦੇ ਰਾਹਾਂ ਉਤੇ ਵਸਦੇ ਲੋਕਾਂ ਦੇ ਘਰਾਂ ਦੇ ਸੀ। ਸੀ। ਟੀ।ਵੀ। ਤੋਂ ਸੁਰਾਗ ਲੈਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਗੁਰਜੀਤ ਸਿੰਘ ਦਾ ਕੋਈ ਪਰਿਵਾਰਕ ਮੈਂਬਰ ਵੀ ਇਥੇ ਪਹੁੰਚ ਰਿਹਾ ਹੈ ਜੋ



ਉਸਦੇ ਮ੍ਰਿਤਕ ਸਰੀਰ ਨੂੰ ਵਾਪਿਸ ਇੰਡੀਆ ਲਿਜਾਉਣ ਦੇ ਲਈ ਕਾਗਜ਼ ਪੱਤਰ ਤਿਆਰ ਕਰਵਾਏਗਾ ਅਤੇ ਹੋਰ ਕਰਨ ਵਾਲੇ ਕੰਮ ਕਰੇਗਾ। ਵਰਨਣਯੋਗ ਹੈ ਕਿ ਇਸ ਵੇਲੇ ਨਿਊਜ਼ੀਲੈਂਡ ਪੁਲਿਸ ਦੇ ਵਿਚ ਤਕਰੀਬਨ 200 ਤੋਂ ਵੱਧ ਪੁਲਿਸ ਅਫਸਰ (ਪੁਰਸ਼ ਤੇ ਮਹਿਲਾਵਾਂ) ਭਾਰਤੀ ਮੂਲ ਦੇ ਹਨ। ਪ੍ਰਵਾਸੀਆਂ ਨੂੰ ਕਿਤੇ ਨਾ ਕਿਤੇ ਇਨ੍ਹਾਂ ਪੁਲਿਸ ਅਫਸਰਾਂ ਦੇ ਕਾਰਨ ਜ਼ਿਆਦਾ ਸੁਰੱਖਿਆ ਤਾਂ ਮਹਿਸੂਸ ਹੁੰਦੀ ਹੋਵੇਗੀ, ਪਰ ਜੇਕਰ ਅਜਿਹੇ ਮੌਕਿਆਂ ਦੇ ਉਤੇ ਦਿਲ ਦਹਿਲਾ ਦੇਣ ਵਾਲੀ ਘਟਨਾ ਸਬੰਧੀ ਜਾਣਕਾਰੀ ਹਾਸਿਲ ਕਰਕੇ ਕੋਈ ਮੀਡੀਆ ਰਿਲੀਜ਼ ਜਾਂ ਪੁਲਿਸ ਮਹਿਕਮੇ ਦੇ ਅਫਸਰਾਂ ਤੋਂ ਕੋਈ ਸੁਰੱਖਿਆ ਦੀ ਤਸੱਲੀ ਦੇਣ ਵਾਲਾ ਬਿਆਨ ਨਹੀਂ ਦਿਵਾਇਆ ਜਾਂਦਾ ਤਾਂ ਕਿਤੇ ਨਾ ਕਿਤੇ ਖਾਸ ਤੌਰ 'ਤੇ ਪੀੜ੍ਹਤ ਪਰਿਵਾਰ ਲਈ ਅਤੇ ਬਾਕੀ ਭਾਰਤੀ ਪਰਿਵਾਰਾਂ ਦੇ ਲਈ ਇਹ ਨਿਰਾਸ਼ਾਜਨਕ ਗੱਲ ਹੋਵੇਗੀ। ਇਸ ਤੋਂ ਇਲਾਵਾ ਭਾਰਤੀ ਸੰਸਥਾਵਾਂ ਨੇ ਵੀ ਕਿਸੇ ਪ੍ਰਕਾਰ ਦੀ ਕੋਈ ਹਲਚਲ ਨਹੀਂ ਵਿਖਾਈ।

# ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਨਵੇਂ ਸਰਕਾਰੀ ਕਾਨੂੰਨ ਬਣਵਾਉਣ ਲਈ ਮੋਢੀ ਵਜੋਂ ਕੰਮ ਕਰੇਗੀ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੀ ਵਿਸ਼ੇਸ਼ ਮੀਟਿੰਗ ਸੈਂਟਰਲ ਵੈਲੀ, ਕੈਲੀਫੋਰਨੀਆਂ ਦੇ ਸਭ ਤੋਂ ਪੁਰਾਤਨ ਅਤੇ ਹੈਰੀਟੇਜ਼ ਦਰਜਾ ਪ੍ਰਾਪਤ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ" ਵਿਖੇ ਹੋਈ। ਜਿੱਥੇ ਸੈਂਟਰਲ ਵੈਲੀ ਦੇ ਸਮੂੰਹ ਗੁਰੂ ਘਰਾਂ ਦੇ ਮੈਂਬਰਾਂ ਤੋਂ ਇਲਾਵਾ ਬੇ-ਏਰੀਏ ਤੋਂ ਵੀ ਸੰਗਤਾਂ ਨੇ ਹਾਜ਼ਰੀ ਭਰੀ। ਮੀਟਿੰਗ ਦੀ ਸੁਰੂਆਤ ਮੂਲ-ਮੰਤਰ ਪਾਠ ਦੇ ਜਾਪ ਨਾਲ ਕੀਤੀ ਗਈ। ਜਿਸ ਉਪਰੰਤ ਸਿੱਖ ਕੌਸ਼ਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਚੀਮਾਂ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ, ਮੀਟਿੰਗ ਦੇ ਏਜੰਡੇ ਤੋਂ ਜਾਣੂ ਕਰਵਾਇਆ। ਇਸੇ ਤਰਾਂ ਸਥਾਨਿਕ ਗੁਰੂਘਰਾਂ ਅਤੇ ਅਗਲੇ ਆਉਣ ਵਾਲੇ ਧਾਰਮਿਕ ਪ੍ਰੋਗਰਾਮਾਂ ਅਤੇ ਸਿੱਖ ਭਾਈਚਾਰੇ ਵੱਲੋਂ ਆਪਣੀ ਪਹਿਚਾਣ ਲਈ ਕੀਤੇ ਜਾਣ ਵਾਲੇ ਹੋਰ ਨਵੇਂ ਪ੍ਰੋਗਰਾਮਾਂ ਬਾਰੇ ਵਿਚਾਰਾਂ ਹੋਈਆਂ।

ਇਸ ਮੀਟਿੰਗ ਦੇ ਅਗਲੇ ਵਿਸ਼ੇਸ਼ ਪੜਾਅ ਵਿੱਚ ਹੋਈ ਗੱਲਬਾਤ ਦਾ ਵਿਸ਼ਾ ਰਿਹਾ ਕਿ ਸਿੱਖ ਕੌਸ਼ਲ ਵੱਲੋਂ ਕੈਲੀਫੋਰਨੀਆਂ ਵਿੱਚ ਸਿੱਖ ਮੋਟਰ ਸਾਈਕਲ ਰਾਈਡਰ ਲਈ ਦਸਤਾਰ ਸਜਾ ਕੇ ਮੋਟਰ-ਸਾਈਕਲ ਚਲਾਉਣ ਲਈ ਬਣਨ ਵਾਲੇ ਕਾਨੂੰਨ ਵਿੱਚ ਕਿਉਂ ਅਤੇ ਕੀ ਰੁਕਾਵਟਾ ਆਈਆ ਅਤੇ ਉਨ੍ਹਾਂ ਨੂੰ ਸੁਲਝਾਉਣ ਲਈ ਕੀ ਉਪਰਾਲੇ ਹੋਣੇ ਚਾਹੀਦੇ ਹਨ। ਜਿਸ ਵਿੱਚ ਸਭ ਹਾਜ਼ਰੀਨ



ਨੇ ਆਪਣੀ-ਆਪਣੀ ਸਮਝ ਅਨੁਸਾਰ ਸਹਿਯੋਗ ਪਾਉਂਦੇ ਹੋਏ ਵਿਚਾਰਾਂ ਦੀ ਸਾਂਝ ਪਾਈ। ਅਜਿਹੇ ਸਿੱਖ ਭਾਈਚਾਰੇ ਦੇ ਮਸਲਿਆਂ ਬਾਰੇ ਸਮੂੰਹ ਸਿੱਖ ਜੱਥੇਬੰਦੀਆਂ ਅਤੇ ਗੁਰੂਘਰਾਂ ਦੇ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਸਿੱਖ ਕੌਸ਼ਲ ਨੂੰ ਅੱਗੇ ਹੋ ਭਾਈਚਾਰਕ ਮਸਲੇ ਸੁਲਝਾਉਣ, ਸਿੱਖੀ ਦੀ ਪਹਿਚਾਣ ਲਈ ਸਰਕਾਰੀ ਬਣਾਏ ਜਾ ਰਹੇ ਕਾਨੂੰਨਾਂ ਪ੍ਰਤੀ ਅੱਗੇ ਹੋ ਸਹੀ ਦਿਸ਼ਾ-ਨਿਰਦੇਸ਼ ਦੇਣ ਦੀ ਅਪੀਲ ਕੀਤੀ।

ਅੰਤ ਇਹ ਤਹਿ ਕੀਤਾ ਗਿਆ ਕਿ ਸਿੱਖ ਕੌਸ਼ਲ ਅੱਗੇ ਹੋ ਕੇ ਕੈਲੀਫੋਰਨੀਆਂ ਦੀਆਂ ਵੱਖ-ਵੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਸਿੱਖਾਂ ਦੀ ਪਹਿਚਾਣ ਅਤੇ ਹਿੱਤਾ ਦੀ ਰਾਖੇ ਲਈ ਨਵੇਂ ਕਾਨੂੰਨ ਬਣਾਉਣ ਵਿੱਚ ਹਰ ਸੰਭਵ ਯਤਨ ਕਰੇਗੀ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਇਸ ਤੋਂ ਪਹਿਲਾਂ ਵੀ ਸਿੱਖ ਭਾਈਚਾਰੇ ਨਾਲ ਸੰਬੰਧਿਤ ਅਤੇ ਪੰਜਾਬੀ ਦੇ ਵਿਸ਼ੇ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਲਾਗੂ ਕਰਾਉਣ ਵਰਗੇ ਬਹੁਤ ਸ਼ਲਾਘਾਯੋਗ ਕੰਮ ਕਰਵਾ ਚੁੱਕੀ ਹੈ। ਸਿੱਖ ਕੌਸ਼ਲ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਸਮੂੰਹ ਭਾਈਚਾਰੇ ਨੂੰ ਆਪਸੀ ਜੋੜ ਕੇ ਰੱਖਿਆ ਜਾਵੇ। ਇਸੇ ਅਧੀਨ ਸਭ ਹਾਜ਼ਰੀਨ ਦੀ ਸਹਿਮਤੀ ਨਾਲ ਇਹ ਤਹਿ ਕੀਤਾ ਗਿਆ ਕਿ ਸਿੱਖ ਕੌਸ਼ਲ ਮੋਟਰ-ਸਾਈਕਲ ਰਾਈਡਰਾਂ ਨੂੰ ਆਪਣੀ ਦਸਤਾਰ ਸਜਾ ਕੇ ਚਲਾਉਣ ਵਾਲੇ ਕਾਨੂੰਨ ਨੂੰ ਲੈ ਕੇ ਆਉਣ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਕਰੇਗੀ। ਮੀਟਿੰਗ ਦੇ ਅੰਤ ਵਿੱਚ ਸਭ ਦੇ ਸਹਿਯੋਗ ਅਤੇ ਚੰਗੇ ਸਾਰਥਕ ਨਤੀਜਿਆਂ ਦੀ ਆਸ ਕਰਦੇ ਹੋਏ ਸੁਖਦੇਵ ਸਿੰਘ ਚੀਮਾਂ ਨੇ ਸਮੂੰਹ ਹਾਜ਼ਰੀਨ ਦੀ ਧੰਨਵਾਦ ਕੀਤਾ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਸੜਕ ਸੁਰੱਖਿਆ ਮਹੀਨੇ ਨੂੰ ਸਮਰਪਿਤ ਟ੍ਰੈਫਿਕ ਜਾਗਰੂਕਤਾ ਸੈਮੀਨਾਰ

## ਸੁਰੱਖਿਅਤ ਸੜਕਾਂ ਲਈ ਜਾਗਰੂਕਤਾ ਪੈਦਾ ਕਰਨਾ: ਇੱਕ ਟ੍ਰੈਫਿਕ ਜਾਗਰੂਕਤਾ ਮੁਹਿੰਮ

**ਜਲੰਧਰ-** ਸੜਕ ਸੁਰੱਖਿਆ ਨੂੰ ਵਧਾਉਣ ਅਤੇ ਜ਼ਿੰਮੇਵਾਰ ਡਰਾਈਵਿੰਗ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਯਤਨਾਂ ਤਹਿਤ, ਦੇਸ਼ ਭਗਤ ਯੂਨੀਵਰਸਿਟੀ ਨੇ ਸੜਕ ਸੁਰੱਖਿਆ ਮਹੀਨੇ ਦੇ ਮੌਕੇ 'ਤੇ ਮਹਾਪ੍ਰਗਿਆ ਹਾਲ ਵਿੱਚ ਇੱਕ ਟ੍ਰੈਫਿਕ ਜਾਗਰੂਕਤਾ ਸੈਮੀਨਾਰ ਕਰਵਾਇਆ। ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਤੇਜ਼ ਰਫ਼ਤਾਰ ਵਾਹਨ ਚਲਾਉਣ ਤੋਂ ਬਚਣ ਲਈ ਸਲਾਹ ਦੇਣ 'ਤੇ ਵਿਸ਼ੇਸ਼ ਜ਼ੋਰ ਦੇਣ ਦੇ ਨਾਲ ਨਾਲ ਸੜਕਾਂ 'ਤੇ ਸੁਰੱਖਿਅਤ ਅਭਿਆਸਾਂ ਨੂੰ ਅਪਣਾਉਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਸੀ।

ਸੈਮੀਨਾਰ ਵਿੱਚ ਜ਼ਿਲ੍ਹਾ ਟਰੈਫਿਕ ਪੁਲਿਸ ਦੇ ਇੰਚਾਰਜ ਇੰਦਰਪ੍ਰੀਤ ਸਿੰਘ ਬਡੂੰਗਰ ਅਤੇ ਟਰੈਫਿਕ ਇੰਚਾਰਜ ਦਵਿੰਦਰ ਸਿੰਘ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਇੰਦਰਪ੍ਰੀਤ ਸਿੰਘ ਬਡੂੰਗਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੈਲਮੇਟ ਪਾਉਣਾ ਨਾ ਸਿਰਫ਼ ਜੁਰਮਾਨੇ ਤੋਂ ਬਚਣ ਵਿਚ ਸਹਾਈ ਹੁੰਦਾ ਹੈ, ਸਗੋਂ ਜਾਨ ਬਚਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਡਰਾਈਵਰਾਂ ਨੂੰ ਵਾਹਨ ਦੀ ਰਫਤਾਰ ਘੱਟ ਕਰਨ ਅਤੇ ਖਾਸ ਕਰਕੇ ਧੁੰਦ ਦੀ ਸਥਿਤੀ ਵਿੱਚ ਸੁਰੱਖਿਅਤ ਦੂਰੀ ਬਣਾਈ ਰੱਖਣ ਦੀ ਸਲਾਹ ਦਿੰਦੇ ਹੋਏ ਕੀਮਤੀ ਸੁਝਾਅ ਦਿੱਤੇ।

ਜ਼ਿਲ੍ਹਾ ਟਰੈਫਿਕ ਪੁਲਿਸ ਦੇ ਇੰਚਾਰਜ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸੜਕ ਸੁਰੱਖਿਆ ਦੀ ਸਾਂਝੀ ਜ਼ਿੰਮੇਵਾਰੀ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸੜਕ ਸੁਰੱਖਿਆ ਪਹਿਲਕਦਮੀਆਂ ਜ਼ਿੰਮੇਵਾਰ ਡਰਾਈਵਿੰਗ ਦੇ



ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵੱਲ ਮਹੱਤਵਪੂਰਨ ਕਦਮ ਹਨ। ਉਨ੍ਹਾਂ ਅੱਗੇ ਕਿਹਾ ਕਿ ਜਾਗਰੂਕਤਾ ਪੈਦਾ ਕਰਨਾ ਅਤੇ ਲੋਕਾਂ ਨੂੰ ਜਾਗਰੂਕ ਕਰਨਾ ਸਾਰਿਆਂ ਲਈ ਇੱਕ ਸੁਰੱਖਿਅਤ ਅਤੇ ਸੁਰੱਖਿਅਤ ਸੜਕ ਵਾਤਾਵਰਣ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਟਰੈਫਿਕ ਇੰਚਾਰਜ ਦਵਿੰਦਰ ਸਿੰਘ ਨੇ ਸਬੰਧਤ ਅੰਕੜੇ ਸਾਂਝੇ ਕਰਦਿਆਂ ਕਿਹਾ ਕਿ ਹਾਦਸਿਆਂ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਛੋਟੀ ਉਮਰ ਦੇ ਲੜਕੇ ਆਪਣੀ ਜਾਨ ਗੁਆ ਬੈਠਦੇ ਹਨ। ਫਤਿਹਗੜ੍ਹ ਸਾਹਿਬ ਜ਼ਿਲ੍ਹਾ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ 5ਵੇਂ ਨੰਬਰ 'ਤੇ ਹੈ। ਉਸ ਨੇ ਤਿੰਨ ਕਿਸਮਾਂ ਦੇ ਟ੍ਰੈਫਿਕ ਸੰਕੇਤਾਂ ਨੂੰ ਸਮਝਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ: ਲਾਜ਼ਮੀ (ਗੋਲ), ਸਾਵਧਾਨੀ (ਤਿਕੋਣ) ਅਤੇ ਜਾਣਕਾਰੀ (ਬਾਕਸ-ਆਕਾਰ)।

ਮਹਿਮਾਨਾਂ ਦਾ ਸੁਆਗਤ ਕਰਦਿਆਂ ਡੀਬੀਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਸੁਰੱਖਿਅਤ ਸੜਕੀ ਮਾਹੌਲ ਸਿਰਜਣ ਵਿੱਚ ਅਜਿਹੇ ਉਪਰਾਲਿਆਂ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਨੇ ਜ਼ਿੰਮੇਵਾਰ ਡਰਾਈਵਿੰਗ ਆਦਤਾਂ ਨੂੰ ਉਤਸ਼ਾਹਿਤ ਕਰਨ ਅਤੇ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਸੈਮੀਨਾਰ ਵਿੱਚ ਮਾਹਿਰਾਂ ਅਤੇ ਟ੍ਰੈਫਿਕ ਪੁਲਿਸ ਅਫਸਰਾਂ ਦੀ ਵਿਸ਼ੇਸ਼ ਸ਼ਮੂਲੀਅਤ ਸੀ, ਜਿਨ੍ਹਾਂ ਨੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਦੇ ਨਤੀਜਿਆਂ ਅਤੇ ਸਮੁੱਚੀ ਸੜਕ ਸੁਰੱਖਿਆ 'ਤੇ ਉਹਨਾਂ ਦੇ ਵੱਡੇ ਪ੍ਰਭਾਵ ਨੂੰ ਉਜਾਗਰ ਕੀਤਾ। ਪ੍ਰੋਗਰਾਮ ਵਿਚ ਸ਼ਾਮਿਲ ਸਖਸ਼ੀਅਤਾਂ ਨੇ ਟ੍ਰੈਫਿਕ ਨਿਯਮਾਂ, ਸੜਕ ਦੇ ਸੰਕੇਤਾਂ ਅਤੇ ਸੜਕ 'ਤੇ ਜ਼ਿੰਮੇਵਾਰ ਵਿਵਹਾਰ ਦੀ ਮਹੱਤਤਾ ਬਾਰੇ ਜ਼ਰੂਰੀ ਗਿਆਨ ਪ੍ਰਦਾਨ ਕਰਨ ਲਈ ਵਿਦਿਅਕ ਸੰਸਥਾਵਾਂ ਵਿੱਚ ਇੰਟਰਐਕਟਿਵ ਵਰਕਸ਼ਾਪਾਂ ਦਾ ਆਯੋਜਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਏ.ਐਸ.ਆਈ. ਟ੍ਰੈਫਿਕ ਇੰਚਾਰਜ ਬਲਜਿੰਦਰ ਸਿੰਘ, ਗੁਰਮੀਤ ਸਿੰਘ, ਡੀ.ਬੀ.ਯੂ. ਦੇ ਵਾਈਸ ਪ੍ਰੈਜ਼ੀਡੈਂਟ ਡਾ।ਹਰਸ਼ ਸਦਾਵਰਤੀ ਅਤੇ ਮੀਡੀਆ ਡਾਇਰੈਕਟਰ ਡਾ।ਸੁਰਜੀਤ ਕੌਰ ਪਥੇਜਾ ਹਾਜ਼ਰ ਸਨ। ਦੇਸ਼ ਭਗਤ ਯੂਨੀਵਰਸਿਟੀ ਦੀ ਇਹ ਪਹਿਲਕਦਮੀ ਭਾਈਚਾਰਕ ਭਲਾਈ ਪ੍ਰਤੀ ਉਸਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਸਾਰਿਆਂ ਲਈ ਇੱਕ ਸੁਰੱਖਿਅਤ ਅਤੇ ਸੁਰੱਖਿਅਤ ਸੜਕੀ ਵਾਤਾਵਰਣ ਬਣਾਉਣ ਲਈ ਇਸਦੇ ਵਿਆਪਕ ਯਤਨਾਂ ਦੇ ਅਨੁਰੂਪ ਹੈ।

# ਨਵਿਆਉਣਯੋਗ 'ਪੇਰੈਂਟ ਵੀਜ਼ਾ ਬੂਸਟ' ਲਈ ਵਿਧੀ ਵਿਧਾਨ ਤਿਆਰ ਹੋ ਰਿਹੈ-ਇਮੀਗ੍ਰੇਸ਼ਨ ਮੰਤਰੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਸਰਕਾਰ ਦਾ ਇਮੀਗ੍ਰੇਸ਼ਨ ਵਿਭਾਗ ਮਾਪਿਆਂ ਦੀ ਵੀਜ਼ਾ ਸ਼੍ਰੇਣੀ ਅਧੀਨ ਦਿੱਤਾ ਜਾਣਾ ਵਾਲਾ 10 ਸਾਲਾ ਵੀਜ਼ਾ (ਪਹਿਲੇ ਗੇੜ ਵਿਚ ਪੰਜ ਸਾਲ ਅਤੇ ਫਿਰ ਨਵਿਆਉਣ (ਐਕਸਟੈਂਸਨ) ਉਤੇ ਪੰਜ ਸਾਲ ਹੋਰ) (ਫਅਰਣਨਟ ੜਸਿਅ 2ੋਸਟ) ਦੇ ਲਈ ਵਿਧੀ-ਵਿਧਾਨ ਤਿਆਰ ਕਰਨ ਦੀਆਂ ਸਲਾਹਾਂ ਸ਼ੁਰੂ ਕਰ ਰਿਹਾ ਹੈ। ਸੱਤਾਧਾਰੀ ਗੱਠਜੋੜ ਦੀਆਂ ਤਿੰਨ ਪਾਰਟੀਆਂ ਦੇ ਵਿਚੋਂ ਦੋ ਪਾਰਟੀਆਂ ਨੇ ਅਜਿਹਾ ਵਾਅਦਾ ਵੀ ਕੀਤਾ ਸੀ। ਤੀਜੀ ਪਾਰਟੀ ਰਲਦੀ ਹੈ ਕਿ ਨਹੀਂ ਅਜੇ ਪਤਾ ਨਹੀਂ।

ਇਮੀਗ੍ਰੇਸ਼ਨ ਮੰਤਰੀ ਨੇ ਇਕ ਅਖ਼ਬਾਰ ਨੂੰ ਦਿੱਤੀ ਜਾਣਕਾਰੀ ਵਿਚ ਦੱਸਿਆ ਕਿ ਉਹ ਜਲਦੀ ਹੀ ਇਸ ਦੇ ਲਈ ਰੂਪ-ਰੇਖਾ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਉਹ ਪੰਜ ਸਾਲ ਦਾ ਨਵਿਆਉਣਯੋਗ ਮਾਪੇ ਸ਼੍ਰੇਣੀ ਵੀਜ਼ਾ ਪੇਸ਼ ਕੀਤੇ ਜਾਣ ਉਤੇ ਕੰਮ ਕਰ ਰਹੇ ਹਨ ਪਰ ਇਹ ਸਿਹਤ ਸੰਭਾਲ ਦੇ ਖਰਚਿਆਂ ਦੀ ਜ਼ਿੰਮੇਵਾਰੀ ਚੁੱਕਣ ਦੀ ਸ਼ਰਤ ਉਤੇ ਹੋਵੇਗਾ। ਇਹ ਨੈਸ਼ਨਲ ਤੇ ਐਕਟ ਪਾਰਟੀ ਦੇ ਗੱਠਜੋੜ ਸਮਝੌਤੇ ਵਿੱਚ ਸ਼ਾਮਿਲ ਹੈ। ਪੇਰੈਂਟ ਵੀਜ਼ਾ ਬੂਸਟ 'ਤੇ ਨਿਊਜ਼ੀਲੈਂਡ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਬੱਚਿਆਂ ਜਾਂ ਪੋਤੇ-ਪੋਤੀਆਂ ਦੁਆਰਾ ਸਪਾਂਸਰ ਕੀਤਾ ਜਾਣਾ ਚਾਹੀਦਾ ਹੈ। ਉਹ 'ਨਿਊਜ਼ੀਲੈਂਡ ਸੁਪਰ'




(65 ਤੋਂ ਉਪਰ ਵਾਲੀ ਪੈਨਸ਼ਨ) ਜਾਂ ਹੋਰ ਹੱਕਾਂ ਲਈ ਯੋਗ ਨਹੀਂ ਹੋਣਗੇ। ਸਾਰੇ ਵਿਅਕਤੀਆਂ ਨੂੰ ਆਪਣੇ ਠਹਿਰਨ ਦੀ ਮਿਆਦ ਲਈ ਸਿਹਤ ਬੀਮਾ ਵੀ ਕਰਵਾਉਣ ਦੀ ਲੋੜ ਹੋਵੇਗੀ ਅਤੇ ਉਹਨਾਂ ਨੂੰ ਵੀਜ਼ਾ ਪ੍ਰਾਪਤ ਕਰਨ ਲਈ ਮਿਆਰੀ ਇਮੀਗ੍ਰੇਸ਼ਨ ਨਿਊਜ਼ੀਲੈਂਡ ਸਿਹਤ ਅਤੇ ਹੋਰ ਲੋੜਾਂ ਨੂੰ ਪਾਸ ਕਰਨ ਦੀ ਲੋੜ ਹੋਵੇਗੀ।ਉਨ੍ਹਾਂ ਕਿਹਾ ਕਿ ਨੈਸ਼ਨਲ ਸਰਕਾਰ ਇਸ ਗੱਲ ਉਤੇ ਵੀ ਧਿਆਨ ਕੇਂਦਰਿਤ ਕਰ ਰਹੀ ਹੈ ਕਿ ਰਿਕਾਰਡ-ਉੱਚ ਪਰਵਾਸ ਦਾ ਪ੍ਰਬੰਧ ਕਿਵੇਂ ਕਰਨਾ ਹੈ। ਮੰਤਰੀ ਸਾਹਿਬਾ ਨੇ ਸੰਭਾਵੀ ਪ੍ਰਵਾਸੀਆਂ ਨੂੰ ਘੁਟਾਲਿਆਂ ਦਾ ਸ਼ਿਕਾਰ ਨਾ ਹੋਣ ਲਈ ਅਗਾਹ ਵੀ ਕੀਤਾ ਹੈ। ਨੌਕਰੀਆਂ ਲਈ ਭੁਗਤਾਨ ਕਰਨ ਤੋਂ ਲੈ ਕੇ ਤੁਰੰਤ ਰੈਜੀਡੈਂਸੀ ਦੇ ਵਾਅਦਿਆਂ ਤੱਕ ਦੇ ਜਾਅਲੀ ਏਜੰਟਾਂ ਦੇ ਚੱਕਰ ਤੋਂ ਵੀ ਬਚਣ ਦੀ ਗੱਲ ਆਖੀ ਹੈ।

ਇਮੀਗ੍ਰੇਸ਼ਨ ਨਿਊਜ਼ੀਲੈਂਡ ਵਿਦੇਸ਼ੀ ਦੂਤਾਵਾਸਾਂ ਜਿਨ੍ਹਾਂ ਵਿਚ ਇੰਡੀਆ ਵੀ ਸ਼ਾਮਿਲ ਹੈ, ਨਾਲ ਰਲ ਕੇ ਅੰਤਰਰਾਸ਼ਟਰੀ ਮਾਰਕੀਟਿੰਗ ਮੁਹਿੰਮ ਚਲਾ ਰਹੀ ਹੈ ਤਾਂ ਕਿ ਇਹ ਯਕੀਨੀ ਬਣੇ ਕਿ ਪ੍ਰਵਾਸੀਆਂ ਨਾਲ ਧੋਖਾ ਨਾ ਹੋਵੇ।

ਇਮੀਗ੍ਰੇਸ਼ਨ ਨਿਊਜ਼ੀਲੈਂਡ ਦੀ ਵੈੱਬਸਾਈਟ 'ਤੇ ਚੇਤਾਵਨੀ ਦੇ ਚਿੰਨ੍ਹ ਅਤੇ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਪ੍ਰਵਾਸੀ ਆਪਣੇ ਆਪ ਨੂੰ ਇਮੀਗ੍ਰੇਸ਼ਨ ਘੁਟਾਲੇ ਤੋਂ ਕਿਵੇਂ ਬਚਾ ਸਕਦੇ ਹਨ। ਮੰਤਰੀ ਨੇ ਸਪੱਸ਼ਟ ਕੀਤਾ ਕਿ ਕੋਵਿਡ -19 ਦੌਰਾਨ ਦੇਸ਼ ਤੋਂ ਬਾਹਰ ਫਸੇ ਹੋਏ ਪ੍ਰਵਾਸੀਆਂ ਨੂੰ ਵੀਜ਼ਾ ਦੇਣ ਲਈ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ਹੈ, ਜਿਵੇਂ ਕਿ ਜ਼ਰੂਰੀ ਕੰਮ ਕਾਰ ਵਾਲੇ, ਵਿਦਿਆਰਥੀ ਜਾਂ ਪਾਰਟਰਨਸ਼ਿੱਪ ਵੀਜ਼ਾ ਤੇ।

ਯਾਦਾਂ ਦੇ ਝਰੋਖੇ 'ਚੋਂ

# ਡਾ. ਹਰਗੁਰਪ੍ਰਤਾਪ ਸਿੰਘ ਦੀਪ ਲੋਕਾਂ ਦੇ ਹਾਮੀ ਨਾਲ ਮੁਲਾਕਾਤ

ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਅਤੇ ਪ੍ਰਸਿੱਧ ਲੇਖਕ ਸ੍ਰ ਲਾਲ ਸਿੰਘ ਸੁਲਹਾਣੀ ਨੂੰ ਉੱਘੇ ਸਮਾਜ ਸੇਵਕ ਦੀਪ ਹਸਪਤਾਲ ਨਿਹਾਲ ਸਿੰਘ ਵਾਲਾ ਦੇ ਮਾਲਕ ਡਾ. ਹਰ ਗੁਰ ਪ੍ਰਤਾਪ ਸਿੰਘ ਨੇ ਆਪਣੀ ਕਿਤਾਬ ਲੇਖਾ ਜੋਖਾ ਭੇਂਟ ਕੀਤੀ। ਇਸ ਮੌਕੇ ਸ੍ਰ ਲਾਲ ਸਿੰਘ ਸੁਲਹਾਣੀ ਨੇ ਦੱਸਿਆ ਕਿ ਦੀਪ ਹਸਪਤਾਲ ਅਤੇ ਪੁਆਇਜਨ ਟ੍ਰੀਟਮੈਂਟ ਸੈਂਟਰ ਨਿਹਾਲ ਸਿੰਘ ਵਾਲਾ ਦੇ ਮਾਲਕ ਡਾ ਹਰ ਗੁਰਪ੍ਰਤਾਪ ਸਿੰਘ ਜਿੱਥੇ ਲੋਕ ਪੱਖੀ, ਨੇਕ ਦਿਲ ਤੇ ਸੰਘਰਸ਼ਸ਼ੀਲ ਮਨੁੱਖ ਹਨ। ਉਥੇ ਆਪਣੇ ਪੇਸ਼ੇ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਨੂੰ ਅਪਣਾਇਆ ਹੋਇਆ ਹੈ। ਉਹ ਮਿਹਨਤਕਸ਼ ਤੇ ਸੰਘਰਸ਼ਸ਼ੀਲ ਲੋਕਾਂ ਨਾਲ ਹਮੇਸ਼ਾ ਹਿੱਕ ਡਾਹ ਕੇ ਖੜ੍ਹਨ ਵਾਲੇ ਜਾਂਬਾਜ਼ ਤੇ ਚਿੰਤਨਸ਼ੀਲ ਮਨੁੱਖ ਹਨ। ਉਨ੍ਹਾਂ ਦੱਸਿਆ ਕਿ ਕਈ ਵਰ੍ਹੇ ਪਹਿਲਾਂ ਮਾਸਟਰ ਬਲਜੀਤ ਅਟਵਾਲ ਨਿਹਾਲ ਸਿੰਘ ਵਾਲਾ ਰਾਹੀਂ ਉਸ ਬੁਧੀਜੀਵੀ ਤੇ ਮਾਣਮੱਤੀ ਸ਼ਖ਼ਸੀਅਤ ਨੂੰ ਮਿਲਣ ਤੇ ਉਨ੍ਹਾਂ ਨਾਲ ਸਮਾਜਿਕ ਸਰੋਕਾਰਾਂ ਪ੍ਰਤੀ ਵਿਚਾਰ ਚਰਚਾ ਕਰਨ ਦਾ ਮੌਕਾ ਮਿਲਿਆ ਸੀ। ਉਸ ਤੋਂ ਬਾਅਦ ਤਾਂ ਗਾਹੇ- ਬਗਾਹੇ ਉਨ੍ਹਾਂ ਨਾਲ ਮੇਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਰਿਹਾ। ਉਨ੍ਹਾਂ ਕਿਹਾ ਕਿ ਸਮਾਜ ਦੇ ਅਣਗੌਲੇ ਵਰਗਾਂ ਪ੍ਰਤੀ ਉਨ੍ਹਾਂ ਦੇ ਮਨ ਵਿਚਲੀ ਪੀੜ ਤੇ ਚਿੰਤਾ ਉਹਨਾਂ ਦੀ ਗੱਲਬਾਤ ਵਿਚ ਆਪਮੁਹਾਰੇ ਛਲਕ ਉਠਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ ਹਰਦੇਵ ਸਿੰਘ ਤਖਾਣਵੱਧ ਤੇ ਮੇਰੇ ਕੁੱਝ ਹੋਰ ਬਸਪਾਈ ਮਿੱਤਰਾਂ



ਨਾਲ ਉਨ੍ਹਾਂ ਨੇ ਦੁਨੀਆਂ ਦੀਆਂ ਦਸ ਸ਼ਕਤੀ ਸ਼ਾਲੀ ਔਰਤਾਂ ਵਿਚੋਂ ਇੱਕ, ਉਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹੀ ਬਹੁਜਨ ਨਾਇਕਾ, ਆਇਰਨ ਲੇਡੀ ਅਤੇ ਬਹੁਜਨ ਸਮਾਜ ਪਾਰਟੀ ਦੀ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਦਾ ਜਨਮ 15 ਜਨਵਰੀ ਨੂੰ ਨਿਹਾਲ ਸਿੰਘ ਵਾਲਾ ਵਿਖੇ ਦੀਪ ਹਸਪਤਾਲ ਚ ਮੇਰੀ ਸ਼ਮੂਲੀਅਤ ਸਹਿਤ ਮਨਾਉਣ ਦੀ ਇੱਛਾ ਜ਼ਾਹਰ ਕੀਤੀ ਗਈ। ਪਰ ਬਹੁਜਨ ਸਮਾਜ ਪਾਰਟੀ ਵਲੋਂ ਪੰਜ ਜ਼ਿਲ੍ਹਿਆਂ ਦਾ ਪ੍ਰੋਗਰਾਮ ਕੋਟ ਕਪੂਰਾ ਵਿਖੇ ਰੱਖੇ ਜਾਣ ਕਾਰਨ ਮੈਂ ਹਾਜ਼ਰ ਨਾ ਹੋਣ ਸਕਣ ਦੀ ਆਪਣੀ ਮਜ਼ਬੂਰੀ ਜ਼ਾਹਰ ਕੀਤੀ ਤਾਂ ਉਹਨਾਂ ਵਲੋਂ ਮੇਰੀ ਸੁਵਿਧਾ ਅਨੁਸਾਰ 30 ਜਨਵਰੀ 2024 ਨੂੰ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਚਾਰ ਘੰਟੇ ਤੋਂ ਵੱਧ ਚਲੇ ਸਮਾਗਮ ਦੀ ਸਮਾਪਤੀ ਉਪਰੰਤ ਕੇਕ ਕੱਟ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੁਬਾਰਕ ਮੌਕੇ ਮੈਨੂੰ ਆਪਣੇ ਦਫ਼ਤਰ ਚ ਡਾਕਟਰ ਹਰ ਗੁਰਪ੍ਰਤਾਪ ਸਿੰਘ ਵਲੋਂ ਲਿਖੀ ਗਈ ਪੁਸਤਕ 'ਦਲਿਤਾਂ ਵਿਚ ਖ਼ੁਦਕੁਸ਼ੀ ਦਾ ਰੁਝਾਨ ਲੇਖਾ ਜੋਖਾ' ਦਿੱਤੀ ਗਈ।

ਇਨ੍ਹਾਂ ਖੂਬਸੂਰਤ ਪਲਾਂ ਨੂੰ ਸੋਨੀ ਹਿੰਮਤਪੁਰਾ ਨੇ ਕੈਮਰੇ ਵਿਚ ਕੈਦ ਕਰ ਲਿਆ ਅਤੇ ਯਾਦਾਂ ਯਾਦਗਾਰੀ ਬਣ ਕੇ ਦਿਲ ਵਿੱਚ ਸਮਾਂ ਗਈਆਂ।

**ਪੇਸ਼ਕਸ਼- ਹਰਦੇਵ ਸਿੰਘ ਤਖਾਣਵੱਧ**

# ਡੀਬੀਯੂ ਅਤੇ ਹੋਲਾ ਇੰਡੀਆ ਇੰਟਰਨੈਸ਼ਨਲ ਨੇ ਸਾਂਝੇ ਤੌਰ 'ਤੇ ਸਪੈਨਿਸ਼ ਇਮਰਸ਼ਨ ਪ੍ਰੋਗਰਾਮ ਕੀਤਾ ਸ਼ੁਰੂ

## ਸਪੇਨ ਜਾਓ ਅਤੇ ਦੋ ਹਫ਼ਤਿਆਂ ਦਾ ਸਪੈਨਿਸ਼ ਭਾਸ਼ਾ ਦਾ ਕੋਰਸ ਸਿੱਖੋ, ਬਿਹਤਰ ਕਰੀਅਰ ਦੀਆਂ ਸੰਭਾਵਨਾਵਾਂ

ਹੋਲਾ ਇੰਡੀਆ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਅੱਜ ਦੇਸ਼ ਭਗਤ ਯੂਨੀਵਰਸਿਟੀ ਕੈਂਪਸ ਵਿੱਚ ਡਿਸਕਵਰੀ ਆਫ ਸਪੇਨ ਸੈਲੀਬ੍ਰੇਸ਼ਨ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਹੋਲਾ ਇੰਡੀਆ ਇੰਟਰਨੈਸ਼ਨਲ ਦੇ ਭਾਰਤੀ ਸੰਚਾਲਨ ਦੀ ਮੁਖੀ ਰਿਤੇਸ਼ ਵਸ਼ਿਸ਼ਟ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਰਿਤੇਸ਼ ਨੇ ਦੱਸਿਆ ਕਿ ਸਪੇਨ ਦੇ ਯੂਨੀਵਰਸੀਡਾਡ ਕੰਪਲੂਟੈਂਸ ਵਿਖੇ 40 ਘੰਟੇ, ਦੋ ਹਫ਼ਤਿਆਂ ਦਾ ਇਮਰਸਿਵ ਪ੍ਰੋਗਰਾਮ ਹੈ, ਜਿਸ ਵਿੱਚ ਸਪੈਨਿਸ਼ ਭਾਸ਼ਾ ਸਿੱਖਣ ਦਾ ਕੋਰਸ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ, ਅਸੀਂ ਉੱਥੋਂ ਦੇ ਉਦਯੋਗ ਮਾਹਿਰਾਂ ਨਾਲ ਜਾਣ-ਪਛਾਣ ਕਰਾਉਂਦੇ ਹਾਂ। ਤੁਸੀਂ ਕਰੀਅਰ ਦੀਆਂ ਸੰਭਾਵਨਾਵਾਂ ਬਾਰੇ ਜਾਣੂ ਹੋਵੋਗੇ। ਇਸ ਤੋਂ ਇਲਾਵਾ ਉਹ ਉੱਥੋਂ ਦੇ ਸੱਭਿਆਚਾਰ, ਜੀਵਨ ਸ਼ੈਲੀ ਅਤੇ ਸੈਰ-ਸਪਾਟੇ ਤੋਂ ਵੀ ਜਾਣੂ ਹੁੰਦੇ ਹਨ। ਇਹ ਟੂਰ 6 ਜੁਲਾਈ ਤੋਂ 21 ਜੁਲਾਈ ਤੱਕ ਹੋਵੇਗਾ, ਇਸਦੀ ਫੀਸ ਲਗਭਗ 2 ਲੱਖ 20 ਹਜ਼ਾਰ ਰੁਪਏ ਹੋਵੇਗੀ, ਇਸ ਵਿੱਚ ਹਵਾਈ ਟਿਕਟ ਸ਼ਾਮਲ ਨਹੀਂ ਹੈ। ਰਜਿਸਟ੍ਰੇਸ਼ਨ ਫੀਸ ਲਗਭਗ 27 ਹਜ਼ਾਰ ਰੁਪਏ ਹੋਵੇਗੀ, ਇਸਦੇ ਲਈ ਤੁਹਾਨੂੰ 15 ਫਰਵਰੀ ਤੋਂ ਪਹਿਲਾਂ ਰਜਿਸਟਰ ਕਰਨਾ ਹੋਵੇਗਾ। ਇਸ ਵਿੱਚ ਵੀਜ਼ਾ ਫੀਸ, ਰਿਹਾਇਸ਼ ਆਦਿ ਸ਼ਾਮਲ ਹਨ।

ਰਿਤੇਸ਼ ਨੇ ਅੱਗੇ ਕਿਹਾ ਕਿ ਹਾਲਾਂਕਿ, ਜੋ ਬੱਚੇ ਇਸ ਭਾਸ਼ਾ ਨਾਲ ਅੱਗੇ ਵਧਣਾ ਚਾਹੁੰਦੇ ਹਨ, ਉਹ ਸਪੇਨ ਤੋਂ ਮੁਢਲੀਆਂ ਗੱਲਾਂ ਸਿੱਖਣਗੇ ਅਤੇ ਐਕਸਪੋਜਰ ਲਈ ਇੱਥੇ ਦੇਸ਼ ਭਗਤ ਯੂਨੀਵਰਸਿਟੀ ਆਉਣਗੇ। ਡੀਬੀਯੂ ਅਤੇ ਪੂਰੇ ਭਾਰਤ ਨੇ ਸਾਂਝੇ ਤੌਰ 'ਤੇ ਇਮਰਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਦੇ ਲਈ ਕੰਪਲੂਟੈਂਸ ਯੂਨੀਵਰਸਿਟੀ, ਸਪੇਨ ਤੋਂ ਪ੍ਰੋਫੈਸਰ ਵੀ ਆਉਣਗੇ। ਉਨ੍ਹਾਂ ਦੱਸਿਆ ਕਿ ਜੇਕਰ ਤੁਸੀਂ ਅੰਗਰੇਜ਼ੀ ਦੇ ਨਾਲ-ਨਾਲ ਸਪੈਨਿਸ਼ ਵੀ ਜਾਣਦੇ ਹੋ ਅਤੇ ਤੁਹਾਡੀ ਤਕਨੀਕੀ ਮੁਹਾਰਤ ਬਹੁਤ ਵਧੀਆ ਹੈ ਤਾਂ ਤੁਹਾਡੇ ਸਾਹਮਣੇ ਕਰੀਅਰ ਦੀਆਂ ਨਵੀਆਂ ਮਿਲਦਾ ਹੈ। ਜੇ ਤੁਸੀਂ ਅਮਰੀਕਾ ਵਿੱਚ 9 ਮਹੀਨਿਆਂ ਦਾ ਪ੍ਰੋਗਰਾਮ ਕਰਦੇ ਹੋ, ਤਾਂ ਤੁਹਾਨੂੰ ਤਿੰਨ ਸਾਲਾਂ ਲਈ ਵਰਕ




ਸੰਭਾਵਨਾਵਾਂ ਦੇ ਅਸੀਮ ਦਰਵਾਜ਼ੇ ਖੁੱਲ੍ਹਣਗੇ। ਸਪੈਨਿਸ਼ 21 ਦੇਸ਼ਾਂ ਦੀ ਸਰਕਾਰੀ ਭਾਸ਼ਾ ਹੈ। ਇਹ ਤੁਹਾਡੇ ਲਈ ਵਿਅਕਤੀਗਤ ਅਤੇ ਪੇਸ਼ੇਵਰ ਤੌਰ 'ਤੇ ਇੱਕ ਬਿਹਤਰ ਸਿੱਖਣ ਦਾ ਤਜਰਬਾ ਹੈ। ਅਜਿਹੀ ਸਥਿਤੀ ਵਿੱਚ ਦੁਨੀਆ ਤੁਹਾਡੀ ਪਕੜ ਵਿੱਚ ਹੋਵੇਗੀ। ਰਿਤੇਸ਼ ਨੇ ਦੱਸਿਆ ਕਿ ਅਮਰੀਕਾ ਦੀ ਸ਼ੀਲਰ ਯੂਨੀਵਰਸਿਟੀ, ਟੈਂਪਾ ਪਹਿਲੀ ਅਜਿਹੀ ਯੂਨੀਵਰਸਿਟੀ ਹੈ ਜਿਸ ਦੇ ਜਰਮਨੀ, ਮੈਡਰਿਡ ਅਤੇ ਪੈਰਿਸ ਵਿੱਚ ਵੀ ਕੈਂਪਸ ਹਨ, ਜੇਕਰ ਤੁਸੀਂ ਇੱਥੋਂ ਕੋਈ ਕੋਰਸ ਕਰਦੇ ਹੋ ਤਾਂ ਤੁਹਾਨੂੰ ਚਾਰ ਦੇਸ਼ਾਂ ਵਿੱਚ ਐਕਸਪੋਜਰ ਪਰਮਿਟ ਮਿਲਦਾ ਹੈ। ਇਨ੍ਹੀਂ ਦਿਨੀਂ ਕੈਨੇਡਾ ਅਤੇ ਆਸਟ੍ਰੇਲੀਆ ਨੇ ਵਿਦਿਆਰਥੀਆਂ ਲਈ ਨਿਯਮ ਬਹੁਤ ਸਖ਼ਤ ਕੀਤੇ ਹਨ, ਇਸ ਲਈ ਇਨ੍ਹਾਂ ਚਾਰ ਦੇਸ਼ਾਂ ਵਿੱਚ ਏਆਈ, ਮੈਨੇਜਮੈਂਟ, ਮੈਡੀਕਲ, ਡਾਟਾ, ਤਕਨੀਕੀ ਪੇਸ਼ੇਵਰਾਂ ਦੀ ਬਹੁਤ ਮੰਗ ਹੈ, ਇੱਥੇ ਵਿਦਿਆਰਥੀ ਆਪਣੇ ਲਈ ਬਿਹਤਰ ਸੰਭਾਵਨਾਵਾਂ ਲੱਭ ਸਕਦੇ ਹਨ।

ਇਸ ਤੋਂ ਪਹਿਲਾਂ ਡੀਬੀਯੂ ਦੇ ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ: ਤੇਜਿੰਦਰ ਕੌਰ ਨੇ ਮੈਡਮ ਰਿਤੇਸ਼ ਵਸ਼ਿਸ਼ਟ ਨੂੰ ਸਨਮਾਨਿਤ ਕੀਤਾ। ਚਾਂਸਲਰ ਡਾ: ਜ਼ੋਰਾ ਸਿੰਘ ਨੇ ਕਿਹਾ ਕਿ ਜਦੋਂ ਉਹ ਸਪੇਨ ਗਏ ਤਾਂ ਉੱਥੋਂ ਦਾ ਸੱਭਿਆਚਾਰ ਅਦਭੁਤ ਸੀ। ਇਮਰਸ਼ਨ ਪ੍ਰੋਗਰਾਮ ਵਿਦਿਆਰਥੀਆਂ ਨੂੰ ਸੱਭਿਆਚਾਰ ਦੇ ਆਦਾਨ-ਪ੍ਰਦਾਨ, ਭਾਸ਼ਾ ਦੇ ਆਦਾਨ-ਪ੍ਰਦਾਨ ਅਤੇ ਸ਼ਹਿਰ ਦੇ ਟੂਰ ਨਾਲ ਹੁਨਰ ਸਿੱਖਣ ਅਤੇ ਮੰਜ਼ਿਲਾਂ ਦੀ ਪੜਚੋਲ ਕਰਨ ਵਿੱਚ ਮਦਦ ਕਰੇਗਾ। ਗੋ ਗਲੋਬਲ, ਗੋ ਡੀਬੀਯੂ ਦੀ ਥੀਮ ਦੇ ਨਾਲ, ਵਿਦਿਆਰਥੀ ਗਲੋਬਲ ਦੀ ਪੜਚੋਲ ਕਰਕੇ ਆਪਣੀ ਯੂਨੀਵਰਸਿਟੀ ਜੀਵਨ ਸ਼ੈਲੀ ਨੂੰ ਅਮੀਰ ਬਣਾਉਣਗੇ।

ਇਸ ਮੌਕੇ ਡੀ.ਬੀ.ਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਨੇ ਕਿਹਾ ਕਿ ਸਾਡੀ ਯੂਨੀਵਰਸਿਟੀ ਵਿਦਿਆਰਥੀ ਕੇਂਦਰਿਤ ਹੈ, ਇਸ ਨੂੰ ਪੂਰੀ ਦੁਨੀਆ ਵਿਚ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ । ਅਸੀਂ ਇੱਕ ਸਾਲ ਪਹਿਲਾਂ ਹੋਲਾ ਇੰਡੀਆ ਨਾਲ ਸਮਝੌਤਾ ਕੀਤਾ ਸੀ, ਜਿਸ ਦੇ ਹੁਣ ਬਿਹਤਰ ਨਤੀਜੇ ਸਾਹਮਣੇ ਆ ਰਹੇ ਹਨ। ਅਸੀਂ ਇੱਥੇ ਵਿਸਰਜਨ ਪ੍ਰੋਗਰਾਮ ਲਈ ਇਕੱਠੇ ਹੋਏ ਹਾਂ। ਤੁਸੀਂ ਇੱਥੋਂ ਆਪਣੀ ਡਿਗਰੀ ਪੂਰੀ ਕਰਨ ਤੋਂ ਬਾਅਦ ਸਪੇਨ ਜਾ ਸਕਦੇ ਹੋ। ਉੱਥੋਂ ਜੋ ਹੁਨਰ ਤੁਸੀਂ ਸਿੱਖੋਗੇ ਉਹ ਤੁਹਾਡੇ ਲਈ ਬਹੁਤ ਫਾਇਦੇਮੰਦ ਹੋਵੇਗਾ।

ਪ੍ਰੋਗਰਾਮ ਵਿੱਚ ਹਾਜ਼ਰ ਬੀਡੀਐਸ ਪਹਿਲੇ ਸਾਲ ਦੀਆਂ ਵਿਦਿਆਰਥਣਾਂ ਯਾਦਵਿੰਦਰ ਕੌਰ, ਦਿਵਿਆ ਸੂਦ, ਹਰਸਿਮਰਨ ਸਿੰਘ, ਵਾਨੀ ਨੇ ਦੱਸਿਆ ਕਿ ਇਹ ਬਹੁਤ ਹੀ ਦਿਲਚਸਪ ਪ੍ਰੋਗਰਾਮ ਸੀ ਜਿਸ ਵਿੱਚ ਉਨ੍ਹਾਂ ਨੇ ਸਪੇਨ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਅਰੁਣ ਮਲਿਕ, ਡਾਇਰੈਕਟਰ ਸਟੂਡੈਂਟ ਇੰਟਰਨੈਸ਼ਨਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਵਿਦਿਆਰਥੀ ਜੌਬ ਨੇ ਮੰਚ ਸੰਚਾਲਨ ਕੀਤਾ।

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਆਵਾਜ਼ ਪ੍ਰਦੂਸ਼ਣ ਸੰਬੰਧੀ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਲਾਗੂ ਕਰਨ ਦੀ ਮੰਗ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ੋਰ ਪ੍ਰਦੂਸ਼ਣ ਸਖ਼ਤੀ ਨਾਲ ਬੰਦ ਕਰਵਾਉਣ ਦੀ ਮੰਗ ਕੀਤੀ ਹੈ। ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਘਣਸ਼ਾਮ ਥੋਰੀ ਆਈ ਏ ਐਸ ਨੂੰ ਲਿਖੇ ਇਕ ਸਾਂਝੇ ਪੱਤਰ ਵਿੱਚ ਮੰਚ ਦੇ ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ, ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਰਪ੍ਰਸਤ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਨੇ ਕਿਹਾ ਕਿ ਮੰਚ ਵੱਲੋਂ ਇਕ ਪੱਤਰ 13 ਮਈ 2007 ਨੂੰ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਸ. ਕਾਹਨ ਸਿੰਘ ਪੰਨੂੰ ਨੂੰ ਲਿਖਿਆ ਗਿਆ ਸੀ, ਜਿਸ ਵਿਚ ਉਨ੍ਹਾਂ ਧਿਆਨ ਇਨ੍ਹਾਂ ਖ਼ਬਰਾਂ ਵਲ ਦੁਆਇਆ ਗਿਆ ਸੀ ਕਿ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਬ ਡਵੀਜ਼ਨ ਪੱਧਰ 'ਤੇ ਨੋਆਇਸ ਮੋਨਿਟਰਿੰਗ ਸੈਲ ਦਾ ਗਠਨ ਹੋ ਚੁੱਕਾ ਹੈ ਜਿਸ ਵਿੱਚ ਸਬ ਡਿਵੀਜ਼ਨ ਮੈਜਿਸਟਰੇਟ ਨੂੰ ਸਬ ਡਿਵੀਜ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਤੇ ਇਸ ਵਿਚ ਡੀ.ਟੀ.ਓ, ਮਿਉਂਸਿਪਲ ਕਮੇਟੀ ਦੇ ਕਾਰਜਕਾਰੀ ਅਫ਼ਸਰ, ਸਮਾਜ ਸੇਵੀ ਸੰਸਥਾਵਾਂ ਤੇ ਹੋਰ ਅਧਿਕਾਰੀ ਸ਼ਾਮਲ ਹਨ। ਏਸੇ ਕੜੀ ਵਿਚ ਭਾਰਤ ਸਰਕਾਰ ਦੇ ਵਾਤਾਵਰਣ ਮੰਤਰਾਲੇ ਵਲੋਂ 14-02-2002 ਦੀ ਨੋਟੀਫਿਕੇਸ਼ਨ ਰਾਹੀਂ ਜ਼ਿਲ੍ਹਾ ਮੈਜਿਸਟਰੇਟ ਨੇ ਉਪ ਕਪਤਾਨ (ਪੁਲਿਸ) ਨੂੰ ਸੰਬੰਧਿਤ ਇਲਾਕੇ ਦਾ ਡੈਜ਼ੀਨੇਟਿਡ ਅਥਾਰਟੀ ਨਾਮਜ਼ਦ ਕੀਤਾ ਹੋਇਆ ਹੈ ਜਿਸ ਨੇ ਕਿ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨਾ ਹੈ। ਇਸ ਕਾਨੂੰਨ ਅਨੁਸਾਰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰ ਤੇ ਢੋਲ ਨਹੀਂ ਵੱਜ ਸਕਦੇ ਤੇ ਨਾ ਹੀ ਆਤਿਸ਼ਬਾਜ਼ੀ ਚਲਾਈ ਜਾ ਸਕਦੀ ਹੈ। ਦਿਨ ਸਮੇਂ ਵੀ ਲਾਊਡ ਸਪੀਕਰ ਨਿਯਮਾਂ ਅਨੁਸਾਰ ਵੱਜ ਸਕਦੇ ਹਨ। ਪ੍ਰੈਸ਼ਰ ਹਾਰਨਾਂ 'ਤੇ ਵੀ ਮੁਕੰਮਲ ਪਾਬੰਦੀ ਹੈ। ਪਰ ਵੇਖਣ ਵਿਚ ਆਇਆ ਹੈ ਕਿ 22 ਸਾਲ ਬੀਤ ਜਾਣ 'ਤੇ ਵੀ ਇਹ ਕਾਨੂੰਨ ਚੰਡੀਗੜ੍ਹ ਤੇ ਹੋਰਨਾਂ ਸੂਬਿਆਂ ਵਿਚ ਤਾਂ ਲਾਗੂ ਹੈ ਪਰ ਅੰਮ੍ਰਿਤਸਰ ਸਮੇਤ ਸਾਰੇ ਪੰਜਾਬ ਵਿਚ ਇਸ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ 2005 ਵਿਚ ਹੁਕਮਨਾਮਾ ਜਾਰੀ ਹੋਇਆ ਹੈ ਕਿ ਆਵਾਜ਼ ਗੁਰਦੁਆਰੇ ਤੋਂ ਬਾਹਰ ਨਹੀਂ ਆਉਣੀ ਚਾਹੀਦੀ ਪਰ ਇਸ ਹੁਕਮਨਾਮੇ ਦੀਆਂ ਵੀ ਧਜੀਆਂ ਉਡਾਈਆਂ ਜਾ ਰਹੀਆਂ ਹਨ। ਲੋਕ ਵੀ ਜਦ ਕੋਈ ਸਮਾਗਮ ਕਰਦੇ ਹਨ ਤਾਂ ਉਹ ਡੀ ਜੇ ਲਾ ਕੇ ਰਾਤ ਦੇ ਇਕ ਇਕ ਵਜੇ ਤੀਕ ਉਚੀ ਆਵਾਜ਼ ਵਿਚ ਏਨਾ ਰੌਲਾ ਪਾਉਂਦੇ ਹਨ ਲੋਕਾਂ ਦੇ ਘਰਾਂ ਦੇ ਬੂਹੇ ਬਾਰੀਆਂ ਏਨਾਂ ਖੜਾਕ ਪੈਦਾ ਕਰਦੇ ਹਨ ਕਿ ਰਾਤ ਨੂੰ ਸੌਂਣਾ ਮੁਸ਼ਕਲ ਹੋ ਜਾਂਦਾ ਹੈ। ਹਰੇਕ ਜਣਾਂ ਖਣਾ ਪ੍ਰੈਸ਼ਰ ਲਾਈ ਫਿਰਦਾ ਹੈ, ਏਥੋਂ ਤੀਕ ਕਿ ਮੋਟਰ ਸਾਈਕਲਾਂ ਵਾਲੇ ਵੀ ਲਾਈ ਫਿਰਦੇ ਹਨ।ਹੁਣ ਹਾਲਤ ਏਨੀ ਵਿਗੜ ਗਈ ਹੈ ਕਿ ਕਵਾੜੀਏ, ਤੇ ਹੋਰ ਸਮਾਨ ਵੇਚਣ ਵਾਲੇ ਉਚੀ ਉਚੀ ਆਵਾਜ਼ ਵਿਚ ਸ਼ੋਰ ਪਾ ਰਹੇ ਹੁੰਦੇ ਹਨ। ਬਸਾਂ, ਟਰੱਕਾਂ ਵਾਲੇ ਤੇ ਜੀਪਾਂ ਵਿਚ ਡੀ ਜੇ ਲਾ ਉਚੀ ਉਚੀ ਆਵਾਜ਼ ਵਿਚ ਆਮ ਵੇਖੇ ਜਾ ਸਕਦੇ ਹਨ।

ਪੱਤਰ ਵਿਚ ਅਸੀਂ ਮੁੜ ਬੇਨਤੀ ਕੀਤੀ ਗਈ ਹੈ ਕਿ ਸਬੰਧਿਤ ਉਪ ਕਪਤਾਨਾਂ (ਪੁਲਿਸ) ਨੂੰ ਹਦਾਇਤ ਕੀਤੀ ਜਾਵੇ ਕਿ ਓਹ ਇਸ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਦੀ ਖੇਚਲ ਕਰਨ।ਹੈਂਡ ਬਿੱਲਾਂ ਤੇ ਮੀਡੀਆ ਰਾਹੀਂ ਲੋਕਾਂ ਨੂੰ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਇਸ ਕਾਨੂੰਨ ਦੀ ਉਲੰਘਣਾਂ ਕਰਨ 'ਤੇ ਬਣਦੀ ਸਜ਼ਾ ਬਾਰੇ ਵੀ ਦੱਸਿਆ ਜਾਵੇ। ਸਾਰੇ ਥਾਣਿਆਂ ਦੇ ਮੁੱਖੀਆਂ ਨੂੰ ਹਦਾਇਤ ਦੇਣ ਦੀ ਖੇਚਲ ਕੀਤੀ ਜਾਵੇ ਕਿ ਉਹ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਨੂੰ ਇਸ ਕਾਨੂੰਨ ਸੰਬੰਧੀ ਲਿਖਤੀ ਆਦੇਸ਼ਾਂ ਤੋਂ ਜਾਣੂ ਕਰਵਾਉਣ ਅਤੇ ਉਨ੍ਹਾਂ ਦੇ ਦਸਤਖ਼ਤ ਕਰਵਾ ਕੇ ਆਪਣੇ ਕੋਲ ਰੱਖਣ। ਇਸੇ ਤਰ੍ਹਾਂ ਉਹ ਦੁਕਾਨਦਾਰ ਜਿਹੜੇ ਲਾਊਡ ਸਪੀਕਰ ਕਿਰਾਏ 'ਤੇ ਦਿੰਦੇ ਹਨ ਉਨ੍ਹਾਂ ਨੂੰ ਵੀ ਲਿਖਤੀ ਤੌਰ 'ਤੇ ਨੋਟ ਕਰਵਾਇਆ ਜਾਵੇ ਤੇ ਹਦਾਇਤ ਕੀਤੀ ਜਾਵੇ ਕਿ ਉਹ ਬਿਨਾਂ ਲਿਖਤੀ ਆਗਿਆ ਲਾਊਡ ਸਪੀਕਰ ਅਤੇ ਹੋਰ ਸਾਊਂਡ ਸਿਸਟਮ ਨਾ ਲਾਉਣ ਜੇ ਬਿਨਾਂ ਆਗਿਆ ਲਾਉਣਗੇ ਜਾਂ ਨਿਰਧਾਰਿਤ ਆਵਾਜ਼ ਤੋਂ ਵੱਧ ਆਵਾਜ਼ ਵਜਾਉਣਗੇ ਤਾਂ ਉਨ੍ਹਾਂ ਦਾ ਸਾਮਾਨ ਜ਼ਬਤ ਕਰ ਲਿਆ ਜਾਵੇਗਾ ਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤਰ੍ਹਾਂ ਕਿਰਾਏ 'ਤੇ ਬੈਂਡ ਦੇਣ ਵਾਲੇ ਦੁਕਾਨਦਾਰਾਂ, ਢੋਲਕੀਆਂ, ਜਗਰਾਤੇ ਕਰਨ ਵਾਲੀਆਂ ਮੰਡਲੀਆਂ, ਮੈਰਿਜ ਪੈਲਸ ਵਾਲਿਆਂ ਨੂੰ ਵੀ ਲਿਖਤੀ ਹਦਾਇਤਾਂ ਨੋਟ ਕਰਵਾਈਆਂ ਜਾਣ। ਜਿਨ੍ਹਾਂ ਇਲਾਕਿਆਂ ਵਿੱਚ ਇਸ ਦੀ ਉਲੰਘਣਾਂ ਹੋ ਰਹੀ ਹੋਵੇ ਉਨ੍ਹਾਂ ਥਾਵਾਂ ਦੇ ਸੰਬੰਧਤ ਅਧਿਕਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇ। ਬੱਸਾਂ, ਟਰਕਾਂ ਤੇ ਹੋਰਨਾਂ ਗਡਆਂ ਵਿੱਚ ਵੱਜਦੇ ਪ੍ਰੈਸ਼ਰ ਹਾਰਨਾਂ ਨੂੰ ਸਖ਼ਤੀ ਨਾਲ ਬੰਦ ਕਰਵਾਉਣ ਲਈ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਅਤੇ ਟ੍ਰੈਫ਼ਿਕ ਅਧਿਕਾਰੀਆਂ ਨੂੰ ਹਦਾਇਤ ਦੇਣ ਦੀ ਖੇਚਲ ਕੀਤੀ ਜਾਵੇ ਕਿ ਉਹ ਚੰਡੀਗੜ੍ਹ ਵਾਂਗ ਇਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਤਾਂ ਉਹ ਨ੍ਹਾਂ ਦੀ ਦੁਰਵਰਤੋਂ ਕਰਨ ਤੋਂ ਬਾਜ਼ ਆ ਸਕਣ। ਸਬ ਡਿਵਜ਼ਿਨ ਪੱਧਰ ਅਤੇ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਹਰ ਮਹੀਨੇ ਹੋਣੀ ਚਾਹੀਦੀ ਹੈ ਤੇ ਇਸ ਵਿੱਚ ਰਜਿਸਟਰਡ ਸਮਾਜ ਸੇਵੀ ਸੰਸਥਾਵਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਮੰਚ ਆਗੂਆਂ ਨੇ ਉਮੀਦ ਜਾਹਰ ਕੀਤੀ ਹੈ ਕਿ ਡੀ. ਸੀ. ਸਾਹਿਬ ਇਸ ਪਾਸੇ ਨਿੱਜੀ ਧਿਆਨ ਦੇ ਕੇ ਅੰਮ੍ਰਿਤਸਰ ਨੂੰ ਪ੍ਰਦੂਸ਼ਣ ਮੁਕਤ ਕਰਵਾ ਕੇ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ ਤੇ ਮੰਚ ਅਦਾਲਤੀ ਕਾਰਵਾਈ ਕਰਨ ਲਈ ਮਜ਼ਬੂਰ ਨਹੀਂ ਕਰਨਗੇ।

ਡੀ. ਸੀ. ਸਾਹਿਬ ਇਕ ਮਹੀਨੇ ਵਿਚ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਵਾਉਣ ਦਾ ਸਮਾਂ ਦਿੱਤਾ ਗਿਆ ਈ ਜਾਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਮੰਚ ਅਦਾਲਤ ਦਾ ਦਰਵਾਜ਼ਾ ਖੜਕਾਏਗਾ ਜਿਸ ਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਪੱਤਰ ਦੀ ਕਾਪੀ ਮੁੱਖ ਮੰਤਰੀ, ਪ੍ਰਮੁੱਖ ਸਕੱਤਰ (ਚੀਫ਼ ਸੈਕਟਰੀ) ਪ੍ਰਮੁੱਖ ਸਕੱਤਰ ਗ੍ਰਹਿ ਵਿਭਾਗ ਤੇ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਪੰਜਾਬ ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਹੈ।

# ਭੈਣ ਕੁਮਾਰੀ ਮਾਇਆਵਤੀ ਜੀ ਦੇਸ਼ ਨੂੰ ਤਰੱਕੀ ਦੇ ਰਾਹ ਤੇ ਲਿਜਾਣ ਦੇ ਸਮਰੱਥ -ਸੁਲਹਾਣੀ

## ਬਹੁਜਨ ਸਮਾਜ ਦੇ ਨੌਜਵਾਨ ਨਸ਼ੇ ਤਿਆਗ ਕੇ ਡਾਕਟਰ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਘਰ ਘਰ ਪੁਚਾਉਣ - ਡਾਕਟਰ ਦੀਪ







**ਨਿਹਾਲ ਸਿੰਘ ਵਾਲਾ-** ਬਸਪਾ ਦੀ ਕੌਮੀ ਪ੍ਰਧਾਨ, ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਮੈਂਬਰ ਪਾਰਲੀਮੈਂਟ ਲੋਕ ਸਭਾ ਅਤੇ ਰਾਜ ਸਭਾ ਭੈਣ ਕੁਮਾਰੀ ਮਾਇਆਵਤੀ ਜੀ ਦਾ 68ਵਾਂ ਜਨਮ ਦਿਨ ਜ਼ਿਲ੍ਹਾ ਮੋਗਾ ਦੇ ਨਿਹਾਲ ਸਿੰਘ ਵਾਲਾ ਦੇ ਦੀਪ ਹਸਪਤਾਲ ਅਤੇ ਪੁਆਇਜਿਨ ਟਰੀਟਮੈਂਟ ਸੈਂਟਰ ਵਿਖੇ ਸਰਦਾਰ ਹਰਦੇਵ ਸਿੰਘ ਤਖਾਣਵੱਧ ਇੰਚਾਰਜ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਮੋਗਾ ਤੇ ਮੈਂਬਰ ਜ਼ਿਲ੍ਹਾ ਸ਼ਿਕਾਇਤ ਰਿਮੂਵਲ ਕਮੇਟੀ ਦੀ ਪ੍ਰਧਾਨਗੀ ਹੇਠ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦਾ ਪ੍ਰਬੰਧ ਉਘੇ ਸਮਾਜ ਸੇਵੀ, ਚਿੰਤਕ, ਦੀਪ ਹਸਪਤਾਲ ਦੇ ਮਾਲਕ ਡਾਕਟਰ ਹਰਗੁਰਪ੍ਰਤਾਪ ਸਿੰਘ ਉਰਫ ਡਾਕਟਰ ਦੀਪ ਨੇ ਕੀਤਾ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸਾਹਿਬ ਕਾਂਸ਼ੀ ਰਾਮ ਜੀ ਦੇ ਸਮੇਂ ਤੋਂ ਸੰਘਰਸ਼ਸ਼ੀਲ ਚਲੇ ਆ ਰਹੇ ਮਿਸ਼ਨਰੀ ਆਗੂ ਤੇ ਬਸਪਾ ਦੇ ਸੂਬਾ ਜਨਰਲ ਸਕੱਤਰ ਸਰਦਾਰ ਲਾਲ ਸਿੰਘ ਸੁਲਹਾਣੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਦੇਸ਼ ਦੇ ਕੋਨੇ ਕੋਨੇ ਵਿੱਚ ਪਹੁੰਚਾ ਕੇ ਬਹੁਜਨ ਸਮਾਜ ਦੇ ਲੋਕਾਂ ਵਿੱਚ ਰਾਜ ਭਾਗ ਦੀ ਚਾਹਤ ਪੈਦਾ ਕੀਤੀ, ਉਹਨਾਂ ਦੇ ਸੰਘਰਸ਼ ਸਦਕਾ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਚਾਰ ਵਾਰ ਦੇਸ਼ ਦੇ ਸੱਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀ ਰਾਜਸੱਤਾ ਸੰਭਾਲਣ ਦਾ ਮੌਕਾ ਮਿਲਿਆ। ਉਹਨਾਂ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਜੀ ਨੇ ਆਪਣੀ ਜ਼ਿੰਦਗੀ ਦੇ ਸੁਨਿਹਰੀ ਪਲ ਬਹੁਜਨ ਸਮਾਜ ਦੀ ਬਿਹਤਰੀ ਲਈ ਸੰਘਰਸ਼ ਕਰਦਿਆਂ ਬਿਤਾਏ ਅਤੇ ਆਪਣੀ ਨਿੱਜੀ ਜ਼ਿੰਦਗੀ ਦੇ ਸੁਖ ਆਰਾਮ ਤਿਆਗ ਕੇ ਸਮਾਜਿਕ ਪ੍ਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਲਈ ਸਾਹਿਬ ਕਾਂਸ਼ੀ ਰਾਮ ਜੀ ਦਾ ਭਰਪੂਰ ਸਾਥ ਦਿੱਤਾ। ਉਹਨਾਂ ਦੱਸਿਆ ਕਿ ਭੈਣ ਜੀ ਵਲੋਂ 21 ਸਾਲ ਦੀ ਉਮਰ ਵਿੱਚ ਘਰ ਪਰਵਾਰ ਤਿਆਗ ਕੇ ਬਹੁਜਨ ਸਮਾਜ ਦੇ ਸਵੈਮਾਣ ਲਈ ਸੰਘਰਸ਼ ਵਿੱਚ ਕੁੱਦਣਾ ਬਹੁਤ ਵੱਡੀ ਕੁਰਬਾਨੀ ਹੈ। ਉਹਨਾਂ ਦੀ ਹਿੰਮਤ ਹੌਸਲੇ ਤੇ ਦਲੇਰੀ ਸਦਕਾ ਉਹਨਾਂ ਨੂੰ ਆਇਰਨ ਲੇਡੀ ਵਜੋਂ ਜਾਣਿਆਂ ਜਾਂਦਾ ਹੈ। ਵਿਸ਼ਵ ਦੀਆਂ 10 ਸ਼ਕਤੀਸ਼ਾਲੀ ਔਰਤ ਆਗੂਆਂ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਦਾ ਨਾਮ ਦਾ ਸ਼ਾਮਲ ਹੋਣਾ ਬਹੁਜਨ ਸਮਾਜ ਲਈ ਬੜੇ ਫ਼ਖ਼ਰ ਵਾਲੀ ਗੱਲ ਹੈ। ਅੱਜ ਮੋਦੀ ਦੇ ਫਾਸ਼ੀਵਾਦੀ ਰਾਜ ਨੂੰ ਭਾਰਤ ਦੇ ਅਸਲ ਲੋਕਤਾਂਤਰਿਕ ਰਾਜ ਵਿੱਚ ਬਦਲਣ ਦਾ ਸਾਹਸ ਜੇਕਰ ਕਿਸੇ ਵਿੱਚ ਹੈ ਤਾਂ ਉਹ ਕੇਵਲ ਭੈਣ ਕੁਮਾਰੀ ਮਾਇਆਵਤੀ ਵਿੱਚ ਹੀ ਵੇਖਿਆ ਜਾ ਰਿਹਾ ਹੈ। ਉਹ ਦੇਸ਼ ਨੂੰ ਯੋਗ ਅਗਵਾਈ ਦੇ ਕੇ ਤਰੱਕੀ ਦੇ ਰਾਹ ਤੇ ਲਿਜਾਣ ਦੇ ਸਮਰੱਥ ਹਨ। ਹਰ ਵਰਗ ਦੀ ਤਰੱਕੀ ਲਈ ਉਨ੍ਹਾਂ ਦੀ ਸਰਕਾਰ ਸਮੇਂ ਕੀਤੇ ਕੰਮਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਹਨਾਂ ਵਲੋਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਕਾਬੂ ਚ ਰੱਖਿਆ ਗਿਆ। ਉਹਨਾਂ ਦੀ ਪ੍ਰਸ਼ਾਸਨ ਤੇ ਮਜ਼ਬੂਤ ਪਕੜ ਸੀ। ਉਹਨਾਂ ਦੇ ਸ਼ਾਸਨ ਦੌਰਾਨ ਗੁੰਡਾਗਰਦੀ ਨੂੰ ਨੱਥ ਪਾਈ ਗਈ ਤੇ ਇਕ ਫਿਰਕੂ ਦੰਗਾ ਨਹੀਂ ਹੋਇਆ। ਗਰੀਬਾਂ ਦਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਜ਼ਮੀਨਾਂ ਵੰਡੀਆਂ ਗਈਆਂ ਤੇ ਕਾਰੋਬਾਰ ਚਲਾਉਣ ਲਈ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਸਰਦਾਰ ਸੁਲਹਾਣੀ ਨੇ ਭਾਰਤ ਦੇ ਸੰਵਿਧਾਨ ਨੂੰ ਤੋੜਨ ਲਈ ਯਤਨਸ਼ੀਲ ਤਾਕਤਾਂ ਨੂੰ ਮੂੰਹ ਤੋੜ ਜੁਆਬ ਦੇਣ ਲਈ ਭੈਣ ਕੁਮਾਰੀ ਮਾਇਆਵਤੀ ਦੇ ਹਥ ਮਜ਼ਬੂਤ ਕਰਨ ਦੀ ਅਪੀਲ ਕੀਤੀ।

ਇਸ ਸਮਾਗਮ ਦੇ ਪ੍ਰਬੰਧਕ ਡਾਕਟਰ ਹਰਗੁਰਪ੍ਰਤਾਪ ਸਿੰਘ ਦੀਪ ਨੇ ਸੰਬੋਧਨ ਕਰਦਿਆਂ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਉਹਨਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਉਹਨਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਮਿਸ਼ਨ ਨੂੰ ਅਪਨਾ ਕੇ ਅੱਗੇ ਵਧਣਾ ਹੋਏਗਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੀਆਂ 22 ਪ੍ਰਤਿੱਗਿਆਵਾਂ ਤੋਂ ਸਮਾਜ ਨੂੰ ਜਾਣੂ ਕਰਾਉਣ ਲਈ ਘਰ ਘਰ ਜਾਣਾ ਹੋਏਗਾ।

ਬਾਬਾ ਸਾਹਿਬ ਦੀ ਇੱਛਾ ਮੁਤਾਬਿਕ ਬਹੁਜਨ ਸਮਾਜ ਦਾ ਨੌਜਵਾਨ ਵਰਗ ਹਰ ਤਰ੍ਹਾਂ ਦੇ ਨਸ਼ੇ ਤਿਆਗ ਕੇ ਬਹੁਜਨ ਸਮਾਜ ਨੂੰ ਰਾਜਸੱਤਾ ਦਾ ਮਾਲਕ ਬਣਾਉਣ ਲਈ ਸੰਘਰਸ਼ ਵਿੱਚ ਕੁਦਣਾ ਚਾਹੀਦਾ ਹੈ।

ਇਸ ਮੁਬਾਰਕ ਮੌਕੇ ਤੇ ਡਾਕਟਰ ਦੀਪ ਅਤੇ ਬਸਪਾ ਆਗੂਆਂ ਵਲੋਂ ਸਰਦਾਰ ਲਾਲ ਸਿੰਘ ਸੁਲਹਾਣੀ ਜੀ ਦਾ ਭਰਪੂਰ ਸਨਮਾਨ ਕੀਤਾ ਗਿਆ। ਡਾਕਟਰ ਹਰਗੁਰਪ੍ਰਤਾਪ ਸਿੰਘ ਜੀ ਵਲੋਂ ਸੁਲਹਾਣੀ ਜੀ ਨੂੰ ਆਪਣੀ ਇੱਕ ਕਿਤਾਬ ਭੇਂਟ ਕੀਤੀ ਗਈ। ਇਸ ਮੌਕੇ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਇੱਕ ਕੇਕ ਕੱਟ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਰਾਜਪਾਲ ਸਿੰਘ ਨੰਗਲ ਅਤੇ ਗੁਰਮੇਲ ਸਿੰਘ ਧੂੜਕੋਟ ਵਲੋਂ ਕਾਂਗਰਸ ਪਾਰਟੀ ਛੱਡ ਕੇ ਬਸਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਅਤੇ ਸਰਦਾਰ ਲਾਲ ਸਿੰਘ ਸੁਲਹਾਣੀ ਅਤੇ ਹੋਰ ਆਗੂਆਂ ਵਲੋਂ ਪਾਰਟੀ ਵਿੱਚ ਨਵੇਂ ਆਏ ਇਹਨਾਂ ਸਾਥੀਆਂ ਦਾ ਸਵਾਗਤ ਕਰਦਿਆਂ ਸਨਮਾਨ ਕੀਤਾ। ਗੁਰਤੇਜ ਸਿੰਘ ਰਾਹੀ ਬੱਧਨੀ ਕਲਾਂ ਦੇ ਕਵੀਸ਼ਰੀ ਜਥੇ ਅਤੇ ਰਾਮ ਸਿੰਘ ਹਨੂਰ ਨੇ ਕਵਿਤਾਵਾਂ ਪੇਸ਼ ਕਰਕੇ ਹਾਜ਼ਰੀ ਭਰੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਸਪਾ ਜ਼ਿਲ੍ਹਾ ਮੋਗਾ ਦੇ ਇੰਚਾਰਜ ਹਰਦੇਵ ਸਿੰਘ ਤਖਾਣਵੱਧ, ਸਾਬਕਾ ਜ਼ਿਲ੍ਹਾ ਮੀਤ ਲਖਵੀਰ ਸਿੰਘ ਬੁੱਧ ਸਿੰਘ ਵਾਲਾ, ਸਾਬਕਾ ਹਲਕਾ ਪ੍ਰਧਾਨ ਨਿਹਾਲ ਸਿੰਘ ਵਾਲਾ ਬਿੱਕਰ ਸਿੰਘ ਬੱਧਨੀ ਕਲਾਂ, ਸੋਨੀ ਹਿੰਮਤਪੁਰਾ, ਸਾਬਕਾ ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਸੇਖਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੀਨੀਅਰ ਆਗੂ ਸੇਵਕ ਸਿੰਘ ਮਾਣੂੰਕੇ, ਸਾਬਕਾ ਹਲਕਾ ਪ੍ਰਧਾਨ ਬਾਘਾਪੁਰਾਣਾ ਬਲਵਿੰਦਰ ਸਿੰਘ ਅਟਵਾਲ, ਸਾਬਕਾ ਹਲਕਾ ਖਜ਼ਾਨਚੀ ਬਾਘਾਪੁਰਾਣਾ, ਕਰਨੈਲ ਸਿੰਘ ਕਾਲੇਕੇ, ਸਰਵਣ ਸਿੰਘ ਕਾਲੇਕੇ, ਪ੍ਰੀਤਮ ਸਿੰਘ ਬੀ ਏ, ਜਗਰਾਜ ਸਿੰਘ ਬੱਧਨੀ ਕਲਾਂ,ਬੱਗਾ ਸਿੰਘ ਲੋਪੋ, ਸੁਬੇਦਾਰ ਓਮ ਪ੍ਰਕਾਸ਼ ਸਿੰਘ ਤਖਾਣਵੱਧ, ਬੂਟਾ ਸਿੰਘ ਤਖਾਣਵੱਧ, ਜ਼ੋਰਾ ਸਿੰਘ ਭੰਗਾ, ਸੰਪੂਰਨ ਸਿੰਘ ਪੱਤੋ, ਰੂਪ ਸਿੰਘ ਰਣਸੀਂਹ ਕਲਾਂ, ਸ਼ਿੰਗਾਰਾ ਸਿੰਘ ਰਣਸੀਂਹ ਖੁਰਦ,ਜੱਗਾ ਸਿੰਘ ਭਦੌੜ ਸਮੇਤ ਵੱਡੀ ਗਿਣਤੀ ਵਿਚ ਕਾਰਜ ਕਰਤਾਵਾਂ ਨੇ ਸ਼ਮੂਲੀਅਤ ਕੀਤੀ।

**(ਪੇਸ਼ਕਸ਼ ਹਰਦੇਵ ਸਿੰਘ ਤਖਾਣਵੱਧ)**

# ਪਟਿਆਲੇ ਦੀਆਂ ਸੜਕਾਂ ਤੇ ਕਾਲੇ ਝੰਡੇ ਲਹਿਰਾ ਕੇ ਪੰਜਾਬ ਸਰਕਾਰ ਦੀ ਪੋਲ ਖੋਲੀ ਜਾਵੇਗੀ

## 10 ਫਰਵਰੀ ਨੂੰ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਕਾਮੇ ਪਟਿਆਲਾ ਵਿੱਚ ਸੂਬਾ ਪੱਧਰੀ ਰੋਸ ਰੈਲੀ ਕਰਕੇ ਸਿਹਤ ਮੰਤਰੀ ਦੀ ਰਿਹਾਇਸ਼ ਦਾ ਕਰਨਗੇ ਘਿਰਾਓ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਿਹਤ ਵਿਭਾਗ ਵਿੱਚ ਯੋਗ ਪ੍ਰਣਾਲੀ ਰਾਹੀਂ ਭਰਤੀ ਕੀਤੇ ਨੈਸ਼ਨਲ ਹੈਲਥ ਮਿਸ਼ਨ ਅਧੀਨ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਠੇਕੇ ਤੇ ਕੰਮ ਕਰਦੇ ਕੱਚੇ ਸਿਹਤ ਮੁਲਾਜ਼ਮਾਂ ਨਾਲ ਪੱਕੇ ਵਾਅਦੇ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਲੀਡਰ ਸੱਤਾ ਦੇ ਨਸ਼ੇ ਵਿੱਚ ਆਪਣੇ ਵਾਅਦਿਆ ਤੋਂ ਨਜਰਾਂ ਫੇਰਦੇ ਨਜਰ ਆ ਰਹੇ ਹਨ। ਬੀਤੇ ਦਿਨ ਐਨ.ਐਚ.ਐਮ ਕਰਮਚਾਰੀਆਂ ਦੀਆਂ ਜਾਇਜ ਮੰਗਾਂ ਦੇ ਸਬੰਧ ਵਿੱਚ ਐਨ.ਐਚ.ਐਮ ਇੰਪਲਾਈਜ ਯੂਨੀਅਨ ਪੰਜਾਬ ਦੀ ਮੀਟਿੰਗ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਨਾਲ ਪੰਜਾਬ ਸਕੱਤਰੇਤ ਚੰਡੀਗੜ ਵਿਖੇ ਹੋਈ ਇਸ ਮੀਟਿੰਗ ਵਿੱਚ ਵੀ ਪਹਿਲਾਂ ਵਾਂਗ ਪੰਜਾਬ ਸਰਕਾਰ ਨੇ ਲਾਰਾ ਲਾਊ ਅਤੇ ਡੰਗ ਟਪਾਊ ਨੀਤੀ ਅਪਣਾਉਂਦਿਆਂ ਐਨ.ਐਚ.ਐਮ ਕਰਮਚਾਰੀਆਂ ਦੀਆਂ ਜਾਇਜ ਮੰਗਾਂ ਨੂੰ ਪੂਰਾ ਕਰਨ ਲਈ ਕੋਈ ਸੁਪੱਸ਼ਟ ਹਾਂ ਪੱਖੀ ਹੁੰਗਾਰਾ ਨਾ ਭਰਿਆ, ਜਿਸ ਕਰਕੇ ਐਨ.ਐਚ.ਐਮ ਕਰਮਚਾਰੀਆਂ ਨੇ ਭਾਰੀ ਰੋਸ ਜਤਾਇਆ ਹੈ। ਉਨ੍ਹਾਂ ਰੋਸ ਜਿੱਤਾਉਦਿਆ ਕਿਹਾ ਹੈ ਕਿ ਕਾਂਗਰਸ ਸਰਕਾਰ ਵੇਲੇ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਮੁਲਾਜ਼ਮਾਂ ਦੇ ਧਰਨਿਆਂ ਦੇ ਵਿਚ ਸ਼ਾਮਿਲ ਹੋ ਕੇ ਠੇਕਾ ਮੁਲਾਜਮਾਂ ਨੂੰ ਪੱਕੇ ਕਰਨ ਦੇ ਸਬਜ਼ਬਾਗ ਦਿਖਾਏ ਪਰ ਜਦ ਵਾਅਦਿਆ ਨੂੰ ਅਮਲੀ ਜਾਮਾਂ ਪਹਿਨਾਉਣ ਦੀ ਵਾਰੀ ਆਈ ਤਾਂ ਪਿਛਲੇ 2 ਸਾਲਾਂ ਦੌਰਾਨ ਕੀਤੀਆਂ ਗਈਆਂ ਲੱਗਭੱਗ 23-24 ਦੇ ਕਰੀਬ ਮੀਟਿੰਗਾਂ ਵਿਚ ਵੀ ਕੋਈ ਹੱਲ ਨਹੀਂ ਕੀਤਾ ਗਿਆ ਅਤੇ ਮੀਟਿੰਗਾਂ ਦੌਰਾਨ ਬੱਸ ਲਾਰਿਆਂ ਦੀ ਪੰਡ ਦੇ ਸਿਵਾ ਕੁਝ ਵੀ ਨਹੀਂ ਦਿੱਤਾ ਗਿਆ। ਐਨ.ਐਚ.ਐਮ ਇੰਪਲਾਈਜ ਯੂਨੀਅਨ ਪੰਜਾਬ ਦੇ ਪ੍ਰਧਾਨ ਡਾਕਟਰ ਵਾਹਿਦ, ਜਰਨਲ ਸਕੱਤਰ ਗੁਲਸ਼ਨ ਸ਼ਰਮਾ, ਅਮਰਜੀਤ ਸਿੰਘ ਅਤੇ ਮੀਤ ਪ੍ਰਧਾਨ ਕਿਰਨਜੀਤ ਕੌਰ ਨੇ ਕਿਹਾ ਕਿ ਆਪਣੇ ਭਵਿੱਖ ਅਤੇ ਹੋਂਦ ਨੂੰ ਬਚਾਉਣ ਲਈ ਸਿਹਤ ਵਿਭਾਗ ਦੀ ਨੈਸ਼ਨਲ ਹੈਲਥ ਮਿਸ਼ਨ ਇੰਪਲਾਈਜ਼ ਯੂਨੀਅਨ 10 ਫਰਵਰੀ ਨੂੰ ਨੈਸ਼ਨਲ ਹੈਲਥ ਮਿਸ਼ਨ ਦੇ ਕੱਚੇ ਕਾਮੇ ਪਟਿਆਲਾ ਵਿੱਚ ਸੂਬਾ ਪੱਧਰੀ ਰੋਸ ਰੈਲੀ ਕਰਕੇ ਸਿਹਤ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨਗੇ । ਰੈਲੀ ਦੌਰਾਨ ਪਟਿਆਲੇ ਦੀਆਂ ਸੜਕਾਂ ਤੇ ਕਾਲੇ ਝੰਡੇ ਲਹਿਰਾ ਕੇ ਪੰਜਾਬ ਸਰਕਾਰ ਦੀ ਪੋਲ ਖੋਲੀ ਜਾਵੇਗੀ ਅਤੇ ਲੋਕਾਂ ਨੂੰ ਸਰਕਾਰ ਦੀ ਲਾਰੇਬਾਜੀ ਅਤੇ ਵਾਅਦਾ ਖਿਲਾਫ਼ੀ ਬਾਰੇ ਕਾਲੇ ਝੰਡੇ ਲਹਿਰਾ ਕੇ ਜਾਗਰੂਕ ਕੀਤਾ ਜਾਵੇਗਾ। ਕੁੰਭ ਕਰਨੀ ਨੀਂਦ ਸੁੱਤੀ ਪਈ ਭਗਵੰਤ ਮਾਨ ਸਰਕਾਰ ਨੂੰ ਜਗਾਉਣ ਲਈ ਪਟਿਆਲੇ ਵਿਖੇ ਨੈਸ਼ਨਲ ਹੈਲਥ ਮਿਸ਼ਨ ਦੇ 10000 ਸਿਹਤ ਕਰਮਚਾਰੀਆਂ ਵੱਲੋਂ ਇਹਨਾਂ ਦੇ ਲਾਰਿਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ ਅਤੇ ਜਿੱਥੇ ਜਿੱਥੇ ਵੀ ਇਹਨਾਂ ਦੇ ਮੰਤਰੀ ਆਉਣ ਵਾਲੇ ਦਿਨਾਂ ਵਿੱਚ ਚੋਣ ਪ੍ਰਚਾਰ ਕਰਨਗੇ ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮ ਉਹਨਾਂ ਦਾ ਘਿਰਾਓ ਕਰਨਗੇ।




ਸ੍ਰੀਮਤੀ ਦੀਪਿਕਾ ਸ਼ਰਮਾ ਜ਼ਿਲ੍ਹਾ ਪਧਾਨ ਪਠਾਨਕੋਟ ਨੇ ਕਿਹਾ ਕਿ ਇਹਨਾਂ ਕਰਮਚਾਰੀਆਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਜਿਵੇਂ ਕਿ ਰੈਗੂਲਰਾਈਜੇਸ਼ਨ ਹਰਿਆਣਾ ਵਾਂਗ ਪੇਅ ਸਕੇਲ ਦੇਣਾਂ, ਸਿਹਤ ਬੀਮਾ ਅਤੇ ਬਰਾਬਰ ਯੋਗਤਾ-ਬਰਾਬਰ ਕੰਮ ਬਰਾਬਰ ਤਨਖਾਹਾਂ ਦੇ ਸਿਧਾਂਤ ਅਨੁਸਾਰ ਗੁਜਾਰੇ ਯੋਗ ਤਨਖਾਹਾਂ ਦੇਣਾ ਆਦਿ ਬਾਰੇ ਪੰਜਾਬ ਸਰਕਾਰ ਨੇ ਭੇਦਭਰੀ ਚੁੱਪ ਵੱਟ ਲਈ ਹੈ, ਜਿਸ ਕਰਕੇ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਨਿਭਾ ਰਹੇ ਨੈਸ਼ਨਲ ਹੈਲਥ ਮਿਸ਼ਨ ਦੇ 10000 ਮੁਲਾਜਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਪੰਜਾਬ ਭਰ ਦੇ ਕੱਚੇ ਮੁਲਾਜਮਾਂ ਨੂੰ ਰੈਗੂਲਰ ਕਰਨ ਲਈ ਬਣਾਈ ਅੱਧੀ ਅਧੂਰੀ 'ਭਲਾਈ ਨੀਤੀ" ਵੀ ਚਿੱਟਾ ਹਾਥੀ ਸਾਬਿਤ ਹੁੰਦੀ ਦਿਖਾਈ ਦੇ ਰਹੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਨੇ ਐਨ ਐਚ ਐਮ ਕਰਮਚਾਰੀਆਂ ਨੂੰ ਪੱਕੇ ਕਰਨਾ ਤਾਂ ਦੂਰ ਦੀ ਗੱਲ ਹੈ ਬਲਕਿ ਵਿੱਤੀ ਸਾਲ ਦੇ 10 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਜਿਲਾ ਪੱਧਰ ਤੇ ਕੰਮ ਕਰਦੇ ਐਨ ਐਚ ਐਮ ਕਰਮਚਾਰੀਆਂ ਦਾ ਅਜੇ ਤੱਕ ਸਟੇਟ ਪੱਧਰ ਤੋਂ ਸਾਲਾਨਾ ਕੰਟਰੈਕਟ ਵੀ ਰਿਨਿਊ ਨਹੀਂ ਕੀਤਾ ਗਿਆ ਹੈ ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਰਮਚਾਰੀਆਂ ਨੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਇੰਝ ਲੱਗਦਾ ਹੈ ਕਿ ਪੰਜਾਬ ਦੇ ਸਰਕਾਰੀ ਅਦਾਰਿਆਂ ਵਿੱਚ ਪਹਿਲੀਆਂ ਸਰਕਾਰਾਂ ਵਾਂਗ ਇਸ ਸਰਕਾਰ ਵਿੱਚ ਵੀ ਠੇਕਾ ਪਰਥਾ ਦੇ ਨਾਮ ਤੇ ਸਰਕਾਰੀ ਬੰਧੂਆ ਮਜਦੂਰੀ ਜਾਰੀ ਰਹੇਗੀ। ਇਸ ਵੇਲੇ ਉਹਨਾਂ ਨਾਲ ਪੰਕਜ ਕੁਮਾਰ, ਤਨਵੀ ਸ਼ਰਮਾ, ਪ੍ਰਿਆ ਮਹਾਜਨ, ਅਮਨਦੀਪ ਸਿੰਘ, ਮਿਨਾਕਸ਼ੀ, ਜਤਿਨ ਕੁਮਾਰ, ਪਾਰਸ ਸੈਣੀ,ਹੇਮੰਤ ਸ਼ਰਮਾ, ਅਰਜੁਨ ਸਿੰਘ, ਨਰੇਸ ਕੁਮਾਰ ਆਦਿ ਕਰਮਚਾਰੀ ਹਾਜ਼ਰ ਸਨ।

# ਪੰਜਾਬ 'ਚ ਸੀਤਲਹਿਰ ਦੁਬਾਰਾ ਆਰੰਭ ਹੋਈ


ਲੁਧਿਆਣਾ- ਪੰਜਾਬ 'ਚ ਮੰਗਲਵਾਰ ਨੂੰ ਵੀ ਦਿਨ ਵੇਲੇ ਤੇਜ਼ ਧੁੱਪ ਨਿਕਲਣ ਨਾਲ ਕੜਾਕੇ ਦੀ ਠੰਢ ਤੋਂ ਰਾਹਤ ਰਹੀ। ਧੁੱਪ ਕਾਰਨ ਕਈ ਜ਼ਿਲ੍ਹਿਆਂ 'ਚ ਦਿਨ ਦਾ ਤਾਪਮਾਨ ਆਮ ਤੋਂ ਵੱਧ ਰਿਹਾ।

ਹਾਲਾਂਕਿ ਰਾਤ ਦੇ ਤਾਪਮਾਨ 'ਚ ਲਗਾਤਾਰ ਗਿਰਾਵਟ ਆ ਰਹੀ ਹੈ। ਰਾਤ ਨੂੰ ਠੰਢ ਵੱਧ ਗਈ ਹੈ। ਮੌਸਮ ਵਿਭਾਗ ਮੁਤਾਬਕ ਬੁੱਧਵਾਰ ਨੂੰ ਪੰਜਾਬ 'ਚ ਸੀਤਲਹਿਰ ਦੁਬਾਰਾ ਮੁੜੇਗੀ। ਜਿਸ ਨਾਲ ਦਿਨ ਵੇਲੇ ਠਾਰ ਵਧੇਗੀ। ਰਾਤ ਦੇ ਤਾਪਮਾਨ 'ਚ ਗਿਰਾਵਟ ਆਏਗੀ ਹਾਲਾਂਕਿ ਵੀਰਵਾਰ ਤੋਂ ਮੌਸਮ ਡ੍ਰਾਈ ਹੋ ਜਾਵੇਗਾ।

ਮੰਗਲਵਾਰ ਨੂੰ ਮੋਗਾ 'ਚ ਘੱਟੋ-ਘੱਟ ਤਾਪਮਾਨ ਸਭ ਤੋਂ ਘੱਟ 2.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਬਠਿੰਡਾ, ਫ਼ਰੀਦਕੋਟ ਤੇ ਫ਼ਿਰੋਜ਼ਪੁਰ 'ਚ ਘੱਟੋ-ਘੱਟ ਤਾਪਮਾਨ ਤਿੰਨ ਡਿਗਰੀ ਰਿਹਾ। ਉਥੇ ਗੁਰਦਾਸਪੁਰ 'ਚ ਘੱਟੋ-ਘੱਟ ਤਾਪਮਾਨ 4.0 ਡਿਗਰੀ, ਅੰਮ੍ਰਿਤਸਰ, ਜਲੰਧਰ ਪਠਾਨਕੋਟ ਤੇ ਪਟਿਆਲਾ 'ਚ ਘੱਟੋ-ਘੱਟ ਤਾਪਮਾਨ ਪੰਜ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਲੁਧਿਆਣਾ 'ਚ ਘੱਟੋ-ਘੱਟ ਤਾਪਮਾਨ 6.9 ਡਿਗਰੀ, ਮੋਹਾਲੀ 'ਚ 9.5 ਡਿਗਰੀ, ਚੰਡੀਗੜ੍ਹ 'ਚ 8.0 ਡਿਗਰੀ ਦਰਜ ਕੀਤਾ ਗਿਆ। ਓਧਰ ਚੰਡੀਗੜ੍ਹ, ਪਠਾਕੋਟ, ਫ਼ਰੀਦਕੋਟ, ਗੁਰਦਾਸਪੁਰ 'ਚ ਵੱਧ ਤੋਂ ਵੱਧ ਤਾਪਮਾਨ 20 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੰਮ੍ਰਿਤਸਰ, ਲੁਧਿਆਣਾ, ਬਠਿੰਡਾ, ਬਰਨਾਲਾ, ਪਟਿਆਲਾ 'ਚ ਵੱਧ ਤੋਂ ਵੱਧ ਤਾਪਮਾਨ 19 ਡਿਗਰੀ ਸੈਲਸੀਅਸ ਦਰਜ ਕੀਤਾ।

# ਸਰੀ ਸੈਂਟਰਲ ਲਾਇਬ੍ਰੇਰੀ ਡਾ: ਅੰਬੇਡਕਰ ਹਾਲ ਵਿੱਚ ਗਣਤੰਤਰ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ










28 ਜਨਵਰੀ 2024 ਦਿਨ ਐਤਵਾਰ ਨੂੰ ਵੈਨਕੂਵਰ ਅਤੇ ਸਰੀ ਨਿਵਾਸੀ ਅੰਬੇਡਕਰੀ ਭੈਣਾਂ ਭਰਾਵਾਂ ਨੇ ਰਲ ਕੇ ਸਰੀ ਸੈਂਟਰਲ ਲਾਇਬ੍ਰੇਰੀ ਡਾ: ਅੰਬੇਡਕਰ ਹਾਲ ਵਿੱਚ ਗਣਤੰਤਰ ਦਿਵਸ (ਸੰਵਿਧਾਨ ਦਿਵਸ) ਬੜੀ ਧੂਮ ਧਾਮ ਨਾਲ ਮਨਾਇਆ। ਪ੍ਰੋਗਰਾਮ ਦੀ ਸ਼ੁਰੂਆਤ ਮੋਹਨ ਬੰਗਾ ਅਤੇ ਪਰਮਜੀਤ ਬੰਗਾ ਦੁਆਰਾ ਤ੍ਰੀ ਸ਼ਰਨ ਅਤੇ ਪੰਚ ਸ਼ੀਲ ਨਾਲ ਕੀਤੀਲ ਅਤੇ ਬੁਲਾਰਿਆਂ ਨੇ ਬਾਬਾ ਸਾਹਿਬ ਜੀ ਦਾ ਕੋਟਨ ਕੋਟ ਧੰਨਵਾਦ ਕੀਤਾ ਜਿਨ੍ਹਾਂ ਦੀ ਬਦੌਲਤ ਅੱਜ ਸਾਡਾ ਸਮਾਜ ਸਿਰ ਚੁੱਕ ਕੇ ਤੁਰਨ ਜੋਗਾ ਹੋਇਆ। ਬਾਬਾ ਸਾਹਿਬ ਦੇ ਸ਼ੰਘਰਸ਼ ਸਦਕਾ ਹੀ ਸਾਨੂੰ ਹੱਕ ਅਧਿਕਾਰ ਮਿਲੇ ਅਤੇ ਅਸੀਂ ਪੜ੍ਹ ਲਿਖ ਕੇ ਉਚਿਆਂ ਔਹਦਿਆਂ ਤੇ ਲੱਗੇ। ਇਹ ਸਾਰਾ ਪ੍ਰੋਗਰਾਮ ਮਿਸ਼ਨਰੀ ਅੰਬੇਡਕਰੀ ਬੋਧੀ ਲਾਹੌਰੀ ਰਾਮ ਬਾਲੀ ਜੀ ਨੂੰ ਸਮਰਪਿਤ ਕੀਤਾ ਗਿਆ।

ਸ਼੍ਰੀ ਰਾਮ ਪ੍ਰਤਾਪ ਕਲੇਰ ਜੀ ਨੇ ਸ਼੍ਰੀ ਬਾਲੀ ਜੀ ਦੀ ਜੀਵਨੀ ਵਾਰੇ ਅਤੇ ਉਨ੍ਹਾਂ ਦੇ ਕੀਤੇ ਹੋਏ ਕੰਮਾਂ ਵਾਰੇ ਵਿਸਥਾਰ ਸਾਹਿਤ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ। ਬੁਲਾਰਿਆਂ ਵਿੱਚ ਸ਼੍ਰੀ ਜਿਲੇ ਸਿੰਘ, ਸ਼੍ਰੀਮਤੀ ਕਮਲੇਸ਼ ਆਹੀਰ, ਰਸ਼ਪਾਲ ਭਾਰਦਵਾਜ, ਸ਼੍ਰੀਮਤੀ ਮਨਜੀਤ ਬੈਂਸ, ਸ਼੍ਰੀ ਸੁਰਜੀਤ ਬੈਂਸ, ਪਰਮ ਕੈਨੇਡਾ, ਸ਼੍ਰੀ ਗੋਪਾਲ ਲੋਹੀਆ, ਸ਼੍ਰੀ ਬਿੱਲ ਬਸਰਾ (ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ) ਜੀ ਨੇ ਸਭ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਬਾਲੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਟੇਜ ਦੀ ਕਾਰਵਾਈ ਸ਼੍ਰੀ ਜੈ ਬਿਰਦੀ ਜੀ ਨੇ ਬਹੁਤ ਹੀ ਸੁੱਚਜੇ ਢੰਗ ਨਾਲ ਨਿਭਾਈ। ਪ੍ਰੋਗਰਾਮ ਚੇਤਨਾ ਐਸੋਸੀਏਸ਼ਨ ਕੈਨੇਡਾ ਅਤੇ ਅੰਬੇਡਕਰਈਟ ਇੰਟਰਨੈਸ਼ਨਲ ਕੋਆਰਡੀਨੇਸ਼ਨ ਸੋਸਾਇਟੀ ਆਫ ਕੈਨੇਡਾ ਦੇ ਸਹਿਜੋਗ ਨਾਲ ਕੀਤਾ ਗਿਆ। ਅੰਤ ਵਿੱਚ ਸ਼੍ਰੀ ਬਾਲੀ ਜੀ ਦੀ ਬੇਟੀ ਸ਼ਕੁੰਤਲਾ ਨਾਗਰ ਜੀ ਅਤੇ ਪਰਿਵਾਰ ਨੂੰ ਬਾਲੀ ਜੀ ਦੀ ਫੋਟੋ ਦੇ ਕੇ ਸਨਮਾਨਿਤ ਕੀਤਾ ਗਿਆ।

**ਰਿਪੋਰਟ- ਅਨੰਦ ਬਾਲੀ**

# ਜਰਖੜ ਖੇਡਾਂ ਦਾ ਪੋਸਟਰ ਹੋਇਆ ਜਾਰੀ, 10 ਫਰਵਰੀ ਨੂੰ ਉਦਘਾਟਨੀ ਸਮਾਰੋਹ ਹੋਵੇਗਾ ਲਾਜਵਾਬ

**ਲੁਧਿਆਣਾ 7 ਫਰਵਰੀ-** ਪੰਜਾਬ ਦੀਆਂ 36ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 10 ਅਤੇ 11 ਫਰਵਰੀ ਨੂੰ ਹੋ ਰਹੀਆਂ ਹਨ ਉਹਨਾਂ ਦਾ ਅੱਜ ਜਰਖੜ ਖੇਡ ਸਟੇਡੀਅਮ ਵਿਖੇ ਪੋਸਟਰ ਜਾਰੀ ਕੀਤਾ ਅਤੇ ਖੇਡਾਂ ਦੀਆਂ ਤਿਆਰੀਆਂ ਮੁਕੰਮਲ ਕੀਤੀਆ ਗਈਆ।




ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜਰੂਰੀ ਮੀਟਿੰਗ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ ਦੇ ਕਾਰਵਾਈ ਬਾਰੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਟੂਰਨਾਮੈਂਟ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਸਰਪ੍ਰਸਤੀ ਹੇਠ ਕਰਵਾਇਆ ਜਾ ਰਿਹਾ ਹੈ ਉਹਨਾਂ ਦੱਸਿਆ ਕਿ 10 ਫਰਵਰੀ ਨੂੰ ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ। ਜਿਸ ਵਿੱਚ ਇਲਾਕੇ ਦੇ ਸਕੂਲੀ ਬੱਚਿਆਂ ਦਾ ਮਾਰਚ ਪਾਸਟ ਤੇ ਸੱਭਿਆਚਾਰਕ ਪ੍ਰੋਗਰਾਮ ਮੁੱਖ ਖਿੱਚ ਦਾ ਕੇਂਦਰ ਹੋਣਗੇ। ਇਸ ਤੋਂ ਇਲਾਵਾ ਸਕੂਲੀ ਬੱਚਿਆਂ ਦੇ ਖੇਡ ਮੁਕਾਬਲੇ ਕਬੱਡੀ , ਰੱਸਾਕਸ਼ੀ, ਸਰਕਾਰੀ ਸਕੂਲਾਂ ਦੇ ਰੱਸਾਕਸੀ ਦੇ ਮੁਕਾਬਲੇ, ਹਾਕੀ ਮੁੰਡੇ ਕੁੜੀਆਂ , ਹਾਕੀ ਅੰਡਰ 15 ਸਾਲ , ਕੁਸ਼ਤੀਆਂ, ਵਾਲੀਬਾਲ ਆਦਿ ਖੇਡਾਂ ਦੇ ਮੁਕਾਬਲੇ ਖਿੱਚ ਦਾ ਕੇਂਦਰ ਹੋਣਗੇ ਜਦਕਿ 11 ਫਰਵਰੀ ਨੂੰ ਕਬੱਡੀ ਓਪਨ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਹੋਵੇਗਾ। ਏਵਨ ਸਾਈਕਲ ਕੰਪਨੀ ਵੱਲੋਂ ਜਰਖੜ ਖੇਡ ਸਟੇਡੀਅਮ ਨੂੰ ਪੂਰੀ ਰੰਗ ਰੋਗਨ ਕਰਕੇ ਸਜਾਇਆ ਗਿਆ । ਉਨ੍ਹਾਂ ਦੱਸਿਆ ਕਿ ਹਾਕੀ ਦੇ ਮੁਕਾਬਲੇ 9 ਫਰਵਰੀ ਨੂੰ ਵੀ ਹੋਣਗੇ ਜਦਕਿ ਟੂਰਨਾਮੈਂਟ ਦਾ ਉਦਘਾਟਨ 10 ਫਰਵਰੀ ਨੂੰ ਹੋਵੇਗਾ ਅਤੇ ਫਾਈਨਲ ਮੁਕਾਬਲੇ 11 ਫਰਵਰੀ ਨੂੰ ਹੋਣਗੇ ਇਸ ਮੌਕੇ ਦੁਪਹਿਰੇ 2 ਵਜੇ ਲੋਕ ਗਾਇਕ ਹਰਜੀਤ ਹਰਮਨ, ਉਬਰਦੀ ਗੈਕ ਜੋੜੀ ਗੁਰਜਾਨ ਅਤੇ ਰੂਪ ਦਾ ਖੁੱਲਾ ਅਖਾੜਾ ਲੱਗੇਗਾ। ਕਬੱਡੀ ਦੇ ਮੈਚ ਸ਼ਾਮ 5 ਵਜੇ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤੇ ਜਾਣਗੇ। ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ 60 ਸਾਈਕਲ ਦਿੱਤੇ ਜਾਣਗੇ। ਫਾਈਨਲ ਸਮਾਰੋਹ ਤੇ ਤੇ 6 ਸ਼ਖਸੀਅਤਾਂ ਦਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ ਹੋਵੇਗਾ।

ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਕੁਲਦੀਪ ਸਿੰਘ ਚਾਹਲ ਪੁਲਿਸ ਕਮਿਸ਼ਨਰ ਲੁਧਿਆਣਾ ਹੋਣਗੇ ਜਦਕਿ ਫਾਈਨਲ ਸਮਾਰੋਹ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਮੁੱਖ ਮਹਿਮਾਨ ਵਜੋਂ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਨਗੇ।

ਅੱਜ ਦੀ ਮੀਟਿੰਗ ਵਿੱਚ ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ , ਦਲਜੀਤ ਸਿੰਘ ਜਰਖੜ ਕੈਨੇਡਾ, ਐਡਵੋਕੇਟ ਸੁਮਿਤ ਸਿੰਘ, ਸ਼ਿੰਗਾਰਾ ਸਿੰਘ ਜਰਖੜ, ਪਰਮਜੀਤ ਸਿੰਘ ਨੀਟੂ, ਦੁਪਿੰਦਰ ਸਿੰਘ ਡਿੰਪੀ, ਸਾਹਿਬਜੀਤ ਸਿੰਘ ਜਰਖੜ, ਸੁਖਬੀਰ ਸਿੰਘ ਜਰਖੜ ਕੈਨੇਡਾ, ਗੁਰਸਤਿੰਦਰ ਸਿੰਘ ਪਰਗਟ, ਅਜੀਤ ਸਿੰਘ ਲਾਦੀਆ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਜ ਸਿੰਘ ਬਾਕਸਿੰਗ ਕੋਚ, ਜਸਮੇਲ ਸਿੰਘ ਨੋਕਵਾਲ, ਤੇਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਜਰਖੜ, ਮਨਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਅਮਰਜੀਤ ਸਿੰਘ ਜੱਗੀ, ਰਾਜਿੰਦਰ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪਹਿਲੀ ਅਪ੍ਰੈਲ ਤੋਂ ਘੱਟੋ-ਘੱਟ ਮਿਹਨਤਾਨਾ ਦਰ ਰ 23.15 ਡਾਲਰ ਪ੍ਰਤੀ ਘੰਟਾ ਹੋਵੇਗੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਪਹਿਲੀ ਅਪ੍ਰੈਲ ਤੋਂ ਘੱਟੋ-ਘੱਟ ਮਿਹਨਤਾਨਾ ਦਰ 23.15 ਡਾਲਰ ਪ੍ਰਤੀ ਘੰਟਾ ਹੋ ਜਾਵੇਗੀ। ਵਰਕਪਲੇਸ ਰਿਲੇਸ਼ਨ ਐਂਡ ਸੇਫ਼ਟੀ ਮੰਤਰੀ ਬਰੂਕ ਵੈਲ ਵੈਲਡਨ ਨੇ ਇਸਦਾ ਐਲਾਨ ਕਰ ਦਿੱਤਾ ਹੈ। ਇਸ ਵੇਲੇ ਘੱਟੋ-ਘੱਟ ਮਿਹਨਤਾਨਾ ਦਰ 22.70 ਡਾਲਰ ਪ੍ਰਤੀ ਘੰਟਾ ਚੱਲ ਰਹੀ ਹੈ। ਨਵੇਂ ਵਾਧੇ ਦੇ ਨਾਲ ਲਗਪਗ 80,000 ਤੋਂ 145,000 ਲੋਕਾਂ ਦੇ ਜੇਬਾਂ ਵਿਚ ਹੋਰ ਪੈਸੇ ਆਉਣਗੇ। ਸਿਖਲਾਈ ਦੌਰਾਨ ਦਿੱਤਾ ਜਾਣਾ ਵਾਲਾ ਮਿਹਨਤਾਨਾ ਉਸੇ ਦਰ (80%) ਦੇ ਨਾਲ ਤੈਅ ਰਹੇਗਾ ਜੋ ਕਿ 18.52 ਡਾਲਰ ਹੋਵੇਗਾ।




# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਡਿਊਟ ਗੀਤ ''ਸੋਭਾ ਗਾਉਣੀ ਆ'' ਯੂ-ਟਿਊਬ 'ਤੇ ਰਿਲੀਜ਼

**ਚਾਨਣ-ਮੁਨਾਰਾ ਪੰਜਾਬੀ ਆਨ-ਲਾਈਨ ਬਿਓਰੋ (ਜਲੰਧਰ)-** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਡਿਊਟ ਗੀਤ




'ਸੋਭਾ ਗਾਉਣੀ ਆ' ਪਰਸ਼ੋਤਮ ਲਾਲ ਸਰੋਏ ਦੇ ਯੂ-ਟਿਊਬ ਚੈੱਨਲ 'ਤੇ ਰਿਲੀਜ਼ ਕੀਤਾ ਗਿਆ। ਇਸ ਨੂੰ ਗਾਇਕ ਹੈ ਪਰਸ਼ੋਤਮ ਲਾਲ ਸਰੋਏ ਨੇ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਸ ਧਾਰਮਿਕ ਗੀਤ ਨੂੰ ਕਲਮਬੰਦ ਵੀ ਪਰਸ਼ੋਤਮ ਲਾਲ ਸਰੋਏ ਦੁਆਰਾ ਕੀਤਾ ਗਿਆ ਹੈ ਅਤੇ ਇਸ ਯੂ-ਟਿਊਬ ਵੀਡੀਓ ਵੀ ਪਰਸ਼ੋਤਮ ਲਾਲ ਸਰੋਏ ਨੇ ਤਿਆਰ ਕੀਤਾ ਹੈ ਅਤੇ ਇਸ ਦੇ ਪੋਸਟਰ ਡਿਜ਼ਾਈਨ ਦਾ ਸਿਹਰਾ ਵੀ ਪਰਸ਼ੋਤਮ ਲਾਲ ਸਰੋਏ ਦੇ ਸਿਰ ਹੀ ਬੱਝਦਾ ਹੈ। ਇਸ ਗੀਤ ਗਾਉਣ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਹੈ ਖ਼ੂਬਸੂਰਤ ਆਵਾਜ਼ ਦੀ ਮੱਲਿਕਾ ਗਾਇਕਾ ਦੀਪ ਕੋਰ ਨੇ। ਚਾਨਣ-ਮੁਨਾਰਾ ਟੀਮ ਦੀ ਪ੍ਰਸਤੁਤੀ ਵਾਲੇ ਇਸ ਗੀਤ ਨੂੰ ਮਿਊਜ਼ਿਕ ਦੀਆਂ ਦਮਦਾਰ ਧੁੰਨਾਂ ਨਾਲ ਸ਼ਿੰਗਾਰਿਆ ਹੈ ਪ੍ਰੀਤ ਬਲਿਹਾਰ ਨੇ। ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਧਾਰਮਿਕ ਗੀਤ ਦੇ ਵਿਸ਼ੇਸ਼ ਧੰਨਵਾਦੀਆਂ ਵਿੱਚ ਸ਼੍ਰੀਮਾਨ ਤਰਸੇਮ ਜੱਸਲ ਜੀ ਦਾ ਨਾਮ ਸ਼ਾਮਲ ਹੈ। ਯੂ-ਟਿਊਬ ਵੀਡੀਓ ਤਿਆਰ ਕਰਕੇ ਇਸ ਨੂੰ ਰਿਲੀਜ਼ ਕਰ ਦਿੱਤਾ ਗਿਆ ਹੈ। ਸਾਨੂੰ ਉਮੀਦ ਹੈ ਕਿ ਜਗਤਪਿਤਾ, ਜਗਤਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਉਸਤਤਿ ਕਰਦਾ ਹੋਇਆ ਧਾਰਮਿਕ ਗੀਤ 'ਸੋਭਾ ਗਾਉਣੀ ਆ' ਦੇਸ਼ਾਂ-ਵਿਦੇਸ਼ਾਂ ਵਿੱਚ ਬੈਠੀਆਂ ਸੰਗਤਾਂ ਮਣਾ-ਮੂਹੀ ਪਿਆਰ ਅਤੇ ਸਤਿਕਾਰ ਦੇਣਗੀਆਂ। ਆਮੀਨ!

# ਜ਼ਮਾਨਤ ਲੈਣ ਲਈ ਅਪਰਾਧੀਆਂ ਨੂੰ ਜਨਤਕ ਜਾਇਦਾਦ ਨੂੰ ਹੋਏ ਨੁਕਸਾਨ ਦੀ ਕਰਨੀ ਪਵੇਗੀ ਭਰਪਾਈ : ਲਾਅ ਕਮਿਸ਼ਨ

**ਨਵੀਂ ਦਿੱਲੀ-** ਭਾਰਤੀ ਕਾਨੂੰਨ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਿੱਚ ਸ਼ਾਮਲ ਲੋਕਾਂ ਨੂੰ ਉਨ੍ਹਾਂ ਦੁਆਰਾ ਹੋਏ ਨੁਕਸਾਨ ਦੇ ਬਰਾਬਰ ਦੀ ਰਕਮ ਜਮ੍ਹਾਂ ਕਰਾਉਣ ਤੋਂ ਬਾਅਦ ਹੀ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਸੇਵਾਮੁਕਤ ਜਸਟਿਸ ਰੁਤੂਰਾਜ ਅਵਸਥੀ ਦੀ ਅਗਵਾਈ ਵਾਲੇ ਕਾਨੂੰਨ ਪੈਨਲ ਨੇ ਕਾਨੂੰਨ ਅਤੇ ਨਿਆਂ ਮੰਤਰਾਲੇ ਨੂੰ ਸੌਂਪੀ ਰਿਪੋਰਟ ਵਿੱਚ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਲਈ ਸਖ਼ਤ ਜ਼ਮਾਨਤ ਦੇ ਪ੍ਰਬੰਧਾਂ ਦਾ ਪ੍ਰਸਤਾਵ ਕੀਤਾ ਹੈ। ਇਸ ਨੇ ਇਹ ਵੀ ਸੁਝਾਅ ਦਿੱਤਾ ਕਿ ਵਿਰੋਧ ਪ੍ਰਦਰਸ਼ਨਾਂ ਦੇ ਮੁੱਦੇ ਨੂੰ "ਜਾਣ ਬੁੱਝ ਕੇ ਰੁਕਾਵਟ ਪੈਦਾ ਕਰਨ" ਅਤੇ ਜਨਤਕ ਸਥਾਨਾਂ ਅਤੇ ਸੜਕਾਂ ਨੂੰ ਲੰਬੇ ਸਮੇਂ ਲਈ ਰੋਕਣ ਲਈ ਇੱਕ ਵਿਆਪਕ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। "ਪ੍ਰੀਵੈਂਸ਼ਨ ਆਫ ਡੈਮੇਜ ਟੂ ਪਬਲਿਕ ਪ੍ਰਾਪਰਟੀ ਐਕਟ ਦੇ ਤਹਿਤ ਅਪਰਾਧਾਂ ਨਾਲ ਸਬੰਧਤ ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਅਤੇ ਸਜ਼ਾ ਦਾ ਡਰ ਜਨਤਕ ਸੰਪੱਤੀ ਨੂੰ ਨਸ਼ਟ ਕਰਨ ਦੇ ਵਿਰੁੱਧ ਇੱਕ ਲੋੜੀਂਦੇ ਰੋਕ ਵਜੋਂ ਕੰਮ ਨਹੀਂ ਕਰ ਸਕਦਾ ਹੈ। ਅਪਰਾਧੀਆਂ ਨੂੰ ਰੋਕਣ ਲਈ ਜਨਤਕ ਸੰਪਤੀ ਦੇ ਮੁੱਲ ਨੂੰ ਜ਼ਮਾਨਤ ਲਈ ਮਜ਼ਬੂਰ ਕਰਨ ਦੀ ਸ਼ਰਤ ਵਜੋਂ ਸਮਝੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ। ਕਿ ਜ਼ਮਾਨਤ ਦੇਣਾ ਨਿਸ਼ਚਤ ਤੌਰ 'ਤੇ ਜਨਤਕ ਜਾਇਦਾਦ ਦੀ ਤਬਾਹੀ ਦੇ ਵਿਰੁੱਧ ਇੱਕ ਢੁਕਵੀਂ ਰੋਕਥਾਮ ਹੋਵੇਗੀ। "ਜਿੱਥੇ ਕਿਸੇ ਸੰਗਠਨ ਦੁਆਰਾ ਬੁਲਾਏ ਗਏ ਪ੍ਰਦਰਸ਼ਨ, ਹੜਤਾਲ ਜਾਂ ਬੰਦ ਦੇ ਨਤੀਜੇ ਵਜੋਂ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਦਾ ਹੈ, ਅਜਿਹੇ ਸੰਗਠਨ ਦੇ ਅਹੁਦੇਦਾਰਾਂ ਨੂੰ ਭੜਕਾਉਣ ਦੇ ਅਪਰਾਧ ਦਾ ਦੋਸ਼ੀ ਮੰਨਿਆ ਜਾਵੇਗਾ, ਜੋ ਕਿ ਐਕਟ ਦੇ ਤਹਿਤ ਸਜ਼ਾਯੋਗ ਅਪਰਾਧ ਹੈ, "ਰਿਪੋਰਟ ਸ਼ਾਮਲ ਕੀਤੀ ਗਈ। ਇਹ ਦੱਸਦਾ ਹੈ ਕਿ ਜਨਤਕ ਸੰਪੱਤੀ ਦੇਸ਼ ਦੇ ਬੁਨਿਆਦੀ ਢਾਂਚੇ ਦਾ ਆਧਾਰ ਬਣਦੀ ਹੈ, ਜੋ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਲੋੜੀਂਦਾ ਢਾਂਚਾ ਪ੍ਰਦਾਨ ਕਰਦੀ ਹੈ। ਸਰਕਾਰੀ ਖਜ਼ਾਨੇ ਨੂੰ ਹੋ ਰਹੇ ਨੁਕਸਾਨ ਅਤੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ 22ਵੇਂ ਲਾਅ ਕਮਿਸ਼ਨ ਨੇ ਖੁਦ ਨੋਟਿਸ ਲੈਂਦਿਆਂ ਇਹ ਰਿਪੋਰਟ ਤਿਆਰ ਕਰਨ ਦੀ ਪਹਿਲ ਕੀਤੀ ਹੈ। ਕਾਨੂੰਨ ਕਮਿਸ਼ਨ ਨੇ ਵੱਖ-ਵੱਖ ਸੰਬੰਧਿਤ ਸੰਵਿਧਾਨਕ ਅਤੇ ਵਿਧਾਨਕ ਵਿਵਸਥਾਵਾਂ, ਦੇਸ਼ ਭਰ ਦੀਆਂ ਅਦਾਲਤਾਂ ਦੁਆਰਾ ਕਈ ਨਿਆਂਇਕ ਫੈਸਲੇ ਅਤੇ ਜਨਤਕ ਜਾਇਦਾਦ ਦੀ ਵੱਡੇ ਪੱਧਰ 'ਤੇ ਤਬਾਹੀ ਨਾਲ ਜੁੜੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਇੱਕ ਵਿਆਪਕ ਅਧਿਐਨ ਕੀਤਾ। ਇਸ ਤੋਂ ਬਾਅਦ ਕਮਿਸ਼ਨ ਨੇ ਪਬਲਿਕ ਪ੍ਰਾਪਰਟੀ ਨੂੰ ਨੁਕਸਾਨ ਰੋਕੂ ਐਕਟ, 1984 ਵਿੱਚ ਸੋਧਾਂ ਦੀ ਸਿਫ਼ਾਰਸ਼ ਕੀਤੀ। ਇਸ ਨੇ ਲੰਬੇ ਸਮੇਂ ਤੋਂ ਜਨਤਕ ਜਾਇਦਾਦ ਨੂੰ ਜਾਣਬੁੱਝ ਕੇ ਵਿਗਾੜਨ ਦੇ ਮੁੱਦੇ ਨਾਲ ਨਜਿੱਠਣ ਲਈ ਇੱਕ ਵੱਖਰਾ ਕਾਨੂੰਨ ਬਣਾਉਣ ਜਾਂ ਭਾਰਤੀ ਨਿਆਂ ਸੰਹਿਤਾ ਜਾਂ ਭਾਰਤੀ ਦੰਡ ਵਿਧਾਨ ਵਿੱਚ ਲੋੜੀਂਦੀਆਂ ਸੋਧਾਂ ਕਰਨ ਦੀ ਵੀ ਸਿਫ਼ਾਰਸ਼ ਕੀਤੀ ਹੈ। ਪੈਨਲ ਨੇ ਮਨੀਪੁਰ ਵਿੱਚ ਹਿੰਸਾ, ਕਿਸਾਨਾਂ ਦੇ ਪ੍ਰਦਰਸ਼ਨਾਂ ਅਤੇ 2013 ਦੇ ਮੁਜ਼ੱਫਰਨਗਰ ਦੰਗਿਆਂ ਦਾ ਹਵਾਲਾ ਦਿੰਦੇ ਹੋਏ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਲਈ ਸਖ਼ਤ ਜ਼ਮਾਨਤ ਦੀਆਂ ਸ਼ਰਤਾਂ ਦੀ ਸਿਫ਼ਾਰਸ਼ ਕੀਤੀ।

# ਆਂਗਣਵਾੜੀ ਮੁਲਾਜ਼ਮਾਂ ਨੇ ਮੈਂਬਰ ਪਾਰਲੀਮੈਂਟਾਂ ਤੋਂ ਪਿਛਲੇ ਪੰਜ ਸਾਲਾਂ ਦਾ ਮੰਗਿਆ ਹਿਸਾਬ

## ਕੇਂਦਰ ਵੱਲੋਂ ਆਈ.ਸੀ. ਡੀ.ਐਸ. ਦੇ ਬਜਟ ਦੀ ਵਿੱਚ ਕੋਈ ਵੀ ਵਾਧਾ ਨਾ ਦੇਣਾ ਵਰਕਰ ਹੈਲਪਰ ਨਾਲ ਧਰੋ ਨਹੀਂ ਕੀਤਾ ਜਾਵੇਗਾ ਬਰਦਾਸ਼ਤ

**ਅੰਮ੍ਰਿਤਸਰ (ਜਸਪਾਲ ਕੁਮਾਰ ਆਜਾਦ)-** ਅੱਜ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ ਹਲਕੇ ਅੰਮ੍ਰਿਤਸਰ ਵਿਖੇ ਵਿੱਚ ਸੂਬਾ ਪ੍ਰਧਾਨ ਹਰਜੀਤ ਕੌਰ ਪੰਜੋਲਾ ਦੀ ਅਗਵਾਈ ਵਿੱਚ ਵੱਢੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਹੈਲਪਰਾ ਨੇ ਇਕੱਠੇ ਹੋ ਕੇ ਆਪਣੇ ਹੱਕਾਂ ਲਈ ਇਨਕਲਾਬੀ ਨਾਰਿਆਂ ਨਾਲ ਮੈਂਬਰ ਰੋਸ ਪ੍ਰਦਰਸ਼ਨ ਕਰਦੇ ਹੋਏ ਚਾਰਜ ਸ਼ੀਟ ਦੇ ਰੂਪ ਵਿੱਚ ਮੰਗ ਪੱਤਰ ਸੌਂਪਿਆ ਅਤੇ ਪਿਛਲੇ ਪੰਜ ਸਾਲਾਂ ਵਿੱਚ ਉਹਨਾਂ ਨੇ ਆਂਗਣਵਾੜੀ ਮੁਲਾਜ਼ਮਾਂ ਦੀਆਂ ਕਿੰਨੀਆਂ ਮੰਗਾਂ ਨੂੰ ਉਠਾਇਆ ਹਨ ਤੇ ਚਰਚਾ ਕੀਤੀ ।



ਰੈਲੀ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਵਿੱਤ ਸਕੱਤਰ ਅੰਮ੍ਰਿਤਪਾਲ ਜੁਆਇੰਟ ਸਕੱਤਰ ਗੁਰਦੀਪ ਕੌਰ, ਸਕੱਤਰ ਗੁਰਮਿੰਦਰ ਕੌਰ ਨੇ ਕਿਹਾ ਕਿ ਆਈਸੀਡੀਐਸ ਸਕੀਮ ਪਿਛਲੇ ਅਠਤਾਲੀ ਸਾਲਾਂ ਤੋਂ ਲਗਾਤਾਰ ਨਿਚਲੇ ਪੱਧਰ ਤੇ ਕੰਮ ਕਰ ਰਹੀ ਹੈ ਅਤੇ ਕਪੋਸ਼ਨ ਵਰਗੀਆਂ ਨਾਮੁਰਾਦ ਬਿਮਾਰੀਆਂ ਅਤੇ ਬੱਚਿਆਂ ਦੇ ਚੌਹ ਪੱਖੀ ਵਿਕਾਸ ਲਈ ਕੰਮ ਕਰ ਰਹੀ ਹੈ । ਉਹਨਾਂ ਨੇ ਕਿਹਾ ਕਿ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ICDS) ਯੋਜਨਾ, ਰਾਸ਼ਟਰੀ ਸਿਹਤ ਮਿਸ਼ਨ ਅਤੇ ਮਿਡ ਡੇ ਮੀਲ ਪ੍ਰੋਗਰਾਮ ਦੇ ਫਰੰਟਲਾਈਨ ਵਰਕਰ, ਲੋਕਾਂ ਨੂੰ ਪੋਸ਼ਣ, ਪ੍ਰੀਸਕੂਲ ਸਿੱਖਿਆ, ਸਿਹਤ ਅਤੇ ਭੋਜਨ ਨਾਲ ਸਬੰਧਤ ਬੁਨਿਆਦੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਾਂ। ਖਾਸ ਕਰਕੇ ਗਰੀਬ ਔਰਤਾਂ ਅਤੇ ਬੱਚਿਆਂ ਲਈ ਇਹ ਉਹ ਸਕੀਮ ਵਰਕਰ ਸਨ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਅਤੇ ਲਾਕਡਾਊਨ ਦੌਰਾਨ



ਆਪਣੀਆ ਜਾਨਾਂ ਅਤੇ ਆਪਣੇ ਪਰਿਵਾਰਾਂ ਦੀ ਜਾਨ ਨੂੰ ਖਤਰੇ ਵਿੱਚ ਪਾ ਕੇ ਲੋਕਾਂ ਤੱਕ ਪੋਸ਼ਣ, ਭੋਜਨ ਅਤੇ ਸਿਹਤ ਸੇਵਾਵਾਂ ਪਹੁੰਚਾਈਆਂ। ਹਾਲਾਂਕਿ, ਇਹ ਅਫਸੋਸਨਾਕ ਹੈ ਕਿ ਭਾਰਤ ਸਰਕਾਰ ਦੁਆਰਾ ਸਾਡੇ ਨਾਲ ਬਹੁਤ ਬੇਰਹਿਮ ਅਤੇ ਅਸੰਵੇਦਨਸ਼ੀਲ ਤਰੀਕੇ ਨਾਲ ਵਿਵਹਾਰ ਕੀਤਾ ਗਿਆ। ਇਸਨੇ ਕੋਵਿਡ ਡਿਊਟੀ ਦੌਰਾਨ ਮਰਨ ਵਾਲੀਆਂ ਸੈਂਕੜੇ ਆਸ਼ਾ ਅਤੇ ਆਂਗਣਵਾੜੀ ਵਰਕਰਾਂ ਦੀਆਂ ਮੌਤਾਂ ਦਾ ਮੁਆਵਜ਼ਾ ਵੀ ਨਹੀਂ ਦਿੱਤਾ। ਇਸ ਦੀ ਬਜਾਏ, ਸਰਕਾਰ ਨੇ ICDS ਦੇ ਬਜਟ ਅਲਾਟਮੈਂਟ ਵਿੱਚ 30% ਦੀ ਕਟੌਤੀ ਕੀਤੀ ਗਈ ਸਾਲ 2024-25 ਦੇ ਬਜਟ ਵਿੱਚ ਇਸ ਕਰਕੇ ਸਾਰੇ ਆਂਗਨਵਾੜੀ ਵਰਕਰ ਹੈਲਪਰ ਨੂੰ ਭੱਤੇ ਵਿੱਚ ਕੋਈ ਵਾਧਾ ਨਾ ਕਰਦੇ ਹੋਏ ਕੀਤੀ ਗਈ ਮਤਈ ਮਾਂ ਵਾਲੀ ਵਿਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਸ ਦਾ ਜਵਾਬ ਆਉਣ ਵਾਲੀਆਂ ਚੋਣਾਂ ਵਿੱਚ ਦਿੱਤਾ ਜਾਵੇਗਾ। ਇੰਨੀ ਮਹੱਤਵਪੂਰਨ ਸਕੀਮ ਹੋਣ ਦੇ ਬਾਅਦ ਵੀ ਇਸ ਸਕੀਮ ਨੂੰ ਅਠਤਾਲੀ ਸਾਲਾਂ ਵਿੱਚ ਕਿਸੇ ਵੀ ਸਰਕਾਰ ਨੇ ਵਿਭਾਗ ਵਿੱਚ ਤਬਦੀਲ ਕਰਨ ਦੇ ਉਪਰਾਲੇ ਨਹੀਂ ਕੀਤੇ ਅਤੇ ਅਠਤਾਲੀ ਸਾਲਾਂ ਤੋਂ ਹੀ ਇਸ ਵਿੱਚ ਕੰਮ ਕਰਨ ਵਾਲੀਆਂ ਵਰਕਰ ਹੈਲਪਰ ਨਿਗੂਣੇ ਜਿਹੇ ਮਾਣ ਭੱਤੇ ਵਿੱਚ ਕੰਮ ਕਰਨ ਦੇ ਲਈ ਇਸ ਮਹਿੰਗਾਈ ਵਿੱਚ ਮਜਬੂਰ ਹਨ । ਪਿਛਲੇ ਪੰਜ ਸਾਲਾਂ ਵਿੱਚ ਇੱਕ ਵੀ ਰੁਪਆ ਵਾਧੇ ਦੇ ਰੂਪ ਵਿੱਚ ਕੇਂਦਰ ਸਰਕਾਰ ਵੱਲੋਂ ਨਹੀਂ ਦਿੱਤਾ ਗਿਆ ਅਤੇ ਨਾ ਹੀ ਇਸ ਪ੍ਰਤੀ ਕਿਸੇ ਚੁਣੇ ਹੋਏ ਨੁਮਾਇੰਦੇ ਨੇ ਹਾ ਦਾ ਨਾਰਾ ਹੀ ਮਾਰਿਆ ਹੈ। ਸਰਕਾਰ ਵੱਲੋਂ ਸਕੀਮ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੇ ਆਨੇ ਬਹਾਨੇ ਲਾਭਪਾਤਰੀਆਂ ਨੂੰ ਸਿੱਧੀ ਨਕਦੀ ਟਰਾਂਸਫਰ ਸ਼ੁਰੂ ਕਰਨ, ਸਕੀਮਾਂ ਦੇ ਲਾਭ ਲਈ ਆਧਾਰ ਲਿੰਕ ਕਰਨ ਨੂੰ ਲਾਜ਼ਮੀ ਬਣਾਉਣ, ਸਕੀਮਾਂ ਦੇ ਡਿਜੀਟਾਈਜ਼ੇਸ਼ਨ ਦੇ ਨਾਂ 'ਤੇ ਨਿਸ਼ਾਨਾ ਬਣਾਉਣ ਅਤੇ ਨਿਗਰਾਨੀ ਕਰਨ, 3-6 ਸਾਲ ਦੇ ਬੱਚਿਆਂ ਨੂੰ ਸਕੂਲਾਂ ਨੂੰ ਸੌਂਪਣ ਲਈ ਸਾਰੇ ਯਤਨ ਕੀਤੇ ਹਨ। ਨਵੀਂ ਸਿੱਖਿਆ ਨੀਤੀ 2020 ਦੇ ਤਹਿਤ, ਕਾਰਪੋਰੇਟਾਂ ਦੁਆਰਾ ਚਲਾਈ ਜਾਂਦੀ ਕੇਂਦਰੀ ਰਸੋਈ ਦੀ ਸ਼ੁਰੂਆਤ ਦੁਆਰਾ ਐਮਡੀਐਮ ਸਕੀਮ ਦਾ ਨਿੱਜੀਕਰਨ, ਰਾਸ਼ਟਰੀ ਡਿਜੀਟਲ ਮਿਸ਼ਨ ਅਤੇ ਜਨਤਕ ਸਿਹਤ ਦੇ ਨਿੱਜੀਕਰਨ ਵੱਲ ਕਦਮ ਆਦਿ। ਇਹ ਸਭ ਕੁਝ ਨਹੀਂ ਸਗੋਂ ਇਹਨਾਂ ਸਕੀਮਾਂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਹਨ ਜੋ ਗਰੀਬਾਂ, ਖਾਸ ਕਰਕੇ ਔਰਤਾਂ ਅਤੇ ਲੋਕਾਂ ਨੂੰ ਲਾਭ ਪਹੁੰਚਾਉਣ ਵਾਲੀਆਂ ਸਾਬਤ ਹੋਈਆਂ ਹਨ।

ਇਸ ਲਈ ਆਂਗਣਵਾੜੀ ਵਰਕਰ ਹੈਲਪਰਾ ਵਿੱਚ ਤਿੱਖਾ ਰੋਸ ਹੈ ਅਤੇ ਜਿਸ ਸਦਕਾ ਸਾਰੇ ਮੈਂਬਰ ਪਾਰਲੀਮੈਂਟਾਂ ਤੋ ਪਿਛਲੇ ਪੰਜ ਸਾਲਾਂ ਦਾ ਹਿਸਾਬ ਮੰਗਣ ਲਈ ਆਂਗਣਵਾੜੀ ਵਰਕਰ ਹੈਲਪਰ ਮੈਂਬਰ ਪਾਰਲੀਮੈਂਟ ਦੇ ਦੁਆਰ ਪਹੁੰਚੇ ਕੇ ਆਪਣੇ ਹੱਕ ਦੀ ਮੰਗ ਕਰ ਰਹੀਆਂ ਹਨ। ਅੱਜ ਦੇ ਰੋਸ ਪ੍ਰਦਰਸ਼ਨ ਨੂੰ ਮੁੱਖ ਆਗੂਆ ਤੋ ਬਿਨਾ ਜਿਲਾ ਵਿੱਤ ਸਕੱਤਰ ਜਸਪਾਲ ਕੌਰ, ਜਨਰਲ ਸਕੱਤਰ ਸੁਖਵਿੰਦਰ ਕੌਰ ਵਿਜੇ ਕੁਮਾਰੀ।

## 16 ਫਰਵਰੀ ਨੂੰ ਜਿਲਾ ਸ਼ਹੀਦ ਭਗਤ ਸਿੰਘ ਨਗਰ ਰਹੇਗਾ ਮੁਕੰਮਲ ਬੰਦ- ਆਗੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** 16 ਫਰਵਰੀ ਨੂੰ ਕੀਤੇ ਜਾ ਰਹੇ ਭਾਰਤ ਬੰਦ ਦੀਆਂ ਤਿਆਰੀਆਂ ਸਬੰਧੀ ਅੱਜ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਦੇ ਆਗੂਆਂ ਦੀ ਜਿਲਾ ਪੱਧਰੀ ਮੀਟਿੰਗ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਹੋਈ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ -ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਵਿਚ ਅਤੇ ਕਿਸਾਨਾਂ-ਮਜਦੂਰਾਂ-ਮੁਲਾਜਮਾਂ ਦੀਆਂ ਮੰਗਾਂ ਨੂੰ ਲੈਕੇ ਸੰਯੁਕਤ ਕਿਸਾਨ ਮੋਰਚਾ ਟਰੇਡ ਯੂਨੀਅਨਾਂ ਅਤੇ ਹੋਰ ਜਥੇਬੰਦੀਆਂ ਵਲੋਂ 16 ਫਰਵਰੀ ਨੂੰ ਭਾਰਤ ਬੰਦ ਦੇ ਦਿੱਤੇ ਗਏ ਸੱਦੇ ਨੂੰ ਸਫਲ ਬਣਾਉਣ ਲਈ ਜਥੇਬੰਦੀਆਂ ਦਿਨ ਰਾਤ ਇਕ ਕਰ ਰਹੀਆਂ ਹਨ। ਇਸ ਦਿਨ ਦੁੱਧ ਅਤੇ ਸਬਜੀਆਂ ਦੀ ਸਪਲਾਈ ਬੰਦ ਰਹੇਗੀ। ਸ਼ਹਿਰਾਂ ਅਤੇ ਪਿੰਡਾਂ ਦੀ ਦੁਕਾਨਾਂ ਬੰਦ ਰਹਿਣਗੀਆਂ। ਬੱਸਾਂ, ਟੈਕਸੀਆਂ, ਆਟੋ ਸੜਕਾਂ ਤੇ ਨਹੀਂ ਚੱਲਣਗੀਆਂ। ਉਹਨਾਂ ਲੋਕਾਂ ਨੂੰ 16 ਫਰਵਰੀ ਨੂੰ ਸਵੇਰੇ 10 ਵਜੇ ਲੰਗੜੋਆ ਬਾਈਪਾਸ ਤੇ ਪਹੁੰਚਣ ਲਈ ਕਿਹਾ ਜਿੱਥੇ ਸ਼ਾਮ 4 ਵਜੇ ਤੱਕ ਕਾਨਫਰੰਸ ਕੀਤੀ ਜਾਵੇਗੀ। ਜਿਸ ਵਿਚ ਬੁਲਾਰੇ ਵਿਚਾਰ ਸਾਂਝੇ ਕਰਨਗੇ। ਉਹਨਾਂ ਕਿਹਾ ਕਿ ਇਸ ਦੀ ਤਿਆਰੀ ਵਜੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਾਗੋ ਕੱਢੀਆਂ ਜਾ ਰਹੀਆਂ ਹਨ ਅਤੇ ਅਨਾਊਂਸਮੈਂਟ ਕੀਤੀਆਂ ਜਾ ਰਹੀਆਂ ਹਨ। ਇਸ ਮੀਟਿੰਗ ਨੂੰ ਕੁਲਵਿੰਦਰ ਸਿੰਘ ਵੜੈਚ, ਸੁਰਿੰਦਰ ਸਿੰਘ ਬੈਂਸ, ਮਹਾਂ ਸਿੰਘ ਰੌੜੀ, ਬਲਵੀਰ ਸਿੰਘ ਜਾਡਲਾ, ਜਸਬੀਰ ਦੀਪ, ਮੁਕੰਦ ਲਾਲ, ਨਿਰੰਜਨ ਸਿੰਘ, ਕੁਲਦੀਪ ਸਿੰਘ ਦੌੜਕਾ, ਮਾਸਟਰ ਪ੍ਰੇਮ ਕੁਮਾਰ ਰੱਕੜ, ਅਵਤਾਰ ਸਿੰਘ ਤਾਰੀ, ਰਾਵਲ ਸਿੰਘ ਮੁਬਾਰਕ ਪੁਰ, ਹਰੀ ਰਾਮ ਰਸੂਲਪੁਰੀ, ਹਰਜਿੰਦਰ ਸਿੰਘ ਭੰਗਲ, ਬਲਜੀਤ ਸਿੰਘ ਧਰਮਕੋਟ ਨੇ ਸੰਬੋਧਨ ਕੀਤਾ।



# ਪਰਵਾਸੀ ਪੰਜਾਬੀਆਂ ਨੇ ਪੰਜਾਬ ਵਿੱਚ ਵੱਡੇ ਪੱਧਰ ਉੱਤੇ ਨਿਵੇਸ਼ ਵਿੱਚ ਦਿਖਾਈ ਦਿਲਚਸਪੀ

**ਚਮਰੋੜ ਪੱਤਣ (ਪਠਾਨਕੋਟ), (ਰਾਜਿੰਦਰ ਸਿੰਘ ਰਾਜਨ)-** ਪੰਜਾਬ ਸਰਕਾਰ ਵੱਲੋਂ ਕਰਵਾਈ ਗਈ ਐਨ.ਆਰ.ਆਈ. ਮਿਲਣੀ ਦੌਰਾਨ ਪਰਵਾਸੀ ਭਾਰਤੀਆਂ ਨੇ ਸੂਬੇ ਵਿੱਚ ਨਿਵੇਸ਼ ਲਿਆਉਣ ਲਈ ਹੋ ਰਹੀਆਂ ਸੰਗਠਿਤ ਕੋਸ਼ਿਸ਼ਾਂ ਦੀ ਪੰਜਾਬ ਸਰਕਾਰ ਬਹੁਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਵਿੱਚ ਵਸੇ ਉਨ੍ਹਾਂ ਦੇ ਬੱਚੇ ਅਕਸਰ ਪੰਜਾਬ ਆਉਂਦੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗੁਵਾਈ ਵਾਲੀ ਪੰਜਾਬ ਸਰਕਾਰ ਦੇ ਕੰਮਕਾਜ ਅਤੇ ਐਨ.ਆਰ. ਭਾਰਤੀਆਂ ਦੀ ਬਾਂਹ ਫੜੀ ਹੈ। ਇਸ ਦੌਰਾਨ ਜੋਗਿੰਦਰ ਸੰਧੂ ਜੋ ਕਿ ਲੰਬੇ ਸਮੇਂ ਤੋਂ ਫਰਾਂਸ ਵਿੱਚ ਵਸੇ ਹਨ ਅਤੇ ਹੁਸ਼ਿਆਰਪੁਰ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਕਿਹਾ ਕਿ ਐਨ।ਆਰ। ਆਈ। ਮਿਲਣੀ ਪੰਜਾਬ ਸਰਕਾਰ ਦਾ ਨਿਵੇਕਲਾ ਉਪਰਾਲਾ ਹੈ ਅਤੇ ਉਨ੍ਹਾਂ ਸਮੱਸਿਆਵਾਂ ਦਾ ਜਲਦ ਹੱਲ ਹੋਵੇਗਾ।

ਕੈਨੇਡਾ ਵਿਚ ਵਸੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਾ. ਰਾਜੇਸ਼ ਕਾਲੀਆ ਨੇ ਕਿਹਾ ਕਿ ਉਹ ਪਹਿਲੀ ਵਾਰ ਆਪਣੀ ਸਮੱਸਿਆ ਲੈ ਕੇ ਐਨ.ਆਰ.ਆਈ. ਮਿਲਣੀ ਵਿੱਚ ਆਏ ਹਨ।






ਸ਼ਲਾਘਾ ਕੀਤੀ। ਫਰਾਂਸ ਵਿੱਚ ਪਿਛਲੇ 28 ਸਾਲ ਤੋਂ ਵਸੇ ਟਾਂਡਾ ਦੇ ਦਲਵਿੰਦਰ ਸਿੰਘ ਨੇ ਕਿਹਾ ਕਿ ਉਹ ਟਾਂਡਾ ਵਿੱਚ ਯੂਨੀਵਰਸਿਟੀ ਬਣਾਉਣਾ ਚਾਹੁੰਦੇ ਹਨ ਕਿਉਂਕਿ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਪੰਜਾਬ ਦੀ ਨੁਹਾਰ ਬਦਲ ਦਿੱਤੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਪੰਜਾਬ ਵਿੱਚ ਪਰਵਾਸ ਨੂੰ ਪੁੱਠਾ ਗੇੜ ਸ਼ੁਰੂ ਹੋ ਗਿਆ ਹੈ। ਦਲਵਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਐਨ.ਆਰ.ਆਈਜ਼. ਦਾ ਸਰਕਾਰ ਪ੍ਰਤੀ ਭਰੋਸਾ ਮਜ਼ਬੂਤ ਹੋਇਆ ਹੈ। ਉਨ੍ਹਾਂ ਕਿਹਾ ਕਿ ਆਪਣੇ ਪਿੰਡਾਂ ਦੀ ਮਜ਼ਬੂਤੀ ਲਈ ਵੀ ਐਨ.ਆਰ.ਆਈਜ਼. ਪੰਜਾਬ ਸਰਕਾਰ ਨੂੰ ਹਰ ਯੋਗ ਸਹਾਇਤਾ ਦੇਣ ਲਈ ਵਚਨਬੱਧ ਹਨ।

ਅਮਰੀਕਾ ਦੇ ਨਿਊ ਯਾਰਕ ਵਿਚ ਵਸੇ ਮੁਕੇਰੀਆਂ ਦੇ ਸੇਵਾ ਸਿੰਘ ਨੇ ਕਿਹਾ ਕਿ ਐਨ.ਆਰ. ਆਈਜ਼. ਨੂੰ ਲੈ ਕੇ ਆਈਜ਼. ਲਈ ਕੀਤੇ ਜਾ ਰਹੇ ਉਪਰਾਲਿਆਂ ਤੋਂ ਬਹੁਤ ਖ਼ੁਸ਼ ਹਨ।

ਸਮਾਗਮ ਵਿਚ ਲੰਡਨ ਦੇ ਵਸਨੀਕ ਸਤਵਿੰਦਰ ਸਿੰਘ ਸੱਗੂ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਨ ਪਹੁੰਚੇ। ਸ। ਸੱਗੂ ਮੂਲ ਤੌਰ 'ਤੇ ਜਲੰਧਰ ਦੇ ਰਹਿਣ ਵਾਲੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਐਨ.ਆਰ. ਆਈਜ਼. ਲਈ ਜੋ ਸੁਖਾਲਾ ਮਾਹੌਲ ਬਣਾਇਆ ਹੈ, ਇਸ ਲਈ ਉਹ ਪੰਜਾਬ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਉਹ ਆਪ 50 ਕਰੋੜ ਰੁਪਏ ਦਾ ਨਿਵੇਸ਼ ਪੰਜਾਬ ਵਿੱਚ ਕਰਨਾ ਚਾਹੁੰਦੇ ਹਨ। ਇਸ ਦੌਰਾਨ ਲੰਡਨ ਵਿਚ ਵਸੇ ਫਗਵਾੜਾ ਦੇ ਹਰੀਸ਼ ਦਾਸ ਨੇ ਵੀ ਨਿਵੇਸ਼ ਨੂੰ ਲੈ ਕੇ ਪੰਜਾਬ ਨੂੰ ਬਹੁਤ ਬਿਹਤਰ ਸਥਾਨ ਦੱਸਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵਸੇ ਹੋਰ ਐਨ।ਆਰ। ਆਈਜ਼। ਭਰਾ ਹੁਣ ਪੰਜਾਬ ਵਿਚ ਨਿਵੇਸ਼ ਕਰਨਾ ਚਾਹੁੰਦੇ ਹਨ ਕਿਉਂਕਿ ਪੰਜਾਬ ਸਰਕਾਰ ਨੇ ਮਜ਼ਬੂਤੀ ਨਾਲ ਪਰਵਾਸੀ ਨੂੰ ਆਸ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਮਸਲਿਆਂ ਦਾ ਸਮਾਂ-ਬੱਧ ਤਰੀਕੇ ਨਾਲ ਹੱਲ ਕਰੇਗੀ।

ਹੁਸ਼ਿਆਰਪੁਰ ਦੇ ਦਸੂਹਾ ਸਬ ਡਿਵੀਜ਼ਨ ਦੇ ਪਿੰਡ ਨਿਹਾਲਪੁਰ ਦੇ ਰਹਿਣ ਵਾਲੇ ਡਾ. ਹਰਮਿੰਦਰ ਸਿੰਘ ਯੂ.ਐਸ.ਏ. ਦੇ ਕੈਲੇਫੋਰਨੀਆ ਵਿੱਚ ਵਸੇ ਹਨ ਅਤੇ ਪਹਿਲੀ ਵਾਰ ਪਰਵਾਸੀ ਭਾਰਤੀ ਮਿਲਣੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਹਰੇਕ ਐਨ.ਆਰ.ਆਈ. ਆਪਣੀਆਂ ਜੜ੍ਹਾਂ ਨਾਲ ਜੁੜਿਆ ਹੈ ਅਤੇ ਪੰਜਾਬ ਦੀ ਖ਼ੁਸ਼ਹਾਲੀ ਨਾਲ ਸਰਕਾਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਅਜਨਾਲਾ ਦੇ ਰਹਿਣ ਵਾਲੇ ਗੁਰਵਿੰਦਰ ਸਿੰਘ ਜੋ ਕਿ ਕੈਨੇਡਾ ਵਿੱਚ ਵਸੇ ਹਨ, ਨੇ ਕਿਹਾ ਕਿ ਇਸ ਪੰਜਾਬੀ ਐਨ.ਆਰ.ਆਈ. ਮਿਲਣੀ ਵਿੱਚ ਜਿੱਥੇ ਉਹ ਸਰਕਾਰ ਦਾ ਧੰਨਵਾਦ ਕਰਨ ਪਹੁੰਚੇ ਹਨ, ਉੱਥੇ ਆਪਣੀਆਂ ਸਮੱਸਿਆਵਾਂ ਵੀ ਲੈ ਕੇ ਆਏ ਹਨ ਅਤੇ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਉਨ੍ਹਾਂ ਦੀਆਂ ਉਨ੍ਹਾਂ ਕਿਹਾ ਕਿ ਜਦੋਂ ਦੀ ਸੂਬੇ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਨਾ ਸਿਰਫ਼ ਪੰਜਾਬ ਵਾਸੀਆਂ ਦਾ ਬਲਕਿ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਦਾ ਵੀ ਪੰਜਾਬ ਸਰਕਾਰ ਦੇ ਲਈ ਵਿਸ਼ਵਾਸ ਵਧਿਆ ਹੈ। ਉਨ੍ਹਾਂ ਕਿਹਾ ਕਿ ਹਰੇਕ ਐਨ.ਆਰ.ਆਈ. ਮਹਿਸੂਸ ਕਰ ਰਿਹਾ ਹੈ ਕਿ ਉਸ ਦੇ ਮਸਲੇ ਛੇਤੀ ਤੋਂ ਛੇਤੀ ਹੱਲ ਹੋਣਗੇ।

16 ਸਾਲ ਤੋਂ ਫਰਾਂਸ ਵਿੱਚ ਵਸੇ ਜਲੰਧਰ ਦੇ ਕੁਲਵਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਵਾਸ ਨੂੰ ਪੁੱਠਾ ਗੇੜ ਆਉਣ ਦੀ ਗੱਲ ਕਹੀ ਸੀ ਅਤੇ ਇਸ ਗੱਲ ਨੂੰ ਸੱਚ ਸਿੱਧ ਕੀਤਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਵਿੱਚ ਮੁੜ ਕੇ ਵਸਣਾ ਚਾਹੁੰਦੇ ਹਾਂ ਅਤੇ ਇਸ ਦਾ ਸਿਹਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਉਸਾਰੂ ਸੋਚ ਨੂੰ ਜਾਂਦਾ ਹੈ।

# ਇਟਾਵਾ ਸੰਸਦੀ ਸੀਟ ਤੋਂ ਕਾਂਸ਼ੀ ਰਾਮ ਸਾਹਿਬ ਦੀ ਇਤਿਹਾਸਕ ਜਿੱਤ

ਮਈ ਜੂਨ 1991 ਦੀਆਂ ਆਮ ਲੋਕ ਸਭਾ ਦੀਆਂ ਚੋਣਾਂ ਵਿੱਚ 244 ਸੀਟਾਂ ਜਿਤ ਕੇ ਕਾਂਗਰਸ ਪਾਰਟੀ ਇਕੱਲੀ ਸੱਭ ਤੋਂ ਵੱਡੀ ਪਾਰਟੀ ਵਜੋਂ ਉਭਰ ਚੁੱਕੀ ਸੀ ਤੇ ਭਾਰਤੀ ਜਨਤਾ ਪਰਟੀ 120 ਸੀਟਾਂ ਹਾਸਲ ਕਰ ਚੁੱਕੀ ਸੀ। ਕਮਿਊਨਿਸਟ ਪਾਰਟੀ ਆਫ ਇੰਡੀਆ, ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਹੋਰ ਪਾਰਟੀਆਂ ਦੇ ਸਹਿਯੋਗ ਸਦਕਾ ਚਿਤਪਵਨ ਬ੍ਰਾਹਮਣ ਪੀ। ਵੀ। ਨਰਸਿਮ੍ਹਾ ਰਾਓ ਭਾਰਤ ਦੇ ਪ੍ਰਧਾਨ ਮੰਤਰੀ ਬਣ ਚੁਕੇ ਸਨ। ਬਾਈਕਾਟ ਕਰਕੇ ਪੰਜਾਬ ਚ ਕਾਂਗਰਸ ਪਾਰਟੀ ਚੋਣ ਅਮਲ ਚੋਂ ਬਾਹਰ ਸੀ। ਇਸ ਲਈ ਚੋਣ ਤੋਂ ਕੇਵਲ 24 ਘੰਟੇ ਪਹਿਲਾਂ ਪੰਜਾਬ ਦੀ ਚੋਣ ਅਣਮਿਥੇ ਸਮੇਂ ਲਈ ਰੱਦ ਕਰ ਦਿਤੀ ਗਈ। ਭਾਰਤ ਦੇ ਤਤਕਾਲੀ ਮੁੱਖ ਚੋਣ ਕਮਿਸ਼ਨਰ ਸ੍ਰੀ ਕੀ ਐਨ ਸ਼ੇਸ਼ਨ ਨੇ ਉੱਤਰ ਪ੍ਰਦੇਸ਼ ਦੀਆਂ ਅਮੇਠੀ, ਇਟਾਵਾ ਅਤੇ ਬੁਲੰਦ ਸ਼ਹਿਰ ਸੀਟਾਂ ਤੇ ਵੋਟਾਂ ਦੀ ਖ਼ਰੀਦੋ ਫਰੋਖ਼ਤ, ਵੋਟਾਂ ਚੋਰੀ ਕੀਤੇ ਜਾਣ ਵੋਟਾਂ ਲੁੱਟੇ ਜਾਣ ਤੇ ਹੋਰ ਚੋਣ ਧਾਂਦਲੀਆਂ ਕਾਰਨ ਰੱਦ ਕਰ ਦਿਤੀਆਂ ਗਈਆਂ ਸਨ ਅਤ ਉਹਨਾਂ ਸੀਟਾਂ ਤੇ 16 ਨਵੰਬਰ 1991 ਨੂੰ ਦੁਬਾਰਾ ਮਤਦਾਨ ਕਰਵਾਉਣ ਲਈ ਐਲਾਨ ਕਰ ਦਿਤਾ।

ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਦੀਆਂ ਆਮ ਚੋਣਾਂ ਵਿਚ ਕਿਸੇ ਇਕ ਸੀਟ ਤੋਂ ਵੀ ਜਿੱਤ ਹਾਸਲ ਨਾ ਕਰ ਸਕੀ। ਕਾਰਜਕਰਤਾਵਾਂ ਵਿਚ ਇਸ ਕਾਰਨ ਨਿਰਾਸ਼ਤਾ ਆ ਜਾਣੀ ਸੁਭਾਵਕ ਗੱਲ ਸੀ। ਪਾਰਟੀ ਦੀ ਜਨਰਲ ਸਕੱਤਰ ਬੀਬੀ ਮਾਇਆਵਤੀ 1989 ਵਿਚ ਬਿਜਨੌਰ ਸੀਟ ਤੋਂ 1,90,000 ਵੋਟ ਹਾਸਲ ਕਰਕੇ ਸਾਂਸਦ ਬਣ ਗਏ ਸਨ ਪਰ ਇਸ ਵਾਰ 2,34,000 ਵੋਟ ਹਾਸਲ ਕਰਨ ਦੇ ਬਾਵਜੂਦ ਵੱਡੇ ਪੱਧਰ ਤੇ ਹੇਰਾਫੇਰੀ ਕਰਕੇ ਉਨ੍ਹਾਂ ਨੂੰ ਹਰਾ ਦਿਤਾ ਗਿਆ। ਉਹਨਾਂ ਦੀਆਂ 67,000 ਵੋਟਾਂ ਰੱਦ ਕਰ ਦਿਤੀਆਂ ਗਈਆਂ ਇਥੋਂ ਤੱਕ ਕਿ ਇਕੋ ਅਸੰਬਲੀ ਹਲਕੇ ਦੀਆਂ ਹੀ 34,000 ਵੋਟਾਂ ਰੱਦ ਕੀਤੀਆਂ ਗਈਆਂ।

ਪੂਰੇ ਦੇਸ਼ ਦੇ ਕਾਰਜਕਰਤਾ ਤੇ ਆਗੂ ਸਾਹਿਬ ਕਾਂਸ਼ੀ ਰਾਮ ਨੂੰ ਨਿਜੀ ਰੂਪ ਵਿਚ ਮਿਲਕੇ ਸਮਾਜ ਵਿਚ ਆਈ ਨਿਰਾਸ਼ਤਾ ਖਤਮ ਕਰਨ ਲਈ ਜ਼ਿਮਨੀ ਚੋਣ ਵਿਚ ਖੁਦ ਚੋਣ ਲੜਨ ਲਈ ਉਹਨਾਂ ਨੂੰ ਬੇਨਤੀ ਕਰਨ ਲੱਗੇ।

ਵਰਨਣਯੋਗ ਯੋਗ ਹੈ ਕਿ ਇਟਾਵਾ ਚੰਬਲ ਘਾਟੀ ਵਾਲਾ ਉਹ ਖੇਤਰ ਹੈ ਜਿੱਥੇ ਡਕੈਤਾਂ ਦੀ ਭਰਮਾਰ ਸੀ ਤੇ ਉਹ ਮਨੂਵਾਦੀ ਸਥਾਪਤ ਪਾਰਟੀਆਂ ਦੇ ਪੱਖ ਵਿਚ ਵੋਟਾਂ ਭੁਗਤਾਉਣ ਲਈ ਸਰਗਰਮ ਹਿੱਸਾ ਲੈਂਦੇ ਰਹਿੰਦੇ ਸਨ। ਗਰੀਬਾਂ ਤੇ ਭੋਲੇ ਭਾਲੇ ਲੋਕਾਂ ਨੂੰ ਭੈਅ ਭੀਤ ਕਰਕੇ ਮਨਚਾਹੀ ਪਾਰਟੀ ਨੂੰ ਵੋਟ ਪਾਉਣ ਲਈ ਉਹ ਦਬਾਅ ਪਾਉਂਦੇ ਸਨ। ਇਟਾਵਾ ਦੇ ਸਥਾਨਕ ਆਗੂਆਂ ਤੇ ਕਾਰਜਕਰਤਾਵਾਂ ਵਲੋਂ ਸਾਹਿਬ ਕਾਂਸ਼ੀ ਰਾਮ ਨੂੰ ਇਟਾਵਾ ਤੋਂ ਚੋਣ ਲੜਨ ਲਈ ਜ਼ੋਰਦਾਰ ਅਪੀਲ ਕੀਤੀ ਗਈ ਕਿ ਸਮਾਜਿਕ ਪਰਿਵਰਤਨ ਲਹਿਰ ਨੂੰ ਅੱਗੇ ਵਧਾਉਣ ਲਈ ਉਹਨਾਂ ਦਾ ਜਿੱਤ ਕੇ ਸੰਸਦ ਵਿਚ ਜਾਣਾ ਜ਼ਰੂਰੀ ਹੈ ਸਾਥੀਆਂ ਦੀ ਚਾਹਤ ਅਤੇ ਮਿਸ਼ਨ ਦੇ ਹਿਤ ਵਿਚ ਉਹਨਾਂ ਨੇ ਚੋਣ ਲੜਨਾ ਸਵੀਕਾਰ ਕਰ ਲਿਆ। ਭਾਵੇਂ ਕਿ ਉਹਨਾਂ ਦੀ ਆਪਣੀ ਸੋਚ ਇਹ ਰਹੀ ਸੀ ਕਿ ਜਿੰਨਾ ਚਿਰ ਘੱਟੋ ਘੱਟ 50 ਸਾਂਸਦ ਜਿੱਤ ਕੇ ਨਹੀਂ ਜਾਂਦੇ ਉਤਨਾ ਚਿਰ ਉਹ ਸੰਸਦ ਵਿਚ ਨਹੀਂ ਜਾਣਗੇ। ਉਹਨਾਂ ਨੇ 16 ਅਕਤੂਬਰ ਨੂੰ ਆਪਣਾ ਨਾਮਜ਼ਦਗੀ ਪੱਤਰ ਭਰਦਿਆਂ ਐਲਾਨ ਕੀਤਾ ਕਿ ਮੇਰੀ ਚਾਹਤ ਸੀ ਕਿ ਕੋਈ ਸਥਾਨਕ ਆਗੂ ਇਥੋਂ ਚੋਣ ਲੜਦਾ ਪਰ ਸਾਥੀਆਂ ਨੇ ਜ਼ੋਰ ਦੇਕੇ ਆਖਿਆ ਕਿ ਬਹੁਜਨ ਸਮਾਜ ਦੀ ਵਿਗੜੀ ਗੱਲ ਨੂੰ ਅੱਗੇ ਵਧਾਉਣ ਲਈ ਉਹਨਾਂ ਨੂੰ ਖੁਦ ਚੋਣ ਲੜਨੀ ਚਾਹੀਦੀ ਹੈ। ਉਹਨਾਂ ਨੇ ਆਖਿਆ ਕਿ ਇਕ ਵੋਟ ਦੇ ਨਾਲ ਇਕ ਨੋਟ ਦੇਣ ਨਾਲ ਸਾਡੇ ਕੋਲ ਪੈਸੇ ਦੀ ਕਮੀ ਨਹੀਂ ਆਏਗੀ। ਸਾਨੂੰ ਪਾਣੀ ਦੀ ਤਰ੍ਹਾਂ ਪੈਸਾ ਵਹਾਉਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਸਮਾਜ ਕੋਲ 85 ਫੀਸਦੀ ਵੋਟ ਹੈ ਇਸ ਲਈ ਨਾ ਸਾਨੂੰ ਵੋਟਾਂ ਖਰੀਦਣ ਦੀ ਲੋੜ ਹੈ, ਨਾ ਵੋਟਾਂ ਲੁੱਟਣ ਜਾਂ ਚੋਰੀ ਕਰਨ ਦੀ। ਅਜਿਹਾ ਕਰਨ ਦੀ ਉਹਨਾਂ ਨੂੰ ਲੋੜ ਪੈਂਦੀ ਹੈ ਜਿਹਨਾਂ ਕੋਲ ਬਹੁਤ ਘੱਟ ਵੋਟਾਂ ਹਨ। ਇਸ ਲਈ ਉਹ ਗਰੀਬਾਂ ਅਤੇ ਭੋਲੇ ਭਾਲੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪੈਸੇ ਦਾ ਨੰਗਾ ਨਾਚ ਕਰਦੇ ਹਨ। ਉਹ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਦੇ ਹਨ। ਅਗਰ ਵੋਟ ਵਿਕਦਾ ਨਹੀਂ ਤਾਂ ਫਿਰ ਵੋਟਾਂ ਚੋਰੀ ਕਰਨ, ਵੋਟਾਂ ਲੁੱਟਣ ਲਈ ਕਰੋੜਾਂ ਰੁਪਿਆ ਉਹਨਾਂ ਵੱਲੋਂ ਬਰਬਾਦ ਕੀਤਾ ਜਾਂਦਾ ਹੈ। ਪ੍ਰੰਤੂ ਆਪਾਂ ਉਤਨੇ ਪੈਸੇ ਨਾਲ ਹੀ ਚੋਣ ਲੜਕੇ ਵਿਰੋਧੀ ਨੂੰ ਜੰਗ ਦੇ ਮੈਦਾਨ ਵਿੱਚ ਚਿਤ ਕਰ ਸਕਦੇ ਹਾਂ ਜਿੰਨਾਂ ਚੋਣ ਕਮਿਸ਼ਨ ਨੇ ਨਿਰਧਾਰਤ ਕੀਤਾ ਹੈ।

ਪੰਜਾਬ ਦੇ ਚੋਣਵੇਂ ਆਗੂਆਂ ਨੂੰ ਇਟਾਵਾ ਪਹੁੰਚਣ ਦਾ ਨਿਰਦੇਸ਼ ਮਿਲ ਚੁੱਕਾ ਸੀ। ਮੈਂ ਆਪਣੇ ਮਾਮੇ ਦੇ ਲੜਕੇ ਸਤਨਾਮ ਸਿੰਘ ਚੈਨਾ ਨੂੰ ਨਾਲ ਲੈਕੇ ਇਟਾਵਾ ਪੁੱਜ ਗਿਆ। ਮਾਨ ਸਿੰਘ ਮਨਹੇੜਾ, ਬਲਜੀਤ ਸਿੰਘ ਮਚਾਕੀ, ਅਵਤਾਰ ਸਿੰਘ ਕਰੀਮਪੁਰੀ, ਸ਼ਿੰਗਾਰਾ ਰਾਮ ਸਹੂੰਗੜਾ, ਤੇ 25-30 ਹੋਰ ਸਾਥੀ ਪਹਿਲਾਂ ਹੀ ਪੁੱਜ ਗਏ ਸਨ। ਇਟਾਵਾ ਵਿਖੇ ਮੈਂ ਸ਼ਾਮ ਦੇ ਸਮੇਂ ਦੱਸੇ ਸਥਾਨ ਵੱਲ ਵਧ ਰਿਹਾ ਸੀ ਕਿ ਅੱਗੇ ਸਾਹਿਬ ਕਾਂਸ਼ੀ ਰਾਮ ਦੀ ਕਾਰ ਮੇਰੇ ਸਾਹਮਣੇ ਆ ਕੇ ਰੁਕ ਗਈ ਤੇ ਸਾਹਿਬ ਬੋਲ ਰਹੇ ਸਨ "ਲਉ ਬਈ ਸੁਲਹਾਨੀ ਭੀ ਆ ਗਿਆ।" ਉਹਨਾਂ ਦੇ ਮੂੰਹ ਤੋਂ ਆਪਣਾ ਨਾਮ ਸੁਣਕੇ ਮੈਨੂੰ ਬੜੀ ਖੁਸ਼ੀ ਮਹਿਸੂਸ ਹੋਈ। ਉਹ ਆਪਣੀ ਗੱਡੀ ਚ ਬਿਠਾ ਕੇ ਸਾਨੂੰ ਪੰਜਾਬ ਵਾਲੇ ਕੈਂਪ 'ਚ ਛੱਡਕੇ ਆਪਣੇ ਸਾਥੀਆਂ ਸਮੇਤ ਮਿੱਥੇ ਪ੍ਰੋਗਰਾਮ ਵੱਲ ਚਲੇ ਗਏ।

ਸਾਹਿਬ ਕਾਂਸ਼ੀ ਰਾਮ ਇਟਾਵਾ ਦੀਆਂ ਚੋਣ ਸਭਾਵਾਂ ਵਿਚ ਖੁਲ੍ਹੇਆਮ ਪਰਚਾਰ ਕਰਿਆ ਕਰਦੇ ਸਨ ਕਿ "ਅਜੇ ਤੱਕ ਮੈਂ ਸਮਾਜ ਨੂੰ ਤਿਆਰ ਕਰਨ ਲਈ ਜਾਂਜਗੀਰ, ਫੂਲਪੁਰ, ਇਲਾਹਾਬਾਦ ਤੋਂ ਠਾਕੁਰ ਵੀ ਪੀ ਸਿੰਘ, ਅਮੇਠੀ ਤੋਂ ਰਾਜੀਵ ਗਾਂਧੀ ਅਤੇ ਪੂਰਬੀ ਦਿੱਲੀ ਤੋਂ ਐਚ. ਕੇ. ਐਲ. ਭਗਤ ਦੇ ਮੁਕਾਬਲੇ ਚੋਣ ਲੜਿਆ ਹਾਂ, ਹੁਣ ਮੈਂ ਇਟਾਵਾ ਤੋਂ ਚੋਣ ਜਿੱਤਣ ਲਈ ਲੜ ਰਿਹਾ ਹਾਂ। ਇਸ ਲਈ ਉਤਰ ਪਰਦੇਸ ਦੇ ਸਾਰੇ ਸੀਨੀਅਰ ਕਾਰਜ ਕਰਤਾਵਾਂ ਨੂੰ ਜੁਟਾਇਆ ਗਿਆ ਹੈ ਪਾਰਟੀ ਦੇ ਜ਼ਿਆਦਾਤਰ ਵਿਧਾਇਕਾ ਨੇ ਵੀ ਏਥੇ ਡੇਰਾ ਲਾਇਆ ਹੋਇਆ ਹੈ। ਇਹ ਚੋਣ ਹਰ ਹਾਲਤ ਵਿਚ ਜਿੱਤਣੀ ਹੈ ਕਾਰਜਕਰਤਾਵਾਂ ਨੂੰ ਨਿਰਦੇਸ਼ ਹੈ ਕਿ 'ਕਰੋ ਜਾਂ ਮਰੋ' ਅਗਰ ਅਸੀਂ ਇਹ ਨਹੀਂ ਕਰਦੇ ਤਾਂ ਸਮਾਜ ਦਾ ਮਨੋਬਲ ਉੱਚਾ ਨਹੀਂ ਹੋ ਸਕੇਗਾ ਇਸ ਲਈ ਬਹੁਜਨ ਸਮਾਜ ਦਾ ਮਨੋਬਲ ਉਚਾ ਕਰਨ ਲਈ ਸਾਨੂੰ ਆਪਣੀ ਪੂਰੀ ਤਾਕਤ ਲਗਾਉਣੀ ਹੋਵੇਗੀ।"



ਉਹਨਾਂ ਨੇ ਦੱਸਿਆ ਕਿ ਦੇਸ਼ ਭਰ ਚ ਹੋ ਰਹੀਆਂ 16 ਪਾਰਲੀਮੈਂਟਰੀ ਚੋਣਾਂ ਚੋਂ 8 ਅਤੇ ਅਸੰਬਲੀ ਦੀਆਂ 58 ਸੀਟਾਂ ਵਿਚੋਂ 30 ਸੀਟਾਂ ਤੇ ਬਹੁਜਨ ਸਮਾਜ ਪਾਰਟੀ ਚੋਣ ਲੜ ਰਹੀ ਹੈ। ਇਟਾਵਾ ਲੋਕ ਸਭਾ ਅਧੀਨ ਆਉਂਦੇ ਪੰਜ ਵਿਧਾਨਸਭਾ ਹਲਕਿਆਂ ਵਿਚ ਵੀ ਮੁੜ ਚੋਣ ਹੋ ਰਹੀ ਸੀ ਬਸਪਾ ਨੇ ਜਸਵੰਤ ਨਗਰ ਸੀਟ ਜਿਥੋਂ ਮੁਲਾਇਮ ਸਿੰਘ ਯਾਦਵ ਚੋਣ ਲੜੀ ਰਿਹਾ ਸੀ ਉਸ ਦੇ ਮੁਕਾਬਲੇ ਤੋਂ ਬਸਪਾ ਉਮੀਦਵਾਰ ਹਟਾ ਕੇ ਉਸਦੀ ਜਿੱਤ ਲਈ ਰਾਹ ਪਧਰਾ ਕਰ ਦਿਤਾ ਸੀ ਕਿਉਂਕਿ ਸਾਰੀਆ ਮਨੂਵਾਦੀ ਪਾਰਟੀ ਇਹ ਪ੍ਰਚਾਰ ਕਰਦੀਆਂ ਸਨ ਕਿ ਮੁਲਾਇਮ ਸਿੰਘ ਨੂੰ ਕਿਸੇ ਕੀਮਤ ਵਿਧਾਨ ਚ ਜਾਣ ਤੋਂ ਰੋਕਿਆ ਜਾਵੇਗਾ। ਉਹ ਆਖ ਰਹੇ ਸਨ ਕਿ ਸਾਡੇ ਚੋਣ ਲੜਨ ਨਾਲ ਕਿਸੇ ਨਾ ਕਿਸੇ ਨੂੰ ਦਰਦ ਜ਼ਰੂਰ ਹੁੰਦਾ ਹੈ, ਤਕਲੀਫ਼ ਜ਼ਰੂਰ ਹੁੰਦੀ ਹੈ। ਉਹਨਾਂ ਨੇ ਦੱਸਿਆ ਕਿ ਉਤਰ ਪ੍ਰਦੇਸ਼ ਦੀਆਂ ਤਿੰਨ ਸੀਟਾਂ ਤੇ ਉਪ ਚੋਣ ਹੋ ਰਹੀ ਹੈ ਇਟਾਵਾ ਦੀ ਸੀਟ ਤੋਂ ਮੈਂ ਆਪ ਖੜ੍ਹਾ ਹਾਂ। ਮੇਰੇ ਚੋਣ ਲੜਨ ਨਾਲ ਜਿਹਨਾਂ ਲੋਕਾਂ ਨੂੰ ਦਰਦ ਹੁੰਦਾ ਹੈ ਉਹ ਕਹਿੰਦੇ ਹਨ ਕਿ ਕਾਂਸ਼ੀ ਰਾਮ ਸਮਾਜਵਾਦੀ ਪਾਰਟੀ ਨੂੰ ਚੋਣ ਜਿਤਾਉਣ ਲਈ ਖੜ੍ਹਾ ਹੋਇਆ ਹੈ। ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ ਨੂੰ ਜਿਤਾਉਣ ਲਈ ਖੜ੍ਹਾ ਹੈ। ਖਾਸ ਕਰਕੇ ਕਾਂਗਰਸ ਵਾਲੇ ਭਾਈ ਇਹ ਕਹਿੰਦੇ ਹਨ। ਇਹੋ ਕਾਂਗਰਸ ਤੇ ਜਨਤਾ ਦਲ ਵਾਲੇ ਬੁਲੰਦ ਸ਼ਹਿਰ ਵਿਚ ਆਖਦੇ ਹਨ ਬਸਪਾ ਦੀ ਮਾਇਆਵਤੀ ਇਧਰ ਚੋਣ ਲੜਕੇ ਭਾਰਤੀ ਜਨਤਾ ਪਾਰਟੀ ਨੂੰ ਚੋਣ ਜਿਤਾਉਣ ਲਈ ਲੜ ਰਹੀ ਹੈ। ਬੁਲੰਦ ਸ਼ਹਿਰ ਤੇ ਇਟਾਵਾ ਤੋਂ ਇਲਾਵਾ ਤੀਜੀ ਸੀਟ ਅਮੇਠੀ ਤੋਂ ਚੋਣ ਹੋ ਰਹੀ ਹੈ ਅਮੇਠੀ ਤੋਂ ਬਸਪਾ ਚੋਣ ਨਹੀਂ ਲੜ ਰਹੀ ਉਧਰ ਭਾਜਪਾ ਵਾਲੇ ਕਹਿੰਦੇ ਹਨ ਕਿ ਬਸਪਾ ਕਾਂਗਰਸ ਨੂੰ ਜਿਤਾਉਣ ਲਈ ਇਥੋਂ ਚੋਣ ਨਹੀਂ ਲੜ ਰਹੀ। ਇਟਾਵਾ 'ਚ ਕਾਂਗਰਸ ਨੂੰ ਤਕਲੀਫ ਹੋ ਰਹੀ ਹੈ ਬੁਲੰਦ ਸ਼ਹਿਰ ਤੇ ਜਨਤਾ ਦਲ ਨੂੰ ਅਤੇ ਅਮੇਠੀ ਚ ਭਾਜਪਾ ਨੂੰ ਤਕਲੀਫ ਹੈ। ਕਾਂਗਰਸ, ਜਨਤਾ ਦਲ, ਭਾਜਪਾ ਤਿੰਨਾਂ ਨੂੰ ਹੀ ਸਾਡੇ ਚੋਣ ਲੜਨ ਨਾਲ ਵੀ ਤਕਲੀਫ ਹੈ ਅਤੇ ਨਾ ਲੜਨ ਨਾਲ ਵੀ ਤਕਲੀਫ ਹੈ, ਅਸੀਂ ਕੀ ਕਰੀਏ? ਚੋਣ ਲੜੀਏ ਜਾਂ ਨਾ ਲੜੀਏ ਸਾਨੂੰ ਵਿਕਣ ਵਾਲੇ ਕਿਹਾ ਜਾਂਦਾ ਹੈ। ਪਹਿਲੇ ਪਹਿਲੇ ਇਹ ਮੈਨੂੰ ਸੀ ਆਈ ਏ ਦਾ ਏਜੰਟ ਆਖਦੇ ਰਹੇ ਕਿ ਕਾਂਸ਼ੀ ਰਾਮ ਨੂੰ ਪੈਸਾ ਸੀ ਆਈ ਏ ਰਾਹੀਂ ਆਉਂਦਾ ਹੈ। ਇਸ ਲਈ ਮੈਨੂੰ ਬਾਰ ਬਾਰ ਮੰਚਾਂ ਤੋਂ ਕਹਿਣਾ ਪਿਆ ਕਿ ਇਸ ਦੇਸ਼ ਦੀ ਸਰਕਾਰ ਨਿਕੰਮੀ ਹੈ ਇਸ ਦੇਸ਼ ਦੀ ਸਰਕਾਰ ਖੁਸਰਿਆਂ ਦੀ ਸਰਕਾਰ ਹੈ। ਜਿਹੜੀ ਕਾਂਸ਼ੀ ਰਾਮ ਤੇ ਉਹਦੇ ਸਾਥੀਆਂ ਨੂੰ ਫੜਨ ਲਈ ਮਰਦਾਨਗੀ ਨਹੀਂ ਦਿਖਾਉਂਦੀ। ਇਸ ਨਿਕੰਮੀ ਸਰਕਾਰ ਨੂੰ ਤਿਆਰੀ ਕਰਕੇ ਇਕ ਨਾ ਇਕ ਦਿਨ ਬਦਲਨਾ ਹੈ ਨਹੀਂ ਤਾਂ ਇਹ ਦੇਸ਼ ਦਾ ਸਤਿਆਨਾਸ ਕਰ ਦੇਵੇਗੀ। ਜੇ ਅਸੀਂ ਚੋਣ ਲੜਦੇ ਹਾਂ ਤਾਂ ਆਖਦੇ ਹਨ ਇਹ ਪੈਸਾ ਲੈਕੇ ਖੜ੍ਹੇ ਹਨ ਜੇ ਨਹੀਂ ਲੜਦੇ ਤਾਂ ਆਖਦੇ ਹਨ ਇਹ ਪੈਸਾ ਲੈਕੇ ਨਹੀਂ ਲੜ ਰਹੇ। ਉਹ ਸਮਝਦੇ ਹਨ ਇਨ੍ਹਾਂ ਕੋਲ ਪੈਸਾ ਕਿੱਥੇ ਹੈ ਇਨ੍ਹਾਂ ਤੋਂ ਪੈਸਾ ਤਾਂ ਨਿੰਬੂ ਦੀ ਤਰ੍ਹਾਂ ਅਸੀਂ ਨਿਚੋੜ ਲਿਆ ਹੈ। ਇਨ੍ਹਾਂ ਕੋਲ ਕੁਝ ਵੀ ਰਹਿਣ ਨਹੀਂ ਦਿੱਤਾ, ਇਨ੍ਹਾਂ ਦਾ ਸਤਿਆਨਾਸ ਕਰ ਦਿਤਾ ਐ ਫਿਰ ਵੀ ਇਨ੍ਹਾਂ ਕੋਲ ਪੈਸਾ ਕਿਥੋਂ ਆ ਰਿਹਾ ਹੈ। ਪਰ ਮੈਂ ਦੇਖਿਆ ਕਿ ਕਿਸੇ ਨਾ ਕਿਸੇ ਕੋਨੇ ਵਿਚ ਰਸ ਬਚਿਆ ਹੈ ਉਹ ਕੋਨਾ ਮੈਨੂੰ 26 ਲੱਖ ਮੁਲਾਜ਼ਮਾਂ ਦੇ ਰੂਪ ਵਿਚ ਨਜ਼ਰ ਆਇਆ। ਜੋ 10000 ਕਰੋੜ ਕਮਾਉਂਦੇ ਹਨ, ਉਹ ਦਸ ਕਰੋੜ ਵੀ ਇਕਠਾ ਨਹੀਂ ਕਰ ਸਕਦੇ? ਇਸ ਲਈ ਮੁਲਾਜ਼ਮਾਂ ਨੂੰ ਸੰਗਠਤ ਕਰਨਾ ਜ਼ਰੂਰੀ ਸਮਝਿਆ ਗਿਆ ਤਾਂ ਕਿ ਨਿਰਧਨ ਸਮਾਜ ਚੋਂ ਕੁਛ ਧਨ ਪੈਦਾ ਕਰਕੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾ ਸਕੇ। ਇਸ ਕੰਮ ਲਈ ਦਿਮਾਗ ਵੀ ਚਾਹੀਦਾ ਹੈ, ਹੁਨਰ ਚਾਹੀਦਾ ਹੈ, ਪੈਸਾ ਚਾਹੀਦਾ ਹੈ। ਇਹ ਪੜ੍ਹਾਈ ਲਿਖਾਈ ਇਹ ਹੁਨਰ, ਇਹ ਪੈਸਾ ਸਰਕਾਰੀ ਕਰਮਚਾਰੀਆਂ ਨੂੰ ਸੰਗਠਤ ਕਰਕੇ ਪੈਦਾ ਕੀਤਾ ਜਾ ਸਕਦਾ ਹੈ। ਅੱਜ ਜਦੋਂ ਸਾਰੀਆਂ ਪਾਰਟੀਆਂ ਇਕ ਦੂਜੇ ਨੂੰ ਦਲਾਲ ਆਖ ਰਹੀਆਂ ਹਨ ਤਾਂ ਇਹਨਾਂ ਪਾਰਟੀਆਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ, ਅੱਗੇ ਵਧਾਉਣ ਲਈ, ਦੌੜ 'ਚ ਉਤਾਰਨ ਲਈ, ਦੌੜ ਵਿਚ ਐਨਾ ਤੇਜ਼ ਦੌੜਾਉਣ ਲਈ ਕਿ ਉਹ ਮੁੱਠੀ ਭਰ ਲੋਕਾਂ ਨੂੰ ਪਛਾੜ ਸਕੇ ਇਸ ਲਈ ਜਿੰਨਾ ਧਨ ਚਾਹੀਦਾ ਹੈ ਅਸੀਂ ਆਪਣੇ ਸਮਾਜ ਤੋਂ ਪੈਦਾ ਕਰਦੇ ਹਾਂ।

ਅਗਰ ਕਰਮਚਾਰੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ ਤਾਂ ਵੀ ਘਬਰਾਉਣ ਦੀ ਕੋਈ ਗੱਲ ਨਹੀਂ। ਬਹੁਜਨ ਸਮਾਜ 70-75 ਕਰੋੜ ਲੋਕਾਂ ਦਾ ਸਮਾਜ ਹੈ। ਨਿਚੋੜੇ ਗਏ ਲੋਕਾਂ ਦਾ ਸਮਾਜ ਹੈ, ਭਾਵੇਂ ਉਸ ਵਿਚ ਰਸ ਨਹੀਂ ਰਹਿਣ ਦਿੱਤਾ ਗਿਆ ਫੇਰ ਵੀ ਜ਼ਿੰਦਾ ਹੈ, ਜਿੰਦਾ ਰਹਿਣ ਲਈ ਬੇਸ਼ਕ ਸਹੀ ਖਾਣਾ ਨਹੀਂ ਮਿਲਦਾ, ਭੁੱਖੇ ਮਰਦੇ ਹਨ, ਭੁੱਖੇ ਮਰਦੇ ਮਰਦੇ ਵੀ ਰੋਜ਼ਾਨਾ ਤਿੰਨ ਕੁ ਰੁਪਏ ਜ਼ਰੂਰ ਖਾ ਜਾਂਦੇ ਹਨ, ਐਸਾ ਸਰਕਾਰ ਦਾ ਅਨੁਮਾਨ ਹੈ। 70 ਕਰੋੜ ਲੋਕ ਦੋ ਸੌ ਕਰੋੜ ਦਾ ਖਾਣਾ ਹਰ ਰੋਜ਼ ਖਾ ਜਾਂਦੇ ਹਨ। ਦੂਜਿਆਂ ਲਈ ਭੁੱਖੇ ਮਰਨ ਵਾਲੇ ਲੋਕ ਅਗਰ ਆਪਣੇ ਲਈ ਭੁੱਖੇ ਰਹਿ ਜਾਣ ਤਾਂ ਇਕ ਦਿਨ ਦਾ ਦੋ ਸੌ ਕਰੋੜ ਆਪਣੇ ਸਮਾਜ ਨੂੰ ਤਿਆਰ ਕਰਨ ਲਈ ਬਚਾ ਸਕਦੇ ਹਨ। ਸਾਡੇ ਵੱਲ ਉਂਗਲ ਉਠਾਉਣ ਵਾਲ਼ੇ ਭਰਾਵਾਂ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਹੋਵੇਗਾ।

ਇਟਾਵਾ 'ਚ ਸਾਰੀਆਂ ਪਾਰਟੀਆਂ ਦੇ ਮੁਕਾਬਲੇ ਤੇ ਹਰ ਤਰ੍ਹਾਂ ਦੇ ਚੋਣ ਪ੍ਰਚਾਰ 'ਚ ਬਸਪਾ ਅੱਗੇ ਚੱਲ ਰਹੀ ਸੀ ਚਾਹੇ ਕੰਧਾਂ ਤੇ ਲਿਖਾਈ ਹੋਵੇ , ਝੰਡੇ ਪੋਸਟਰ ਬੈਨਰ ਹੋਣ ਤੇ ਚਾਹੇ ਕਾਰਜ ਕਰਤਾਵਾਂ ਦੇ ਕਾਫਲੇ ਹੋਣ। ਬਸਪਾ ਵਲੋਂ ਹਰ ਚੋਣ ਦਫਤਰ ਵਿਚ ਮਤਦਾਨ ਦੇ ਦਿਨ ਪੂਰੀ ਤਿਆਰੀ ਹੋ ਚੁਕੀ ਸੀ ਹੁਣ ਤਾਂ ਸਿਰਫ ਸੁਰਖਿਅਤ ਵੋਟ ਪੁਆਉਣਾ ਬਾਕੀ ਸੀ। ਸਾਹਿਬ ਕਾਂਸ਼ੀ ਰਾਮ ਆਪਣੀਆਂ ਚੋਣ ਸਭਾਵਾਂ ਚ ਖੁਲ੍ਹੀ ਘੋਸ਼ਣਾ ਕਰਿਆ ਕਰਦੇ ਸਨ ਕਿ "ਸਾਨੂੰ ਵੋਟ ਦੀ ਸੁਰੱਖਿਆ ਲਈ ਸਰਕਾਰੀ ਮਸ਼ੀਨਰੀ ਤੇ ਭਰੋਸਾ ਨਹੀਂ ਕਰਨਾ ਹੋਵੇਗਾ ਅਗਰ ਅਸੀਂ ਆਪਣੇ ਹਿਤਾਂ ਦੀ ਰੱਖਿਆ ਕਰਨੀ ਹੈ ਤਾਂ ਵੋਟਾਂ ਦੀ ਲੁੱਟ, ਚੋਰੀ ਅਤੇ ਵਿਕਣ ਤੋਂ ਰੋਕਣ ਲਈ ਖੁਦ ਪ੍ਰਬੰਧ ਕਰਨਾ ਹੋਵੇਗਾ। ਕਿਉਂਕਿ ਪਿਛਲੀ ਚੋਣ ਵਿਚ ਇਸ ਕਿਸਮ ਦੀਆਂ ਘਟਨਾਵਾਂ ਚੋਣ ਮਸ਼ੀਨਰੀ ਦੇ ਸਹਿਯੋਗ ਨਾਲ਼ ਹੀ ਹੋਇਆਂ ਹਨ। ਚੋਣ ਕਮਿਸ਼ਨ ਇਹ ਸੱਭ ਕੁਝ ਰੋਕਣ ਲਈ ਕੁਝ ਵੀ ਨਹੀਂ ਕਰ ਸਕਿਆ।"

ਪੰਜਾਬ ਦੇ ਆਗੂਆਂ ਲਈ ਆਦੇਸ਼ ਸੀ ਕਿ ਉਹ ਜਲਸੇ ਚ ਜੁਟੀ ਭੀੜ ਦੇ ਆਲੇ ਦੁਆਲੇ ਖੜ੍ਹੇ ਹੋਕੇ ਪੂਰੀ ਚੌਕਸੀ ਵਰਤਣ। ਪੰਜਾਬੀ ਖਾਸ ਕਰਕੇ ਸਿੱਖ ਗਭਰੂਆਂ ਦੀ ਹਾਜ਼ਰੀ ਨਾਲ ਸਥਾਨਕ ਕਾਰਜ ਕਰਤਾਵਾਂ ਵਿਚ ਸੁਰੱਖਿਆ ਦਾ ਅਹਿਸਾਸ ਪਨਪਦਾ ਸੀ। ਸਾਹਿਬ ਕਾਂਸ਼ੀ ਰਾਮ ਨੇ ਚੋਣ ਧਾਂਦਲੀਆਂ ਰੋਕਣ ਲਈ ਵਿਰੋਧੀਆਂ ਦੀ ਹਰ ਚਾਲ ਦਾ ਮੋੜਵਾਂ ਪ੍ਰਬੰਧ ਕਰ ਰੱਖਿਆ ਸੀ। 18 ਨਵੰਬਰ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਖੁਸ਼ ਮਿਜਾਜ਼ ਰੌਂਅ ਚ ਉਹ ਸਾਡੇ ਕੋਲ ਬੈਠੇ ਹਲਕੀਆਂ ਫੁਲਕੀਆਂ ਗੱਲਾਂ ਸੁਣਾ ਰਹੇ ਸਨ। ਗਿਣਤੀ ਕੇਂਦਰ ਤੋਂ ਸੰਦੇਸ਼ ਆ ਗਿਆ ਕਿ ਰਿਟਰਨਿੰਗ ਅਫ਼ਸਰ ਵੱਲੋਂ ਦਸਵੇਂ ਰਾਊਂਡ ਤੋਂ ਬਾਅਦ ਗਿਣਤੀ ਦਾ ਐਲਾਨ ਕਰਨਾ ਬੰਦ ਕਰ ਦਿੱਤਾ ਗਿਆ ਹੈ। ਉਸਦਾ ਦਾ ਇਰਾਦਾ ਠੀਕ ਨਹੀਂ ਜਾਪਦਾ। ਸਾਹਿਬ ਤੁਰੰਤ ਮੈਨੂੰ ਤੇ ਇਕ ਹੋਰ ਸਾਥੀ ਨੂੰ ਨਾਲ ਲੈਕੇ ਗਿਣਤੀ ਕੇਂਦਰ ਵਲ ਚੱਲ ਪਏ। ਜਿਉਂ ਹੀ ਅਸੀਂ ਉਸ ਹਾਲ ਵਿਚ ਦਾਖਲ ਹੋਏ ਤਾਂ ਇਕ ਸ਼ਖ਼ਸ ਨੇ ਸਾਹਿਬ ਵਲ ਹੱਥ ਵਧਾਉਂਦਿਆਂ ਆਖਿਆ— "ਹੈਲੋ ਮੈਂ ਅਸ਼ੋਕ ਦੂੱਬੇ ਭਾਜਪਾ ਉਮੀਦਵਾਰ ਇਟਾਵਾ ਅਸੰਬਲੀ, ਮਿਸਟਰ ਜਾਰਜ ਕਾਂਸ਼ੀ ਰਾਮ ਕਿਆ ਹਾਲ ਹੈ"



ਲਾਲ ਸਿੰਘ ਸੁਲਹਾਣੀ
91-98721-55120

"ਅਰੇ ਮੈਂ ਤੋ ਕੇਵਲ ਕਾਂਸ਼ੀ ਰਾਮ ਹੂੰ, ਜਾਰਜ ਕਾਂਸ਼ੀ ਰਾਮ ਆਪ ਕੀ ਮਾਂ ਕਾ ਖਸਮ ਕੋਈ ਔਰ ਹੋਗਾ"- ਸਾਹਿਬ ਕਾਂਸ਼ੀ ਰਾਮ ਨੇ ਬਿਨਾਂ ਉਸ ਵੱਲ ਹੱਥ ਵਧਾਇਆਂ ਘੂਰ ਕੇ ਵੇਖਦਿਆਂ ਆਖਿਆ। ਉਹ ਸ਼ਰਮਿੰਦਾ ਹੁੰਦਾ ਅੱਗੇ ਨਿਕਲ ਗਿਆ।

ਸਾਹਿਬ ਨੇ ਰਿਟਰਨਿੰਗ ਅਫ਼ਸਰ ਨੂੰ ਤਾੜਨਾ ਕਰਦਿਆਂ ਆਖਿਆ ਕਿ ਹਮ ਸਰਕਾਰੀ ਮਸ਼ੀਨਰੀ ਔਰ ਸ਼ਾਸਨ ਪ੍ਰਸ਼ਾਸਨ ਕੇ ਗੈਰ ਸੰਵਿਧਾਨਕ ਇਰਾਦੋਂ ਕੋ ਚਕਨਾਚੂਰ ਕਰਨੇ ਕੇ ਲੀਏ ਹੀ ਇਟਾਵਾ ਸੇ ਚੁਨਾਵ ਲੜ ਰਹੇ ਹੈਂ। ਗਿਨਤੀ ਮੇਂ ਕਿਸੀ ਕਿਸਮ ਕੀ ਹੇਰਾਫੇਰੀ ਕਰਨੇ ਕੀ ਕੋਸ਼ਿਸ਼ ਪ੍ਰਸ਼ਾਸਨ ਕੋ ਭਾਰੀ ਪੜ ਸ਼ਕਤੀ ਹੈ। ਚਿਤਾਵਨੀ ਦਿੰਦਿਆਂ ਸਾਹਿਬ ਨੇ ਆਖਿਆ।

"ਜਾਉ ਬਾਹਰ ਜਾਕਰ ਪ੍ਰਸ਼ਾਸਨ ਕੇ ਗੰਦੇ ਮਨਸੂਬੋਂ ਕੋ ਰੋਕਨੇ ਕਾ ਬੰਦੋਬਸਤ ਕਰੇਂ"—ਮੇਰੀ ਤਰਫ ਝਾਕਦਿਆਂ ਉਹਨਾਂ ਨੇ ਹੁਕਮੀਆ ਲਹਿਜ਼ੇ ਆਖਿਆ।

ਜਿਉਂ ਹੀ ਅਸੀਂ ਬਾਹਰ ਨਿਕਲੇ ਗਿਣਤੀ ਕੇਂਦਰ ਕੋਲ ਉਤਸ਼ਾਹੀ ਬਸਪਾ ਕਾਰਜ ਕਰਤਾਵਾਂ ਤੇ ਆਗੂਆਂ ਦੀ ਭਾਰੀ ਭੀੜ ਜਮ੍ਹਾਂ ਹੋ ਚੁੱਕੀ ਸੀ ਜੋ ਜ਼ੋਸ਼ੀਲੇ ਨਾਅਰੇ ਲਾ ਰਹੇ ਸਨ। ਇਕ ਪਾਸੇ ਕਾਂਗਰਸ ਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦਾ ਹਜੂਮ ਇਕੱਠਾ ਹੋ ਰਿਹਾ ਸੀ। ਆਹਮੋ ਸਾਹਮਣੇ ਜ਼ੋਰਦਾਰ ਨਾਅਰੇਬਾਜ਼ੀ ਹੋ ਰਹੀ ਸੀ। ਭਾਜਪਾ ਦੇ ਵਰਕਰ ਗੁੰਡਾਗਰਦੀ ਤੇ ਉਤਾਰੂ ਸਨ। ਸਥਿਤੀ ਤਨਾਅਪੂਰਨ ਬਣਦੀ ਜਾ ਰਹੀ ਸੀ।

ਸੀ. ਆਰ.ਪੀ., ਪੀ.ਏ.ਸੀ. ਤੇ ਯੂ.ਪੀ ਪੁਲਿਸ ਨੇ ਸਾਨੂੰ ਪਿੱਛੇ ਹੋ ਜਾਣ ਲਈ ਕਿਹਾ। ਜਿਉਂ ਹੀ ਅਸੀਂ ਥੋੜ੍ਹਾ ਪਿੱਛੇ ਹੋਏ ਤਾਂ ਭਾਜਪਾ ਵਾਲਿਆਂ ਨੇ ਹਮਲਾਵਰ ਰੁਖ਼ ਅਪਣਾਉਂਦਿਆਂ ਸਾਡੇ ਵੱਲ ਵਧਣਾ ਸ਼ੁਰੂ ਕਰ ਦਿਤਾ। ਚੌਕ ਚ ਇਕ ਪਾਸੇ ਹੁੰਦਿਆਂ ਜੈਕਾਰਾ ਛਡਦਿਆਂ ਮੈਂ ਸਾਥੀਆਂ ਨੂੰ ਆਖਿਆ ਹੁਣ ਕੋਈ ਇਸ ਤੋਂ ਪਿਛੇ ਨਹੀਂ ਜਾਵੇਗਾ। ਸਾਡੇ ਸਾਥੀ ਉਥੇ ਹੀ ਡਟ ਗਏ। ਜਿਉਂ ਹੀ ਚੌਕ ਪਾਰ ਕਰਕੇ ਗੁੰਡਾ ਗਰਦੀ ਤੇ ਉਤਾਰੂ ਭਾਜਪਾਈ ਜੈ ਸੀਆ ਰਾਮ ਕਰਦੇ ਸਾਡੇ ਬਿਲਕੁਲ ਨਜ਼ਦੀਕ ਆ ਗਏ ਤਾਂ ਕਾਂਸ਼ੀ ਰਾਮ ਦੇ ਬੱਬਰ ਸ਼ੇਰਾਂ ਨੇ ਨੇੜਲੀ ਲੱਕੜਾਂ ਦੀ ਟਾਲ ਤੋਂ ਲੱਕੜਾਂ ਤੇ ਖਲਪਾੜਾਂ ਚੁੱਕ ਲਈਆਂ ਤੇ ਵੇਖਦਿਆਂ ਵੇਖਦਿਆਂ ਵਿਰੋਧੀ ਭੀੜ ਨੂੰ ਕਰਾਰੇ ਹੱਥ ਦਿਖਾਉਂਦਿਆਂ ਤਿੱਤਰ ਬਿੱਤਰ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ। ਪੰਜਾਬੀਆਂ ਨੇ ਆਪਣਾ ਜਲਵਾ ਦਿਖਾ ਦਿਤਾ। ਸਾਡੇ ਕੁਝ ਸਾਥੀਆਂ ਦੇ ਵੀ ਸੱਟਾਂ ਲੱਗ ਗਈਆਂ। ਏਸੇ ਦੌਰਾਨ ਸਪੀਕਰ ਤੋਂ ਐਲਾਨ ਕਰ ਦਿਤਾ ਗਿਆ ਕਿ ਬਸਪਾ ਉਮੀਦਵਾਰ ਕਾਂਸ਼ੀ ਰਾਮ ਇਟਾਵਾ ਲੋਕ ਸਭਾ ਸੀਟ ਤੋਂ ਜਿੱਤ ਦਿਤੇ ਗਏ ਹਨ।

ਸਾਹਿਬ ਕਾਂਸ਼ੀ ਰਾਮ ਬਸਪਾ 144290 ਵੋਟਾਂ<br>
30.4 ਫ਼ੀਸਦੀ ਲਾਲ ਸਿੰਘ ਵਰਮਾ<br>
ਕਾਂਗਰਸ 121824 ਵੋਟਾਂ 25.7 ਫ਼ੀਸਦੀ<br>
ਰਾਮ ਸਿੰਘ ਸ਼ਾਕਿਯਾ ਸ ਪਾ 82624 ਵੋਟਾਂ 17.4 ਫ਼ੀਸਦੀ

ਜਿੱਤ ਦਾ ਸਰਟੀਫਿਕੇਟ ਹਾਸਲ ਕਰਕੇ ਇਕੱਤਰ ਹੋਏ ਕਾਰਜ ਕਰਤਾਵਾਂ ਨੂੰ ਸੰਬੋਧਨ ਕਰਦਿਆਂ ਸਾਹਿਬ ਕਾਂਸ਼ੀ ਰਾਮ ਨੇ ਦੱਸਿਆ ਕਿੱ ਅਸੀਂ ਜੋ ਇਹ ਜਿੱਤ ਹਾਸਲ ਕੀਤੀ ਹੈ ਇਹ ਬਹੁਜਨ ਸਮਾਜ ਦੇ ਛੇ ਹਜ਼ਾਰ ਜਾਤੀ ਟੁਕੜਿਆਂ ਨੂੰ ਜੋੜ ਕੇ, ਉਹਨਾਂ ਵਿਚ ਭਾਈਚਾਰਾ ਪੈਦਾ ਕਰਕੇ, ਦੁਸ਼ਮਣ ਦੀਆਂ ਸਾਨੂੰ ਤੋੜਕੇ ਰੱਖਣ ਦੀਆਂ ਚਾਲਾਂ ਨੂੰ ਨਾਕਾਮਯਾਬ ਕਰਕੇ, ਹਾਸਲ ਕੀਤੀ ਹੈ ਹੁਣ ਤੱਕ ਅਸੀਂ ਬ੍ਰਾਹਮਣਵਾਦ ਦੀਆਂ ਗੁੰਮਰਾਹਕੁਨ ਗੱਲਾਂ ਵਿਚ ਉਲਝਕੇ ਭਟਕਦੇ ਰਹੇ ਹਾਂ ਉਹ ਸਾਡਾ ਜਨਮ ਤੋਂ ਮਰਨ ਤਕ ਦਾ ਸਮਾਂ ਤਕ ਤੈਅ ਕਰਦੇ ਰਹੇ ਉਹਨਾਂ ਦੇ ਭਰੋਸੇ ਸਾਡਾ ਦੇਸ਼ ਪਛੜਦਾ ਰਿਹਾ ਹੈ। ਇਕੱਠੇ ਹੋਏ ਜਨ ਸੰਮੂਹ ਦਾ ਧਨਵਾਦ ਕਰਦਿਆਂ ਉਹਨਾਂ ਨੇ ਆਖਿਆ ਕਿ ਆਪ ਨੇ ਮੈਨੂੰ ਜਿਤਾਉਣ ਲਈ ਜੋ ਸ਼ਕਤੀ ਲਾਈ ਹੈ ਇਹ ਮੇਰੇ ਲਈ ਫੁੱਲਾਂ ਮਾਲਾਵਾਂ ਵਾਂਗ ਹੈ ਅੱਜ ਬਹੁਜਨ ਸਮਾਜ ਅੰਦਰ ਖ਼ੁਸ਼ੀ ਦੀ ਲਹਿਰ ਹੈ। ਇਸ ਨੂੰ ਹੋਰ ਅੱਗੇ ਵਧਾਉਣ ਲਈ ਯਤਨਸ਼ੀਲ ਰਹੋ ਅਤੇ ਆਪਣੇ ਆਪਣੇ ਖੇਤਰ ਵਿਚ ਅਨੁਸ਼ਾਸਨ ਬਣਾ ਕੇ ਰੱਖਿਆ ਜਾਵੇ ਕਿਉਂਕਿ ਬਹੁਜਨ ਸਮਾਜ ਪਾਰਟੀ ਅਨੁਸ਼ਾਸਤਬੱਧ ਲੋਕਾਂ ਦਾ ਸੰਗਠਨ ਹੈ।

# ਅਮੈਰਿਕਨ ਸੀਨੀਅਰ ਸਿਟੀਜ਼ਨਜ਼ ਗਰੁੱਪ, ਸੈਕਰਾਮੈਂਟੋ ਦੇ ਮੈਂਬਰਾਂ ਦੀ ਜਨਮ ਦਿਨ ਪਾਰਟੀ ਸੰਪੰਨ ਹੋਈ

ਪਿਛਲੇ ਤਿੰਨ ਵਾਰੀ ਦੀ ਤਰ੍ਹਾਂ ਸੀਨੀਅਰ ਸਿਟੀਜ਼ਨਜ਼ ਦੇ ਅਕਤੂਬਰ, ਨਵੰਬਰ, ਦਸੰਬਰ 2023 ਵਿਚ ਜਿਹਨਾਂ ਦੇ ਜਨਮ ਦਿਨ ਆਉਂਦੇ ਹਨ, ਉਸ ਸਬੰਧੀ ਜਨਮ ਦਿਨ ਮਨਾਉਣ ਲਈ ਪਾਰਟੀ ਰੈਡ ਮੂਨ ਬੈਂਕਿਉਟ ਹਾਲ, ਕੈਲਵਾਈਨ ਰੋਡ, ਸੈਕਰਾਮੈਂਟੋ ਵਿਖੇ ਮਨਾਈ ਗਈ। ਇਹ ਸਾਰਾ ਪ੍ਰਬੰਧ ਗਰੁੱਪ ਦੇ ਬੋਰਡ ਆਫ ਡਾਇਰੈਕਟਰ ਵੱਲੋਂ ਬੜੇ ਸਚੱਜੇ ਢੰਗ ਨਾਲ ਕੀਤਾ ਗਿਆ। ਜਿਸ ਵਿਚ ਸ੍ਰੀ ਸੁਖਚੈਨ ਸਿੰਘ ਚੇਅਰਮੈਨ, ਸ੍ਰੀ ਹਰਜੀਤ ਸਿੰਘ ਔਜਲਾ, ਵਾਈਸ ਪ੍ਰਧਾਨ ਸ੍ਰੀ ਜਗਰੂਪ ਸਿੰਘ ਪ੍ਰਧਾਨ, ਸ੍ਰੀ ਅਜੈਬ ਸਿੰਘ ਧਾਲੀਵਾਲ ਜਨਰਲ ਸਕੱਤਰ ਸ਼ਾਮਲ ਹਨ।

ਪਾਰਟੀ ਪ੍ਰੋਗਰਾਮ ਦੇ ਸ਼ੁਰੂ ਵਿਚ 'ਜੀ ਆਇਆਂ ਨੂੰ' ਪ੍ਰੋਗਰਾਮ ਦੀ ਸ਼ੁਰੂਆਤ ਸ੍ਰੀ ਸੁਖਚੈਨ ਸਿੰਘ ਚੇਅਰਮੈਨ ਵੱਲੋਂ ਕੀਤੀ ਗਈ। ਇਸ ਤੋਂ ਬਾਅਦ ਸ੍ਰੀ ਮਨਜੀਤ ਸਿੰਘ ਪੁਰੇਵਾਲ, ਜੋ ਕਿ ਪ੍ਰੋਗਰਾਮ ਦੇ ਐਮ. ਸੀ. ਸਨ, ਨੇ ਸ਼ੁਰੂਆਤ ਕੀਤੀ। ਉਹਨਾਂ ਨੇ ਸਟੇਜ ਤੋਂ ਜਨਮ ਦਿਨ ਵਾਲੇ ਮੈਂਬਰਾਂ ਦੇ ਨਾਂ ਦੱਸੇ, ਜਿਹਨਾਂ ਵਿਚ ਬਿੱਕਰ ਸਿੰਘ ਮਾਨ, ਡਾ. ਪਰਗਟ ਸਿੰਘ ਹੁੰਦਲ, ਮਨਜਿੰਦਰ ਕੌਰ ਪੱਡਾ, ਪਰਮਿੰਦਰ ਕੌਰ ਸਿੰਘ, ਇਮਤਾਜ ਅਵਾਣ, ਪ੍ਰੇਮ ਕੁਮਾਰ ਚੁੰਬਰ, ਪੈਰੀ ਸੋਹੀ, ਸਤਵਿੰਦਰ ਸਿੰਘ ਗਿੱਲ, ਚਰਨਜੀਤ ਕੌਰ ਬੜਿੰਗ, ਸਰਵਣ ਸਿੰਘ ਧਾਰੀਵਾਲ, ਸੁਰਿੰਦਰ ਸਿੰਘ ਸਿੱਧੂ, ਹਰਜਿੰਦਰ ਸਿੰਘ ਗਿੱਲ, ਡਾ. ਪਰਮਜੀਤ ਤੱਪਰ ਸਨ। ਇਸ ਤੋਂ ਇਲਾਵਾ ਮਿਸਿਜ਼ ਗਿੱਲ ਅਤੇ ਗੁਰਮੁਖ ਸਿੰਘ ਗਿੱਲ (ਕਲ. ਰਿਟਾ.) ਦੀ ਪੰਜਾਹਵੀਂ ਮੈਰਿਜ ਐਨੀਵਰਸਰੀ ਨੂੰ ਸਪੈਸ਼ਲ ਤੌਰ ਤੇ ਮਨਾਇਆ ਗਿਆ ਅਤੇ ਕੇਕ ਕੱਟਿਆ ਗਿਆ। ਇਹਨਾਂ ਦੇ ਸਾਰੇ ਪਰਿਵਾਰ ਨੇ ਸ਼ਿਰਕਤ ਕੀਤੀ। ਬਹੁਤ ਹੀ ਖ਼ੁਸ਼ੀ ਵਾਲਾ ਮਾਹੌਲ ਸੀ। ਇਸ ਤੋਂ ਇਲਾਵਾ ਰੰਗਾਰੰਗ ਪ੍ਰੋਗਰਾਮ ਸ਼ੁਰੂ ਕੀਤਾ ਗਿਆ, ਜਿਸ ਵਿਚ ਸਭ ਤੋਂ ਪਹਿਲਾਂ ਪੂਨਮ ਮਲਹੋਤਰਾ, ਪੰਮੀ ਮਾਨ, ਬਿੱਕਰ ਸਿੰਘ ਮਾਨ, ਮੁਲਕ ਅਵਾਣ, ਸੁਰਿੰਦਰ, ਪ੍ਰਗਟ ਸਿੰਘ ਹੁੰਦਲ, ਹੋਰ ਵੀ ਦੋ ਸੱਜਣਾਂ ਨੇ ਗੀਤ/ਕਵਿਤਾਵਾਂ ਰਾਹੀਂ ਰੰਗ ਬੰਨਿਆ। ਇਸ ਵਾਰੀ ਗਰੁੱਪ ਦੇ ਨਵੇਂ ਬਣੇ ਮੈਂਬਰ ਫੈਮਲੀ ਸਮੇਤ ਆਏ, ਜਿਹਨਾਂ ਵਿਚ ਸ੍ਰੀ ਜਸਵਿੰਦਰ ਸਿੰਘ ਧਾਰੀਵਾਲ, ਸਰਵਣ ਸਿੰਘ ਤੇ ਉਹਨਾਂ ਦੇ ਰਿਸ਼ਤੇਦਾਰ ਵੀ ਸ਼ਾਮਲ ਸਨ। ਕੁੱਲ ਮਿਲਾ ਕੇ ਸਾਰਾ ਪ੍ਰੋਗਰਾਮ ਬਹੁਤ ਵਧੀਆ ਹੋ ਨਿੱਬੜਿਆ। ਅੱਗੇ ਵੀ ਅਪ੍ਰੈਲ 2024 ਵਿਚ ਕੋਸ਼ਿਸ਼ ਕੀਤੀ ਜਾਵੇਗੀ ਕਿ ਵਧੀਆ ਪ੍ਰੋਗਰਾਮ ਹੋਵੇ। ਸ੍ਰੀ ਇਕਬਾਲ ਸਿੰਘ ਪੱਡਾ, ਬਲਵਿੰਦਰ ਸਿੰਘ ਮਾਸਟਰ, ਗੁਰਦੇਵ ਸਿੰਘ ਤੂਰ ਵੱਲੋਂ ਸਪੈਸ਼ਲ ਸੇਵਾਵਾਂ ਨਿਭਾਈਆਂ ਗਈਆਂ।

**ਰਿਪੋਰਟ-ਬਿੱਕਰ ਸਿੰਘ ਮਾਨ, ਤਸਵੀਰਾਂ 'ਦੇਸ਼ ਦੁਆਬਾ'**



































(ਹੋਰ ਤਸਵੀਰਾਂ ਅਗਲੇ ਸਫੇ 'ਤੇ)







# 9 ਫਰਵਰੀ 2024 ਵੱਡਾ ਘੱਲੂਘਾਰਾ ਦਿਵਸ 'ਤੇ ਵਿਸ਼ੇਸ਼



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 239 ਤੋਂ 246 ਤੀਕ ਵੱਡੇ ਘਲੂਘਾਰੇ 'ਤੇ ਬੜੇ ਵਿਸਥਾਰ 'ਤੇ ਚਾਨਣਾ ਪਾਇਆ ਹੈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲੈ ਕੇ 1761 ਤੱਕ ਪੰਜ ਹਮਲੇ ਹਿੰਦੁਸਤਾਨ 'ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖੂਬ ਹਿੱਸਾ ਵੰਡਾਇਆ। ਇੱਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ। ਉਸ ਨੇ ਐਲਾਨੀਆਂ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ। ਉਹ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ।

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ - ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ 1762 ਵਿੱਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ 'ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿੱਚ ਇਕੱਠੇ ਹੋਣੇ ਸ਼ੁਰੂ ਹੋਏ। ਅਹਿਮਦ ਸ਼ਾਹ 3 ਫਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਜਦ 5 ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ 'ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਂਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ।

ਗਿਆਨੀ ਗਿਆਨ ਸਿਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ।



ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾਇ ਕਰਨ ਦੀ ਠਾਣੀ। ਪਹਿਲੇ ਹੱਲੇ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿੱਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੌੜਨ ਵਿੱਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡਟਕੇ ਹਮਲੇ ਕਰ ਰਹੇ ਸਨ।

ਜਦ ਸਿੰਘ ਡਟ ਕੇ ਲੜੇ ਤਾਂ ਅਬਦਾਲੀ ਦੀਆਂ ਫੌਜਾਂ ਵੀ ਘਾਬਰ ਕੇ 'ਤੋਬਾ ਤੇ ਅੱਲਾ' ਕਰਨ ਲੱਗ ਪਈਆਂ। ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦਖ ਹੈਰਾਨ ਹੋ ਰਹੇ ਸਨ। ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। 48 ਹਜ਼ਾਰ ਫੌਜ ਵਿੱਚੋਂ ਅੱਠ ਹਜ਼ਾਰ ਫੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ 'ਦਲ ਖ਼ਾਲਸਾ' ਵੱਖ ਕਰਨ ਵਿੱਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿੱਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲਿਆਮ ਕੀਤਾ ਜਾਏ ਕਿ ਫੇਰ ਸਿੱਖ ਉਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਦੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ 'ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ, ਉਹ ਜੰਗੀ ਇਤਿਹਾਸ ਵਿੱਚ ਇੱਕ ਅਮਿੱਟ ਯਾਦਗਾਰ ਹੈ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸਿਆਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੂਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ ਉਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ''। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ 'ਤੇ 22 ਜ਼ਖ਼ਮਾਂ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ ਅਬਦਾਲੀ ਵੱਧ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ 'ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ 'ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ।

ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ ਉਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤੱਕ ਹੁਕਮ ਚਲੇ''। ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫੌਜਾਂ ਦਾ ਇੱਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿੱਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ। ਇਸ ਘੱਲੂਘਾਰੇ ਵਿੱਚ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ।

ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, 1746 ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿੱਚ 10 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿੱਚ, ਇਤਿਹਾਸਕਾਰ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇੱਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇੱਕ ਦਿਨ 'ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿੱਚ ਰਹੇ ਸਗੋਂ ਸ਼ੁਕਰ ਕੀਤਾ।

# ਅਮੈਰਿਕਨ ਸੀਨੀਅਰ ਸਿਟੀਜ਼ਨਜ਼ ਗਰੁੱਪ, ਸੈਕਰਾਮੈਂਟੋ ਦੇ ਮੈਂਬਰਾਂ ਦੀ ਜਨਮ ਦਿਨ ਪਾਰਟੀ ਸੰਪੰਨ ਹੋਈ











ਤਸਵੀਰਾਂ 'ਦੇਸ਼ ਦੁਆਬਾ'

# ਕਾਪੇ ਵਾਲਾ ਅੰਬੇਦਕਰ

ਉਹ ਅਨਪੜ੍ਹ ਸੀ ਅਤੇ ਮੌਜੂਦਾ ਕੇਰਲਾ ਏਰੀਏ ਦੇ ਥਿਰੂਵੰਥਨਪੁਰਮ ਇਲਾਕੇ ਦੇ ਵੰਗਾਨੂਰ ਪਿੰਡ ਵਿਚ ਜਾਤਾਂ ਪਾਤਾਂ ਚੋਂ ਅਖੌਤੀ ਤੌਰ ਤੇ ਸੱਭ ਤੋਂ ਨੀਚ ਕਹੀ ਜਾਂਦੀ ਪੁਲਾਯਾਨ ਜਾਤ ਚੋਂ ਆਉਂਦਾ ਸੀ, ਪਰ ਸੀ ਬੜਾ ਛੈਲ ਜੁਆਨ ਗੱਭਰੂ, ਗੈਰਤਮੰਦ ਤੇ ਇੱਜ਼ਤ ਅਣਖ ਵਾਲਾ।

ਭਾਵੇਂ ਕਿ ਪਿੰਡ ਦੇ ਬਾਕੀ ਦਲਿਤ ਪੁਲਾਯਾਨ ਵੀਰ ਅਖੌਤੀ ਉਚ ਜਾਤੀਆਂ ਦੇ ਗੁਲਾਮ ਮਜ਼ਦੂਰਾਂ ਦੇ ਤੌਰ ਤੇ ਜੀਵਨ ਬਸਰ ਕਰਦੇ ਸਨ ਪਰ ਉਹਦੇ ਕੋਲ ਆਵਦੀ ਪੰਜ ਕਿੱਲੇ ਜ਼ਮੀਨ ਸੀ, ਜਿਹੜੀ ਕਿ ਇਕ ਚੰਗੇ ਲੈਂਡ ਲਾਰਡ ਉਚ ਜਾਤੀ ਜ਼ਮੀਨ ਮਾਲਕ ਨੇ ਉਹਦੇ ਪਿਤਾ ਦੀ ਮਿਹਨਤ ਦੇਖ, ਉਸਦੇ ਪਿਤਾ ਨੂੰ ਭੇਟ ਕੀਤੀ ਸੀ।

ਆਵਦੀ ਖੇਤੀਬਾੜੀ ਸੀ, ਆਂਵਦਾ ਚੰਗਾ ਗੁਜ਼ਾਰਾ ਸੀ।

ਭਰ ਜੁਆਨੀ ਦੇ ਦਿਨਾਂ 'ਚ ਕੀ ਹੋਇਆ ਕਿ ਇਕ ਦਿਨ ਉਚ ਜਾਤਿ- ਹੰਕਾਰੀ ਲਗੌੜ ਨੇ ਉਹਨੂੰ ਜਾਤਿ ਆਧਾਰਤ ਗਾਲਾਂ ਕੱਢ ਦਿੱਤੀਆਂ ਤੇ ਮੰਦੇ ਸ਼ਬਦ ਬੋਲੇ।

ਆਪਣੀ ਤਾਂ ਰੱਬ ਵਲੋਂ ਇਹੀ ਲਿਖੀ 'ਹੋਣੀ' ਹੈ ਦੇ ਧਰਵਾਸ ਦੇਣ ਆਲੇ ਵਿਚਾਰਾਂ ਦੀ ਥਾਂ ਯੋਧੇ ਨੂੰ ਗੁੱਸਾ ਚੜ੍ਹ ਗਿਆ। ਉਹਨੇ ਜਾਤਿ - ਹੰਕਾਰੀਆਂ ਦੀ ਧੌਣ ਦਾ ਕਿੱਲਾ ਪੱਟਣ ਦੀ ਠਾਣ ਲਈ। ਉਸ ਵੇਲੇ ਦੇ



ਕੇਰਲਾ ਰਾਜ ਚ ਦਲਿਤ ਪੁਲਾਯਾਨ ਸੋਹਣੇ ਕੱਪੜੇ ਪਾ, ਸਿਰ ਤੇ ਪੱਗ ਨਹੀਂ ਸਨ ਬੰਨ੍ਹ ਸਕਦੇ। ਗੱਡੇ ਤੇ ਨਹੀਂ ਸਨ ਚੜ੍ਹ ਸਕਦੇ।ਬੈਲ ਗੱਡੀ ਨਹੀਂ ਸਨ ਚਲਾ ਸਕਦੇ, ਸੜਕਾਂ-ਗਲੀਆਂ ਚੋਂ ਨਹੀਂ ਸਨ ਲੰਘ ਸਕਦੇ।

ਨੌਜਵਾਨੀ ਖੂਨ ਨੇ ਉਬਾਲਾ ਖਾਧਾ ਤੇ ਦੋ ਬਲਦ ਖਰੀਦ ਲਏ। ਗੱਡਾ ਖਰੀਦ ਲਿਆ, ਸੋਹਣੇ ਕੱਪੜੇ ਖਰੀਦ ਲਏ ਤੇ ਪੱਗ ਵੀ ਖਰੀਦ ਲਈ।

ਸੱਜ-ਧਜ ਕੇ ਬਾਂਕਾ ਛੈਲ- ਜਵਾਨ ਗੱਭਰੂ ਗੱਡਾ ਜੋੜ ਪਿੰਡ ਦੀ ਮੁੱਖ ਸੜਕ ਤੇ ਆ ਗਿਆ।

ਉਚ ਜਾਤਿ- ਹੰਕਾਰੀ ਲਗੌੜ ਨੂੰ ਜਦੋਂ ਪਤਾ ਲੱਗਾ ਕਿ ਇਕ ਦਲਿਤ- ਪੁਲਾਯਾਨ ਮੁੰਡਾ ਉਹਨਾਂ ਦੇ ਜਾਤਿ-ਹੰਕਾਰ ਨੂੰ ਤੋੜਨ ਦੇ ਮਨਸੂਬੇ ਨਾਲ ਪਿੰਡ ਦੀਆਂ ਸੜਕਾਂ ਤੇ, ਗੱਡੇ ਚ ਬੈਠ, ਸੋਹਣੇ ਕੱਪੜੇ ਪਾ, ਸਿਰ ਤੇ ਪੱਗ ਬੰਨ੍ਹ ਘੁੰਮ ਰਿਹਾ ਹੈ ਤਾਂ ਉਹਨਾਂ ਆਪਣੇ ਬਦਮਾਸ਼ ਉਸਨੂੰ ਰੋਕਣ ਵਾਸਤੇ ਭੇਜੇ। ਬਦਮਾਸ਼ਾਂ ਨੇ ਲਲਕਾਰਾ ਮਾਰਿਆ! ਉਇ ਕੌਣ ਐਂ ਤੂੰ ? ਮਾਰਿਆ ਜਾਵੇਂਗਾ ਹਟਜਾ ਪਿੱਛੇ।

ਪਰ ਜੁਆਬ 'ਚ ਲਿਸ਼ਕਦਾ ਕਾਪਾ ਹਵਾ 'ਚ ਲਹਿਰਾਇਆ (ਇੱਥੇ ਦੱਖਣੀ ਭਾਰਤੀ ਫ਼ਿਲਮਾਂ ਵਿਚਲੇ ਨਾਰੀਅਲ ਵੱਢਣ ਵਾਲੇ ਕਾਪੇ ਦੀ ਤਸਵੀਰ ਦਾ ਧਿਆਨ ਧਰੋ ਜੀ) ਕਾਪੇ ਨੂੰ ਚਲਾਉਣ ਵਾਸਤੇ ਤਿਆਰ-ਬਰ- ਤਿਆਰ ਲੜਾਕੂ ਉਚੇ -ਲੰਮੇ ਗੱਭਰੂ ਨੂੰ ਦੇਖ ਉਚ ਜਾਤਿ -ਹੰਕਾਰੀ ਬਦਮਾਸ਼ ਚੱਡਿਆਂ ਚ ਪੂਛ ਲੈ ਭੱਜ ਗਏ।

ਏਸ ਗੱਲ ਨੇ ਭਾਵੇਂ ਬਾਕੀ ਦੇ ਗੁਲਾਮਦਾਰੀ ਹੰਢਾਉਂਦੇ ਦਲਿਤਾਂ- ਪੁਲਾਯਾਨ ਨੂੰ ਇਕ ਵਾਰੀ ਸੜਕਾਂ ਤੇ ਆਕੇ ਹੱਕ -ਜਤਾਈ ਦੇ ਘੋਲ ਨੂੰ ਛੇੜਨ ਵਾਸਤੇ ਤਾਂ ਨਹੀਂ ਪ੍ਰੇਰਿਆ ਪਰ ਕਾਪੇ ਆਲੇ ਗੱਭਰੂ ਵਾਸਤੇ ਸੜਕਾਂ ਖੁਲ੍ਹੀਆਂ ਹੋ ਗਈਆਂ। ਉਚ ਜਾਤਿ ਹੰਕਾਰੀ ਬਦਮਾਸ਼ ਤੇ ਲੁਗਾੜੇ,ਕਾਪੇ ਆਲੇ ਲੜਾਕੂ ਨੌਜਵਾਨ ਯੋਧੇ ਤੋਂ ਟਲ ਕੇ ਰਹਿਣ ਲੱਗੇ। ਇਹ ਕਾਪੇ ਵਾਲਾ ਲੜਾਕੂ ਨੌਜਵਾਨ ਦਲਿਤ ਪੁਲਾਯਾਨ ਗੱਭਰੂ "ਆਇਅਨਕੱਲੀ" ਸੀ।

ਜਿਸਦੇ ਇਕ ਹਥਿਆਰਬੰਦ ਐਕਸ਼ਨ ਨੇ ਧੁਰ ਦੱਖਣੀ ਭਾਰਤ ਦੇ ਪੱਛਮੀ ਹਿੱਸੇ ਚ ਦਲਿਤ ਮੁਕਤੀ ਅੰਦੋਲਨਾਂ ਦਾ ਮੁੱਢ ਬੰਨ੍ਹ ਦਿੱਤਾ। ਆਇਅਨਕੱਲੀ (1863-1941) ਹੁਣ ਪੁਲਾਯਾਨ ਦਲਿਤਾਂ ਦਾ ਲੀਡਰ ਸੀ।

ਉਹ ਅੰਬੇਦਕਰ ਦੇ ਜਨਮ ਤੋਂ ਪਹਿਲਾਂ ਇਸ ਧਰਤੀ ਤੇ ਆਇਆ ਅੰਬੇਦਕਰ ਸੀ।

ਅਨਪੜ੍ਹ ਅੰਬੇਦਕਰ ਸੀ।

ਛੈਲ ਜਵਾਨ ਅੰਬੇਦਕਰ ਸੀ।

ਕਾਪੇ ਆਲਾ ਅੰਬੇਦਕਰ ਸੀ।

ਹੌਲ਼ੀ ਹੌਲ਼ੀ ਪੁਲਾਯਾਨ ਦਲਿਤਾਂ ਚੇਤਨਾ ਜਾਗੀ। ਉਹ ਆਇਅਨਕੱਲੀ ਦੇ ਦੁਆਲੇ ਗੋਲ ਬੰਦ ਹੋਣ ਲੱਗੇ। 1900 ਈਸਵੀ ਤੋਂ ਪਹਿਲਾਂ ਉਹਨਾਂ ਨੇ ਸੜਕਾਂ ਤੇ ਆਵਦੇ ਚੱਲਣ ਦੇ ਅਧਿਕਾਰ ਵਾਸਤੇ ਅੰਦੋਲਨ ਸ਼ੁਰੂ ਕਰ ਦਿੱਤਾ। ਅੰਦੋਲਨ 'ਚ ਸੜਕਾਂ ਤੇ ਮਾਰਚ ਕੀਤੇ ਗਏ।

ਉਚ ਜਾਤਿ -ਹੰਕਾਰੀ ਲਗਾੜਿਆਂ ਨੇ ਕੁੱਟ ਮਾਰ ਕਰਕੇ ਦਲਿਤ- ਪੁਲਾਯਾਨਾਂ ਨੂੰ ਡਰਾਉਣ -ਧਮਕਾਉਣ ਦੀ ਸਕੀਮ ਬਣਾਈ।

ਪਰ ਹੈਂ! ਇਹ ਕੀ?

"ਭੱਜਦਿਆਂ ਨੂੰ ਵਾਹਣ ਇਕੋ ਜਿਹੇ ਕਰ ਦਿੱਤੇ ਗਏ।" ਡਾਂਗ ਦੇ ਬਰਾਬਰ ਡਾਂਗ ਖੜਕੀ ਤੇ ਥੱਪੜਾਂ ਦੇ ਬਰੋਬਰ ਥੱਪੜਾਂ ਦੀ ਬਰਸਾਤ ਹੋਈ।

ਦਲਿਤਾਂ ਤੇ ਪੁਲਾਯਾਨਾਂ ਨੇ ਇਕ ਤਰ੍ਹਾਂ ਨਾਲ ਉਚ ਜਾਤਿ-ਹੰਕਾਰੀ ਲਗਾੜਿਆਂ ਤੇ ਬਦਮਾਸ਼ਾਂ ਖ਼ਿਲਾਫ਼ "ਗ੍ਰਹਿ ਯੁੱਧ" ਸ਼ੁਰੂ ਕਰ ਦਿੱਤਾ।

ਅਨੇਕਾਂ ਦਿਨ ਇਹ "ਗ੍ਰਹਿ ਯੁੱਧ" ਚੱਲਿਆ। ਜਿਸਨੂੰ ਕਿ ਇਤਿਹਾਸ ਵਿਚ "ਚੈਲੀਆਰ ਦੰਗਾ" ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਕਿਉਂਕਿ ਇਹ "ਚੈਲੀਆਰ" ਸੜਕ ਤੇ ਸ਼ੁਰੂ ਹੋਇਆ ਸੀ। ਉਚ ਜਾਤਿ -ਹੰਕਾਰੀ ਜਨਤਾ ਦੀ ਧਰਨ ਟਿਕਾਣੇ ਲਿਆ ਦਿੱਤੀ ਗਈ। 1900 ਈਸਵੀ ਦੇ ਸ਼ੁਰੂ ਹੋਣ ਤੱਕ ਉਸ ਵੇਲੇ ਦੇ ਦੱਖਣੀ ਟਰਾਵਨਕੋਰ ਇਲਾਕੇ ਦੀਆਂ ਲੱਗ-ਭਗ ਸਾਰੀਆਂ ਸੜਕਾਂ ਤੇ ਦਲਿਤਾਂ -ਪੁਲਾਯਾਨਾਂ ਦੇ ਆਉਣ ਜਾਣ ਦਾ ਰਾਹ ਖੁੱਲ੍ਹ ਗਿਆ।

ਸਿਰਫ ਕੁਝ ਮੰਦਰਾਂ ਦੀਆਂ ਮੁੱਖ ਸੜਕਾਂ ਤੇ ਚੜ੍ਹਨ ਦੀ ਹੀ ਬੰਦਿਸ਼ ਬਾਕੀ ਰਹਿ ਗਈ। ਲੜਾਕੂ ਡਾਂਗਧਾਰੀ ਦਲਿਤ ਪੁਲਾਯਾਨ ਯੋਧੇ ਜੇਤੂ ਹੋ ਨਿਬੜੇ। ਉਚ ਜਾਤਿ -ਹੰਕਾਰ ਦੀ ਵੱਡੀ ਹਾਰ ਹੋਈ। ਅਗਲਾ ਮੋਰਚਾ ਪੜ੍ਹਾਈ ਦਾ ਸੀ।

'ਸਰਕਾਰੀ ਸਕੂਲਾਂ 'ਚ ਦਲਿਤ ਪੁਲਾਯਾਨ ਬੱਚਿਆਂ ਨੂੰ ਪੜ੍ਹਨ ਵਾਸਤੇ ਦਾਖਲ ਕਰੋਗੇ ਕਿ ਨਹੀਂ ਕਰੋਗੇ,ਦਸੋ ਸਰਕਾਰ ਜੀ?'

ਆਇਅਨਕੱਲੀ ਤੇ ਉਸਦੀ ਪੁਲਾਯਾਨ ਫੌਜ ਨੇ ਸੁਆਲਾਂ ਦੇ ਗੋਲੇ ਦਾਗ ਦਿਤੇ।

ਜੇ ਸਾਡੇ ਜੁਆਕਾਂ ਨੂੰ ਸਕੂਲਾਂ ਚ ਪੜ੍ਹਨ ਨਹੀਂ ਦੇਣਾ ਤੇ ਅਸੀਂ ਵੀ ਫੇਰ ਕਿਸੇ ਦਲਿਤ ਨੂੰ ਥੋਡੇ ਖੇਤਾਂ ਚੋ ਕੰਮ ਕਰਨ ਨਹੀਂ ਭੇਜਣਾ।

ਜੇ ਕੋਈ ਦਲਿਤ ਪੁਲਾਯਾਨ ਉਚ ਜਾਤਿ ਮਾਲਕਾਂ ਨਾਲ ਨਿੱਜੀ ਯਾਰੀ ਦੋਸਤੀ ਲਿਹਾਜ਼ ਨੂੰ ਪੁਗਾਊਗਾ ਤੇ ਖੇਤਾਂ ਚ ਕੰਮ ਤੇ ਜਾਊਗਾ ਤਾਂ ਆਇਅਨਕੱਲੀ ਤੇ ਉਸਦੀ "ਆਇਅਨਕੱਲੀ ਆਰਮੀ" ਦੇਖੂਗੀ।

ਹੱਥ ਵੀ ਫੇਰ ਸਕਦੀ ਹੈ।

ਦੇਖਲੋ,

ਸੋਚਲੋ!!

1 ਮਾਰਚ,1910 ਨੂੰ ਮੋਰਚਾ ਜੇਤੂ, ਤੇ ਦਲਿਤਾਂ ਪੁਲਾਯਾਨਾਂ ਦੇ ਬੱਚਿਆਂ ਦੇ ਸਰਕਾਰੀ ਸਕੂਲਾਂ ਚ ਦਾਖਲੇ ਸ਼ੁਰੂ। ਖੜਕਾ ਦੜਕਾ ਫੇਰ ਕੰਮ ਆਇਆ। ਆਇਅਨਕੱਲੀ ਜੀ ਦੀ ਅਗਵਾਈ ਵਿੱਚ ਦਲਿਤਾਂ ਪੁਲਾਯਾਨਾਂ ਨੇ ਆਪਣੇ ਪ੍ਰਬੰਧਨ ਹੇਠਲਾ ਇਕ ਸਕੂਲ ਚਾਲੂ ਕੀਤਾ।

ਪਰ ਉਚ ਜਾਤਿ -ਹੰਕਾਰੀਆਂ ਨੇ ਉਸਨੂੰ ਅੱਗ ਲਗਾ ਕੇ ਸਾੜ ਦਿੱਤਾ। ਲੜਾਈਆਂ ਹੋਈਆਂ, ਡਾਂਗਾਂ ਚੱਲੀਆਂ। ਸੱਟਾਂ ਉਹਨਾਂ ਦੇ ਮਾਰੀਆਂ, ਆਪਣੇ ਵੀ ਵੱਜੀਆਂ। ਅਜੇ ਸਰਕਾਰੀ ਸਕੂਲਾਂ ਦੇ ਉਚ- ਜਾਤਿ ਹੈਡਮਾਸਟਰ ਪੁਲਾਯਾਨ ਦਲਿਤ ਬੱਚਿਆਂ ਨੂੰ ਦਾਖਲੇ ਵੇਲੇ ਟੰਗ ਅੜਾਉਂਦੇ ਸਨ। ਆਇਅਨਕੱਲੀ ਤੇ ਉਸਦੇ ਪੁਲਾਯਾਨ ਲੜਾਕਿਆਂ ਨੇ ਫੇਰ ਉਹਨਾਂ ਨੂੰ ਪਹਿਲਾਂ ਪਿਆਰ ਨਾਲ ਸਮਝਾਇਆ। ਮੌਰਾਂ ਨੂੰ ਸੇਕ ਵੀ ਦਿੱਤਾ ਜਿੱਥੇ ਕਿਤੇ ਲੋੜ ਪਈ।

ਛਿਤਰ ਪੌਲੇ ਨੇ ਉਚ ਜਾਤਿ -ਹੰਕਾਰ ਦੀ ਧੌਣ ਤੇ ਗੋਡਾ ਰੱਖੀ ਰੱਖਿਆ। ਆਧੁਨਿਕ ਭਾਰਤੀ ਇਤਿਹਾਸ 'ਚ ਸ਼ਾਇਦ ਪਹਿਲੀ "ਖੇਤ ਮਜ਼ਦੂਰਾਂ ਦੀ ਹੜਤਾਲ" ਨੇ ਸਰਕਾਰੀ ਤੰਤਰ ਹਿਲਾ ਦਿੱਤਾ।

ਸਰਕਾਰੀ ਜਾਂਚ ਕਮਿਸ਼ਨ ਨੇ ਦਲਿਤਾਂ ਪੁਲਾਯਾਨਾਂ ਦੇ ਪੱਖ ਨੂੰ ਸਹੀ ਕਿਹਾ। ਆਇਅਨਕੱਲੀ ਜੀ ਦਾ ਪੜ੍ਹਾਈ ਲਿਖਾਈ ਨਾਲ ਜੁੜਿਆ ਮੋਰਚਾ ਸੰਪੂਰਨ ਰੂਪ 'ਚ ਫਤਹਿ ਹੋਇਆ। ਸਿਰਫ ਦਸਾਂ ਸਾਲਾਂ ਚ ਹੀ ਵੱਡੀ ਗਿਣਤੀ 'ਚ ਦਲਿਤ ਪੁਲਾਯਾਨ ਪੜ੍ਹਾਈ ਲਿਖਾਈ ਚ ਛਾਉਣੀ ਲੱਗੇ।

ਇਸ ਤੋਂ ਵੀ 'ਗਾਹਾਂ ਤੁਰਦਿਆਂ ਆਇਅਨਕੱਲੀ ਨੇ ਕੰਮ ਦਾ ਹਫ਼ਤਾ ਛੇ ਦਿਨ ਕਰਨ ਤੇ ਇਕ ਦਿਨ ਦੀ ਛੁੱਟੀ ਦੀ ਮੰਗ ਉਠਾ ਦਿੱਤੀ,ਕਿ ਦਲਿਤ ਮਜ਼ਦੂਰ ਹੁਣ ਇਕ ਦਿਨ ਦੀ ਛੁੱਟੀ ਕਰਿਆ ਕਰਨਗੇ। ਉਹਨਾਂ ਦੁਆਰਾ ਉਠਾਏ ਗਏ ਅਜਿਹੇ ਅਹਿਮ ਮਸਲੇ ਬਾਅਦ ਵਿਚ ਸੰਸਾਰ ਭਰ ਵਿੱਚ ਮਜ਼ਦੂਰ ਸੰਘਰਸ਼ਾਂ ਵਿਚ ਅਹਿਮ ਮੰਗਾਂ ਮਸਲਿਆਂ ਵਜੋਂ ਵੀ ਉਭਰੇ।

ਇਸ ਪ੍ਰਕਾਰ ਲੜਾਕੂ ਛੈਲ ਛਬੀਲੇ ਨੌਜਵਾਨ ਗੱਭਰੂ "ਕਾਪੇ ਆਲੇ ਅੰਬੇਦਕਰ" ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਭਾਰਤੀ ਰਾਜਨੀਤਿਕ ਪਰਿਦ੍ਰਿਸ਼ 'ਚ ਆਉਣ ਤੋਂ ਵੀਹ ਪੱਚੀ ਸਾਲ ਪਹਿਲਾਂ ਹੀ ਦੱਖਣੀ ਭਾਰਤ 'ਚ ਦਲਿਤ ਮੁਕਤੀ ਦਾ ਝੰਡਾ ਗੱਡ ਦਿੱਤਾ।

ਅੱਜ ਲੋੜ ਹੈ "ਕਲਮ ਵਾਲੇ ਅੰਬੇਦਕਰ" ਦੇ ਨਾਲ ਨਾਲ "ਕਾਪੇ ਵਾਲੇ ਅੰਬੇਦਕਰ" ਨੂੰ ਯਾਦ ਕਰਨ ਦੀ, ਉਸਦੇ ਪਾਏ ਪੂਰਨਿਆਂ ਤੇ ਚੱਲਣ ਦੀ ਤੇ ਗਾਹਾਂ ਬੰਦੂਕਾਂ ਵਾਲੇ ਅੰਬੇਦਕਰ, ਹਲਾਂ ਵਾਲੇ ਅੰਬੇਦਕਰ, ਟਰੈਕਟਰ ਵਾਲੇ ਅੰਬੇਦਕਰ, ਪੱਗਾਂ ਵਾਲੇ ਅੰਬੇਦਕਰ ਲੱਭ ਕੇ ਸੰਗਤਾਂ ਨੂੰ ਉਹਨਾਂ ਬਾਰੇ ਜਾਗਰੂਕ ਕਰਨ ਦੀ।

ਪੰਜਾਬੀ ਮਜ਼ਹਬੀ, ਰਵਿਦਾਸੀਆ, ਵਾਲਮੀਕਿ ਸਿੰਘੋ ਵੀਰੋ /ਭੈਣੋ ਆਪਣੇ ਉਪਰ ਹੁੰਦੇ ਜ਼ੁਲਮਾਂ ਦਾ ਜੁਆਬ ਦੇਣ ਵੇਲੇ ਕਾਪੇ ਵਾਲੇ ਅੰਬੇ-ਦਕਰ ਦਾ ਧਿਆਨ ਧਰੋ ਜੀ।

( ਡਾਕਟਰ ਹਰ ਗੁਰਪ੍ਰਤਾਪ ਸਿੰਘ ਦੀਪ ਦੀ ਲਿਖਤ 'ਦਲਿਤਾਂ ਵਿਚ ਖੁਦਕੁਸ਼ੀ ਦਾ ਰੁਝਾਨ ਲੇਖਾ- ਜੋਖਾ') ਕਿਤਾਬ ਦਾ ਇਕ ਕਾਂਡ।

**ਪੇਸ਼ਕਸ਼: ਲਾਲ ਸਿੰਘ ਸੁਲਹਾਣੀ**



ਲਾਲ ਸਿੰਘ ਸੁਲਹਾਣੀ
91-98721-55120

# ਵੱਡਾ ਘੱਲੂਘਾਰਾ; ਆਓ ਤਾਰੀਖਾਂ ਦੀ ਸਮੱਸਿਆ ਨੂੰ ਸਮਝੀਏ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖ਼ੂਨੀ ਕਾਂਡ, ਜਿਸ ਨੂੰ 'ਵੱਡਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਕੁੱਪ ਰਹੀੜੇ ਦੇ ਜੰਗਲ ਵਿੱਚ 27 ਮਾਘ ਸੰਮਤ 1818 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਵਾਪਰਿਆ ਸੀ। ਪੰਜਾਬ ਉੱਪਰ ਅੰਗਰੇਜਾਂ ਦਾ ਕਬਜਾ ਹੋਣ ਤੋਂ ਪਿਛੋਂ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਸ ਦਿਹਾੜੇ ਦੀ ਤਾਰੀਖ 5 ਫਰਵਰੀ 1762 ਈ: (ਗਰੈਗੋਰੀਅਨ) ਲਿਖੀ ਗਈ। ਇਹ ਹੀ ਕਾਰਨ ਹੈ ਕਿ ਸੋਸ਼ਲ ਮੀਡੀਏ ਉੱਪਰ 5 ਫਰਵਰੀ ਨੂੰ ਬਹੁਤ ਸੱਜਣਾਂ ਵੱਲੋਂ ਪੋਸਟਾਂ ਪਾ ਕੇ ਵੱਡੇ ਘੱਲੂਘਾਰੇ ਦੇ ਇਤਿਹਾਸ ਨੂੰ ਯਾਦ ਕੀਤਾ ਗਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿੱਚ ਇਹ ਦਿਹਾੜਾ 27 ਮਾਘ (9 ਫਰਵਰੀ) ਦਾ ਦਰਜ ਹੈ। ਕਈ ਸੱਜਣਾਂ ਵੱਲੋਂ ਇਹ ਸਵਾਲ ਕੀਤਾ ਗਿਆ ਹੈ ਕਿ ਇਸ ਦਿਹਾੜੇ ਦੀ ਅਸਲ ਤਾਰੀਖ ਕਿਹੜੀ ਹੈ?

ਮਹਾਨ ਕੋਸ਼ ਵਿੱਚ ਇਸ ਦਿਹਾੜੇ ਦੀ ਤਾਰੀਖ (ਪ੍ਰਵਿਸ਼ਟਾ) 28 ਮਾਘ ਸੰਮਤ 1818 ਬਿ: ਦਰਜ ਹੈ। ਇਸ ਮੁਤਾਬਕ ਇਹ 6 ਫਰਵਰੀ 1762 ਈ: ਬਣਦੀ ਹੈ। ਪੰਜਾਬੀ ਵਿਸ਼ਵ ਕੋਸ਼ ਵਿੱਚ ਇਹ ਤਾਰੀਖ 2 ਫਰਵਰੀ 1762 ਈ: (28 ਮਾਘ ਸੰਮਤ 1818) ਦਰਜ ਹੈ। (punjaibpeida.org) ਇਹ ਤਾਰੀਖ ਸਹੀ ਨਹੀਂ ਹੈ ਅੰਗਰੇਜੀ ਤਾਰੀਖ ਵਿੱਚ ਬਦਲੀ ਕਰਨੇ ਵੇਲੇ ਹੋਈ ਉਕਾਈ ਸਾਫ ਨਜ਼ਰ ਆਉਂਦੀ ਹੈ। ਡਾ ਸੁਖਦਿਆਲ ਸਿੰਘ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਨੇ 5 ਫਰਵਰੀ 1762 ਈ: ਲਿਖੀ ਹੈ। ਇਸ ਮੁਤਾਬਕ ਇਹ 27 ਮਾਘ ਸੰਮਤ 1818 ਬਿਕ੍ਰਮੀ ਹੀ ਬਣਦੀ ਹੈ। ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੀ ਕਮੇਟੀ ਨੇ ਵੀ 27 ਮਾਘ ਨੂੰ ਹੀ ਮੁੱਖ ਰੱਖਿਆ ਹੈ।

27 ਮਾਘ ਬਿਕ੍ਰਮੀ ਕੈਲੰਡਰ ਦਾ ਪ੍ਰਵਿਸ਼ਟਾ ਹੈ। ਜਿਸ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। 1964 ਈ: ਵਿੱਚ ਇਸ ਕੈਲੰਡਰ ਵਿੱਚ ਕੀਤੀ ਗਈ ਸੋਧ ਮੁਤਾਬਕ ਹੁਣ ਇਸ ਦੇ ਸਾਲ ਦੀ ਲੰਬਾਈ 365.2563 ਦਿਨ (ਦ੍ਰਿਕ ਗਿਣਤ ਸਿਧਾਂਤ) ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੈਲੰਡਰ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਹੀ ਛਾਪਿਆ ਜਾਂਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਗੁਰੂ ਕਾਲ ਵਾਲੇ ਕੈਲੰਡਰ ਨੂੰ ਛੱਡ ਚੁੱਕੀ ਹੈ। 5 ਫਰਵਰੀ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। 27 ਮਾਘ ਸੰਮਤ 1818 ਬਿਕ੍ਰਮੀ ਵਾਲੇ ਦਿਨ ਗਰੈਗੋਰੀਅਨ ਕੈਲੰਡਰ ਦੀ 5 ਫਰਵਰੀ ਸੀ। ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਇਸ ਸਾਲ (2024 ਈ:, ਸੰਮਤ 2080 ਬਿਕ੍ਰਮੀ) 27 ਮਾਘ ਨੂੰ 9 ਫਰਵਰੀ ਹੈ। ਜੇ ਇਹ ਕੈਲੰਡਰ ਇਸੇ ਤਰ੍ਹਾਂ ਹੀ ਚਲਦਾ ਰਹੇ ਤਾਂ 3000 ਈ: ਵਿੱਚ 27 ਮਾਘ ਨੂੰ 23 ਫਰਵਰੀ ਜਾਂ 5 ਫਰਵਰੀ ਨੂੰ 9 ਮਾਘ ਹੋਵੇਗੀ। ਉਸ ਵੇਲੇ ਇਹ ਦਿਹਾੜਾ ਕਿਹੜੀ ਤਾਰੀਖ ਜਾਂ ਕਿਹੜੇ ਪ੍ਰਵਿਸ਼ਟੇ ਨੂੰ ਮਨਾਇਆ ਜਾਵੇਗਾ? ਹੁਣ ਸਵਾਲ ਇਹ ਹੈ ਕਿ, ਕੀ ਅਸੀਂ ਇਹ ਦਿਹਾੜਾ ਆਪਣੇ ਖਿਤੇ ਵਿੱਚ ਪ੍ਰਚੱਲਤ ਉਸ ਵੇਲੇ ਦੇ ਕੈਲੰਡਰ ਮੁਤਾਬਕ ਅਸਲ ਪ੍ਰਵਿਸ਼ਟੇ ਭਾਵ 27 ਮਾਘ ਨੂੰ ਮਨਾਉਣਾ ਹੈ ਜਾਂ ਵਿਦੇਸ਼ੀ ਕੈਲੰਡਰ ਮੁਤਾਬਕ 5 ਫਰਵਰੀ ਨੂੰ? ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਇਤਿਹਾਸ ਦਿਹਾੜਿਆਂ ਦੀਆਂ ਤਾਰੀਖਾਂ ਤਿੰਨ ਕੈਲੰਡਰਾਂ ਮੁਤਾਬਕ ਨਿਰਧਾਰਤ ਕਰਕੇ, ਪ੍ਰਵਿਸ਼ਟਿਆਂ ਵਿੱਚ ਦਰਜ ਕੀਤੀਆਂ ਜਾਂਦੀਆਂ। ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 354.37 ਦਿਨ), ਕੁਝ ਦਿਹਾੜੇ ਸੂਰਜੀ ਬਿਕ੍ਰਮੀ ਕੈਲੰਡਰ ਅਨੁਸਾਰ (ਸਾਲ ਦੀ ਲੰਬਾਈ 365.2587 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ, 2 ਸਤੰਬਰ 1752 ਈ: ਤੋਂ ਪਹਿਲਾ 365.25 ਦਿਨ ਅਤੇ 14 ਸਤੰਬਰ 1752 ਈ: ਤੋਂ ਪਿਛੋਂ 365.2425 ਦਿਨ)। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਇਸ ਸਮੱਸਿਆ ਦਾ ਹੱਲ ਹੈ ਨਾਨਕਸ਼ਾਹੀ ਕੈਲੰਡਰ। ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ ਸਾਰੇ ਦਿਹਾੜਿਆਂ ਦੇ ਅਸਲ ਪ੍ਰਵਿਸ਼ਟਿਆਂ ਨੂੰ ਹੀ ਮੁੱਖ ਰੱਖਿਆ ਗਿਆ। ਸਾਲ ਦੀ ਲੰਬਾਈ, ਪ੍ਰਚੱਲਤ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ (365.2563 ਦਿਨ) ਨੂੰ ਸੋਧ ਕੇ, ਕੁਦਰਤ ਦੇ ਨਿਯਮ ਮੁਤਾਬਕ, ਧਰਤੀ ਵੱਲੋਂ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਨ ਦੇ ਅਸਲ ਸਮੇਂਮੁਤਾਬਕ 3652425 ਦਿਨ ਰੱਖੀ ਗਈ ਹੈ। ਸਾਲ ਦੀ ਲੰਬਾਈ ਦੇ ਅੰਤਰ ਕਾਰਨ, ਦੁਨੀਆ ਦੇ ਸਾਂਝੇ ਕੈਲੰਡਰ ਦੀਆਂ ਤਾਰੀਖਾਂ ਨਾਲ, ਅੱਗੋਂ ਤੋਂ ਇਨ੍ਹਾਂ ਵਿੱਚ ਫਰਕ ਨਹੀਂ ਵੱਧੇਗਾ। ਨਾਨਕਸ਼ਾਹੀ ਕੈਲੰਡਰ ਵਿੱਚ ਵੱਡੇ ਘੱਲੂਘਾਰੇ ਦਾ ਅਸਲ ਪ੍ਰਵਿਸ਼ਟਾ, 27 ਮਾਘ ਹੀ ਦਰਜ ਹੈ। ਇਸ ਦਿਨ ਦੁਨੀਆ ਦੇ ਸਾਂਝੇ ਕੈਲੰਡਰ ਦੀ 8 ਫਰਵਰੀ ਹੁੰਦੀ ਹੈ। ਸੰਮਤ 1532 ਨਾਨਕਸ਼ਾਹੀ (3000 ਈ:) ਵਿੱਚ ਵੀ 27 ਮਾਘ ਵਾਲੇ ਦਿਨ 8 ਫਰਵਰੀ ਹੀ ਹੋਵੇਗੀ। ਜਦੋਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਮੁਤਾਬਕ 3000 ਈ: ਵਿੱਚ 27 ਮਾਘ ਵਾਲੇ ਦਿਨ 23 ਫਰਵਰੀ ਹੋਵੇਗੀ।

**ਜਨਵਰੀ-24 — ਮਾਘ — ਫਰਵਰੀ-24**

| | | | | | | |
|---|---|---|---|---|---|---|
| ੧ 14 ਜਨਵਰੀ | ੨ 15 ਜਨਵਰੀ | ੩ 16 ਜਨਵਰੀ | ੪ 17 ਜਨਵਰੀ | ੫ 18 ਜਨਵਰੀ | ੬ 19 ਜਨਵਰੀ | ੭ 20 ਜਨਵਰੀ |
| ੮ 21 ਜਨਵਰੀ | ੯ 22 ਜਨਵਰੀ | ੧੦ 23 ਜਨਵਰੀ | ੧੧ 24 ਜਨਵਰੀ | ੧੨ 25 ਜਨਵਰੀ | ੧੩ 26 ਜਨਵਰੀ | ੧੪ 27 ਜਨਵਰੀ |
| ੧੫ 28 ਜਨਵਰੀ | ੧੬ 29 ਜਨਵਰੀ | ੧੭ 30 ਜਨਵਰੀ | ੧੮ 31 ਜਨਵਰੀ | ੧੯ 1 ਫਰਵਰੀ | ੨੦ 2 ਫਰਵਰੀ | ੨੧ 3 ਫਰਵਰੀ |
| ੨੨ 4 ਫਰਵਰੀ | ੨੩ 5 ਫਰਵਰੀ | ੨੪ 6 ਫਰਵਰੀ | ੨੫ 7 ਫਰਵਰੀ | ੨੬ 8 ਫਰਵਰੀ | ੨੭ 9 ਫਰਵਰੀ | ੨੮ 10 ਫਰਵਰੀ |
| ੨੯ 11 ਫਰਵਰੀ | ੩੦ 12 ਫਰਵਰੀ | | | | | |

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਰਤੀ ਮੂਲ ਨਿਵਾਸੀਆਂ ਦੀ ਬੀਰਤਾ ਦਾ ਨਾਮ "ਚੌਰੀ-ਚੌਰਾ"



ਹਰਦੀਪ ਸਿੰਘ ਚੁੰਬਰ
91-94636-01616

ਭਾਰਤ ਵਿੱਚ ਬਹੁਤ ਮੁਸ਼ਕਿਲ ਦੇ ਨਾਲ ਵੀ ਅਜਿਹੀ ਉਧਾਰਨ ਨਹੀਂ ਲੱਭੇਗੀ ਜਦੋਂ ਕਿ ਭਾਰਤੀ ਅਦਾਲਤ ਨੇ ਅਜ਼ਾਦੀ ਦੇ ਲਈ ਸੰਘਰਸ਼ ਕਰਨ ਵਾਲਿਆਂ ਨੂੰ ਇਕੋ ਸਮੇਂ 170 ਲੋਕਾਂ ਨੂੰ ਮੌਤ ਦੀ ਸਜਾ ਸੁਣਾ ਦਿੱਤੀ ਹੋਵੇ। ਇਹ ਘਟਨਾ ਉਤਰ ਪ੍ਰਦੇਸ਼ ਦੇ ਗੋਰਖਪੁਰ ਜਿਲ੍ਹੇ ਨਾਲ ਸਬੰਧਿਤ ਹੈ। ਅਜਿਹੀ ਉਦਾਹਰਨ ਨਹੀਂ ਲੱਭੇਗੀ ਜਦੋਂ ਕਿ ਭਾਰਤੀ ਅਦਾਲਤ ਨੇ ਅਜ਼ਾਦੀ ਦੇ ਲਈ ਸੰਘਰਸ਼ ਕਰਨ ਵਾਲਿਆਂ ਨੂੰ ਇਕੋ ਸਮੇਂ 170 ਲੋਕਾਂ ਨੂੰ ਮੌਤ ਦੀ ਸਜਾ ਸੁਣਾ ਦਿੱਤੀ ਹੋਵੇ, ਨਾ-ਮਿਲਵਰਤਨ ਅੰਦੋਲਨ ਦੇ ਭਾਗੀਦਾਰਾਂ ਦੀ ਪੁਲਿਸ ਨਾਲ ਝੜਪ ਹੋਈ ਜਿਸ ਦੇ ਨਤੀਜੇ ਵਜੋਂ (United Proivnces) ਸੰਯੁਕਤ ਰਾਜ (ਅਜੋਕੇ ਉੱਤਰ ਪ੍ਰਦੇਸ) ਦੇ ਗੋਰਖਪੁਰ ਜ਼ਿਲ੍ਹੇ ਦੇ ਚੌਰੀ ਚੌਰਾ ਥਾਣੇ ਦੇ ਅੰਦਰ ਲਗਭਗ 22 ਪੁਲਿਸ ਵਾਲੇ ਜਿੰਦਾ ਜਲਾ ਕੇ ਮਾਰ ਦਿੱਤੇ ਗਏ ਸਨ ਅਤੇ ਉਸ ਸਮੇਂ 3 ਹੋਰ ਨਾਗਰਿਕ ਵੀ ਮਾਰੇ ਗਏ ਸਨ।

ਚੌਰੀ ਚੌਰਾ ਮਾਮਲੇ ਦੇ ਸੰਬੰਧ ਵਿਚ "ਦੰਗੇ ਅਤੇ ਅੱਗ ਲਾਉਣ" ਦੇ ਦੋਸ਼ ਵਿਚ ਚਾਰਜ ਲਾਇਆ, 225 ਗ੍ਰਿਫਤਾਰ ਕੀਤੇ ਗਏ। ਇਹਨਾਂ ਵਿੱਚੋਂ 6 ਦੀ ਪੁਲਿਸ ਹਿਰਾਸਤ ਦੌਰਾਨ ਮੌਤ ਹੋ ਗਈ, ਦੋ ਨੂੰ 2 ਸਾਲ ਦੀ ਸਜ਼ਾ ਸੁਣਾਈ ਗਈ, 170 ਨੂੰ ਦੋਸ਼ੀ ਠਹਿਰਾਇਆ ਗਿਆ ਭਾਰਤ ਦੇ ਮੂਲ ਨਿਵਾਸੀ ਹਜ਼ਾਰਾਂ ਸਾਲਾਂ ਤੋਂ ਆਪਣੇ ਹੀ ਦੇਸ਼ ਵਿੱਚ ਗੁਲਾਮ ਅਤੇ ਅਛੂਤ ਬਣਾਏ ਲੋਕਾਂ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਬਦੌਲਤ 26 ਜਨਵਰੀ 1950 ਨੂੰ ਨਵੇਂ ਬਣੇ ਸੰਵਿਧਾਨ ਦੇ ਕਾਨੂੰਨਾਂ ਦੇ ਅਨੁਸਾਰ ਸਮਾਨਤਾ ਦੇ ਦਿੱਤੀ ਗਈ ਸੀ। ਪਰ ਹਕੀਕਤ ਵਿੱਚ ਉਹਨਾਂ ਦੀ ਜੀਵਨ ਵਿੱਚ ਸਮਾਜਿਕ, ਆਰਥਿਕ ਸਮਾਨਤਾ ਦਿਖਾਈ ਨਹੀਂ ਦੇ ਰਹੀ। ਐਸਸੀ ਐਸਟੀ ਜਾਤੀ ਪ੍ਰਮਾਣ ਪੱਤਰ ਦੀ ਬਦੌਲਤ ਕਿਸੇ ਪਾਰਟੀ ਦੇ ਵਿੱਚ ਵਿਧਾਇਕ ਮੰਤਰੀ ਅਤੇ ਰਾਸ਼ਟਰਪਤੀ ਤੱਕ ਬਣ ਜਾਂਦੇ ਰਹੇ ਹਨ ਪਰ ਉਹ ਸਾਰੇ ਔਹਦੇ ਉਹਨਾਂ ਦੇ ਲਈ ਸ਼ਕਤੀ ਰਹਿਤ ਹੀ ਰਹਿੰਦੇ ਹਨ। ਅਜ਼ਾਦੀ ਦੇ 76 ਸਾਲਾ ਬਾਅਦ ਵੀ ਸਮਾਨਤਾ ਦੇ ਅਧਿਕਾਰ ਲਈ ਅੱਜ ਵੀ ਲੜਾਈ ਲੜ ਰਹੇ ਹਨ।

ਭਾਰਤ ਦੇ ਮੂਲ ਨਿਵਾਸੀ ਸਮਾਜ ਦੀਆਂ ਕੁਰਬਾਨੀਆਂ ਦੀਆਂ ਗੌਰਵ ਗਾਥਾਵਾਂ ਦਾ ਬਹੁਤ ਵੱਡਾ ਇਤਿਹਾਸ ਹੈ। ਲੇਕਿਨ ਸੱਤਾਧਾਰੀ ਲੋਕਾਂ ਨੇ ਉਸ ਨੂੰ ਹਮੇਸ਼ਾ ਦਬਾਉਂਦਾ ਆ ਰਿਹਾ ਹੈ।

ਬਹੁਤ ਸਾਰੇ ਲੋਕ ਬਚਪਨ ਵਿੱਚ ਦਾਦੀਆਂ ਨਾਨੀਆਂ ਕੋਲੋਂ ਰਾਜਿਆਂ ਰਾਣੀਆਂ ਰਾਜ ਕੁਮਾਰਾਂ ਪਰੀ ਕਥਾਵਾਂ ਆਦਿ ਦੀਆਂ ਕਹਾਣੀਆਂ ਸੁਣਕੇ ਵੱਡੇ ਹੋਏ ਹਨ। ਉਹ ਬਜ਼ੁਰਗ ਔਰਤਾਂ ਨੇ ਵੀ ਬਚਪਨ ਵਿੱਚ ਉਹ ਹੀ ਕਹਾਣੀਆਂ ਸੁਣੀਆਂ ਹੁੰਦੀਆਂ ਸਨ। ਭਾਰਤ ਦੀ ਮੂਲਨਿਵਾਸੀ ਸਭਿਅਤਾ ਸੰਸਾਰ ਦੇ ਸਾਰਿਆ ਖਿਤਿਆਂ ਵਿੱਚ ਵਸਦੀਆਂ ਸਭਿਅਤਾਵਾਂ ਨਾਲੋਂ ਅਮੀਰ ਰਹੀ ਹੈ। ਜਿਸ ਤਰਾਂ ਅੱਜ ਭਾਰਤੀ ਲੋਕ ਅਮਰੀਕਾ, ਕੈਨੇਡਾ, ਇੰਗਲੈਂਡ ਜਾ ਹੋਰ ਵਿਕਸਿਤ ਦੇਸ਼ਾਂ ਵੱਲ ਨੂੰ ਰੁੱਖ ਕਰਦੇ ਹਨ, ਹਜ਼ਾਰਾਂ ਸਾਲ ਪਹਿਲਾਂ ਸੰਸਾਰ ਦੇ ਬਾਕੀ ਦੇਸ਼ਾਂ ਦੇ ਲਈ ਵਿਕਾਸ ਅਤੇ ਰੋਜ਼ਗਾਰ ਦੇ ਸਾਧਨਾਂ ਅਤੇ ਸੰਸਾਧਨਾਂ ਦੇ ਕਾਰਨ ਭਾਰਤ ਖਿੱਚ ਦਾ ਕੇਂਦਰ ਰਿਹਾ ਹੈ। ਬ੍ਰਾਹਮਣਵਾਦੀ ਵਿਵਸਥਾ ਦੇ ਕਾਰਨ ਭਾਰਤ ਦੇ ਮੂਲ ਨਿਵਾਸੀ ਲੋਕਾਂ ਨੂੰ ਉਹਨਾਂ ਦੇ ਆਪਣੇ ਦੇ ਦੇਸ਼ ਵਿੱਚ ਸਾਧਨਾਂ ਸੰਸਾਧਨਾਂ ਤੋਂ ਬੇਦਖ਼ਲ ਕਰ ਦਿੱਤਾ ਅਤੇ ਜਿਹੋ ਜਿਹਾ ਵੀ ਉਹਨਾਂ ਦੇ ਇਤਿਹਾਸ, ਗਿਆਨ, ਵਿਗਿਆਨ ਜਾ ਹੋਰ ਕੁਝ ਸੀ ਉਸ ਨੂੰ ਬ੍ਰਾਹਮਣਵਾਦ ਨੇ ਖ਼ੁਦ ਖਤਮ ਕੀਤਾ ਅਤੇ ਹੋਰ ਵਿਦੇਸ਼ੀ ਹਮਲਾਵਰਾਂ ਤੋਂ ਖਤਮ ਕਰਵਾ ਦਿੱਤਾ। ਦਲਿਤ ਸਮਾਜ ਵਿੱਚ ਕੋਈ ਲਿਖਿਤ ਇਹੋ ਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਕਥਾਵਾਂ ਹਜ਼ਾਰਾਂ ਸਾਲਾਂ ਤੋਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੀਆਂ ਰਹੀਆਂ ਹਨ। 2022 ਵਿੱਚ ਉੱਤਰ ਪ੍ਰਦੇਸ ਸਰਕਾਰ ਨੇ ਗੋਰਖਪੁਰ ਵਿੱਚ 'ਚੌਰੀ ਚੌਰਾ ਸ਼ਹੀਦ ਯਾਦਗਾਰ' ਨੂੰ ਵਿਰਾਸਤੀ ਸੈਰ ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ' ਚੌਰੀ ਚੌਰਾ ਸ਼ਹੀਦ ਯਾਦਗਾਰ 'ਨੂੰ ਵਿਰਾਸਤੀ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਹੈ। ਚੌਰੀ ਚੌਰਾ ਦੇ ਸਬੰਧ ਵਿੱਚ ਕੇਂਦਰ ਵਿੱਚ ਕਾਂਗਰਸ ਜਨਤਾ ਦਲ ਅਤੇ ਰਾਜ ਦੀ ਪੁਰਾਣੀ ਬੀਜੇਪੀ ਸਰਕਾਰਾਂ ਦੇ ਸਮੇਂ ਵਿੱਚ ਲੰਮਾ ਸਮਾਂ ਬੇਰੁਖੀ ਅਤੇ ਅਣਦੇਖੀ ਦਾ ਸ਼ਿਕਾਰ ਬਣੀ ਰਹੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1982 ਵਿੱਚ ਘਟਨਾ ਦੇ 60 ਸਾਲ ਤਕ ਬੀਤ ਜਾਣ ਬਾਅਦ ਚੌਰੀ ਚੌਰਾ ਦੇ ਸ਼ਹੀਦਾਂ ਦਾ ਯਾਦ ਵਿੱਚ ਸਮਾਰਕ ਦਾ ਨੀਂਹ ਪੱਥਰ ਰਖਿਆ। ਇਹ ਦੇਰੀ ਐਸਸੀ ਸਮਾਜ ਦੇ ਮਨ ਵਿੱਚ ਇਸ ਗਲ ਦਾ ਕਿਤੇ ਨਾ ਕਿਤੇ ਦਰਦ ਦਾ ਕਰਨ ਜਰੂਰ ਬਣਿਆ ਰਹਿੰਦਾ ਹੈ। ਜਦੋਂ ਕਿ ਤਤਕਾਲੀਨ ਅੰਗਰੇਜ ਸਰਕਾਰ ਨੇ ਪੁਲਿਸ ਕਰਮੀਂਆਂ ਦੀ ਸ਼ਹੀਦੀ ਸਮਾਰਕ 1923 ਵਿੱਚ ਹੀ ਬਣਾ ਦਿੱਤਾ ਸੀ।

ਭਾਰਤ ਵਿੱਚ ਅੰਗਰੇਜਾਂ ਦਾ ਆਉਣ ਤੋਂ ਪਹਿਲਾਂ ਅਤੇ ਮੌਰੀਆ ਰਾਜ ਦੇ ਬਾਅਦ ਹਿੰਦੂਆਂ ਦੇ ਸਿੱਧੇ ਸ਼ਾਸਨ ਅਤੇ ਮੁਸਲਿਮ ਜਾਂ ਹੋਰ ਸ਼ਾਸਕਾਂ ਦੇ ਸ਼ਾਸਨ ਦੌਰਾਨ ਅਸਿੱਧੇ ਤੌਰ ਤੇ ਅਛੂਤ ਲੋਕਾਂ ਨੂੰ ਉਹਨਾਂ ਦੇ ਹੀ ਦੇਸ਼ ਦੇ ਵਿੱਚ ਗੁਲਾਮ ਅਛੂਤ, ਗੁਲਾਮਾਂ ਤੋਂ ਵੀ ਭੈੜੀ ਹਾਲ ਵਿੱਚ ਰਖੇ ਉਹ ਦੇ ਸਾਰੇ ਜੀਵਨ ਵਸੀਲੇ ਅਤੇ ਵਿਕਾਸ ਦੇ ਸਾਧਨ ਖੋਹ ਲਏ ਸਨ। ਉਹਨਾਂ ਨੂੰ ਸਿੱਖਿਆ, ਕਿਸੇ ਕਿਸਮ ਦਾ ਧਨ ਅਤੇ ਹਥਿਆਰ ਰੱਖਣ ਉੱਤੇ ਪਾਬੰਦੀ ਸੀ, ਉਲੰਘਣਾ ਕਰਨ ਉੱਤੇ ਮੌਤ ਦੀ ਸਜਾ ਜਾ ਸਰੀਰ ਦਾ ਕੋਈ ਅੰਗ ਕੱਟ ਦੇਣ ਵਰਗੀਆਂ ਸਜਾਵਾਂ ਸਨ। ਉਹਨਾਂ ਦੇ ਲਈ ਹਜ਼ਾਰਾਂ ਸਾਲਾਂ ਵਿਕਾਸ ਕਰਨ ਉੱਤੇ ਰੋਕ ਲਾਗਾ ਕੇ ਰੱਖੀ ਗਈ ਸੀ।

ਝੂਠ ਦੇ ਢੇਰ ਦਾ ਪੁਲੰਦਾ ਫੈਲਾਉਣ ਵਾਲੇ ਵਿਦੇਸ਼ਾਂ ਤੋਂ ਆ ਭਾਰਤ ਉੱਤੇ ਕਬਜ਼ਾ ਕਰਨ ਵਾਲੇ ਲੋਕ ਜਿਹੜੇ ਭਾਰਤ ਨੂੰ ਵਿਸ਼ਵ ਗੁਰੂ ਦਾ ਖਿਤਾਬ ਦਿੰਦੇ ਹਨ, ਉਹਨਾਂ ਦੇ ਸ਼ਾਸਨ ਕਾਲ ਵਿੱਚ ਕਦੇ ਵੀ ਭਾਰਤ ਵਿਸ਼ਵ ਗੁਰੂ ਨਹੀਂ ਰਿਹਾ। ਹਜ਼ਾਰਾਂ ਸਾਲਾਂ ਤੋਂ ਭਾਰਤ ਦੀ ਮੂਲਨਿਵਾਸੀ ਲੋਕਾਂ ਦੀ 22% ਅਬਾਦੀ ਨੂੰ ਗੁਲਾਮਾਂ ਤੋਂ ਵੀ ਮਾੜੀ ਹਾਲਤ ਵਿੱਚ ਰਹਿਣ ਲਈ ਮਜਬੂਰ ਕਰਨ ਵਾਲੇ ਲੋਕ ਕੀ ਸੰਸਾਰ ਨੂੰ ਇਹੋ ਸਿੱਖਿਆ ਦਿੰਦੇ ਹੋ ਸਕਦੇ ਹਨ ਕਿ ਕਿਸੇ ਦੇਸ਼ ਦੇ ਉੱਤੇ ਕਬਜ਼ਾ ਕਰਕੇ ਉਸ ਦੇ ਨਾਗਰਿਕਾਂ ਦੇ ਧਨ ਦੌਲਤ ਨੂੰ ਲੁੱਟ ਲੈਣਾ ਇੱਕ ਮਹਾਨ ਕੰਮ ਕਰਨਾ ਬਹੁਤ ਹੀ ਉਤਮ ਕੰਮ ਹੁੰਦਾ ਹੈ। ਭਾਰਤ ਦੇ ਮੂਲ ਨਿਵਾਸੀ ਸਮਾਜ ਜਿਸ ਨੂੰ ਹਜ਼ਾਰਾਂ ਸਾਲਾਂ ਤੋਂ ਸਿੱਖਿਆ, ਸਿਹਤ ਸੇਵਾਵਾਂ ਤਾਂ ਦੂਰ ਦੀ ਗਲ, ਸਾਫ ਪਾਣੀ ਪੀਣ, ਸਾਫ ਥਾਂ ਉੱਤੇ ਰਹਿਣ, ਕਿਸੇ ਵੀ ਕਿਸਮ ਦਾ ਕੀਮਤੀ ਸਮਾਨ ਰੱਖਣ, ਚੰਗਾ ਖਾਣ, ਪਹਿਨਣ, ਆਪਣੀ ਸੁਰੱਖਿਆ ਦੇ ਲਈ ਹਥਿਆਰ ਰੱਖਣ ਦਾ ਅਧਿਕਾਰ ਖੋਹ ਲੈਣ ਵਾਲਾ ਕੀ ਵਿਸ਼ਵ ਗੁਰੂ ਅਖਵਾਉਣ ਦਾ ਅਧਿਕਾਰ ਰੱਖ ਸਕਦਾ ਹੈ। ਉਹਨਾਂ ਨੂੰ ਕਿਸੇ ਵੀ ਤਰਾਂ ਕੰਮ ਕਰਵਾਉਣ ਬਦਲੇ ਮਜਦੂਰੀ



ਅਤੇ ਕੋਈ ਇਨਸਾਫ ਮੰਗਣ ਦਾ ਹੱਕ ਵੀ ਨਹੀਂ ਸੀ। ਚਰਖ ਪੂਜਾ ਵਰਗੀਆਂ ਬਹੁਤ ਸਾਰੀਂ ਪ੍ਰਥਾਵਾਂ ਨਾਲ ਅਛੂਤਾਂ ਨੂੰ ਜਿੰਦਾ ਨੀਹਾਂ ਵਿੱਚ ਚਿਣ ਦੇਣ ਨੂੰ ਸ਼ੁਭ ਮੰਨਿਆ ਜਾਂਦਾ ਸੀ, ਕੀ ਵਿਸ਼ਵ ਗੁਰੂ ਅਖਵਾਉਣ ਦਾ ਅਧਿਕਾਰ ਰੱਖ ਸਕਦਾ ਹੈ।

ਅੰਗਰੇਜ ਭਾਰਤ ਆਏ, ਅਛੂਤਾਂ ਨੂੰ ਮਾਨਵ ਸਮਝ ਕੇ ਹਜ਼ਾਰਾਂ ਸਾਲ ਬਾਅਦ ਉਹਨਾਂ ਨੂੰ ਮਾਨਵ ਬਰਾਬਰੀ ਦੇ ਹੱਕ ਦੇਣ ਦੀ ਕਾਰਵਾਈ ਸ਼ੁਰੂ ਕੀਤੀ। ਅਛੂਤ ਅੰਗਰੇਜਾਂ ਦੇ ਸੇਵਾਦਾਰ ਬਣੇ ਜਿਸ ਦੇ ਬਦਲੇ ਉਹਨਾਂ ਨੂੰ ਮਿਹਨਤਾਨਾ ਮਿਲਣਾ ਸ਼ੁਰੂ ਹੋਇਆ ਅਤੇ ਵਿਕਾਸ ਦਾ ਰਾਹ ਖੁੱਲਿਆ । ਉਹ ਲੋਕ ਪੜ੍ਹਨ ਲਗੇ, ਚੰਗੇ ਕਪੜੇ ਪਾਉਣ ਲਗੇ। 1757 ਦੀ ਅੰਗਰੇਜਾਂ ਦੀ ਪਹਿਲੀ ਲੜਾਈ ਜੋ ਪਲਾਸੀ ਦੇ ਮੈਦਾਨ ਵਿੱਚ ਹੋਈ ਸੀ ਦੀ ਜਿੱਤ ਦਾ ਬਹੁਤ ਵੱਡਾ ਯੋਗਦਾਨ ਭਾਰਤ ਦੇ ਅਛੂਤ ਸਮਾਜ ਦੇ ਲੋਕਾਂ ਨੂੰ ਜਾਂਦਾ ਹੈ, ਅੰਗਰੇਜ ਸੈਨਾ ਦੇ ਇਕ ਵਿੰਗ ਦਾ ਸੇਨਾਪਤੀ ਜਗਦੀਸ਼ ਮੌਰੀਆ ਅਛੂਤ ਜਾਤੀ ਵਿੱਚੋਂ ਸੀ। ਅੰਗਰੇਜ ਸੈਨਾਵਾਂ ਵਿੱਚ ਭਰਤੀ ਹੋਣ ਨਾਲ ਅਛੂਤਾਂ ਦਾ ਉਥਾਨ ਹੋਣਾ ਸੁਰੂ ਹੋਇਆ। ਅਛੂਤ ਜਾਤੀਆਂ ਮਾਹਰ, ਭੀਲ, ਮੁੰਡਾ, ਗੌਂਡ, ਮਾਂਝੀ, ਅਹੀਰ, ਪਾਸੀ, ਮਾਹਰ, ਚਮਾਰ ਆਦਿ ਹੋਰ ਬਹੁਤ ਸਾਰੀਆਂ ਅਛੂਤ ਜਾਤੀਆਂ ਜਾਗ੍ਰਿਤ ਹੋਈਆਂ। ਉਹ ਪੜ੍ਹੇ, ਅੱਗੇ ਵਧੇ, ਲੜੇ, ਜਿੱਤੇ। ਬਾਬਾ ਸਾਹਿਬ ਵੀ ਜੀਵਨ ਵਿੱਚ ਅੱਗੇ ਵਧੇ ਸੰਸਾਰ ਵਿੱਚ ਨਾਮ ਕੀਤਾ ਤਾਂ ਕੇਵਲ ਉਹਨਾਂ ਦੇ ਪਿਤਾ ਰਾਮਜੀ ਸਕਪਾਲ ਦੇ ਫੌਜ ਵਿੱਚ ਭਰਤੀ ਹੋਣ ਦੇ ਕਾਰਨ ਹੀ ਹੋ ਸਕਿਆ। ਕੋਰੇ ਗਊਂ 1818 ਦਾ ਅੰਗਰੇਜਾਂ ਦਾ ਪੇਸ਼ਵਾ ਨਾਲ ਹੋਇਆ, ਯੁੱਧ ਮਾਹਰਾਂ ਨੇ ਹੀ ਜਿੱਤ ਕੇ ਅੰਗਰੇਜਾਂ ਦੀ ਝੋਲੀ ਪਾਇਆ ਸੀ, ਅਤੇ ਪੇਸ਼ਵਾ ਰਾਜ ਦਾ ਸਦਾ ਲਈ ਅੰਤ ਹੋ ਗਿਆ ਸੀ। ਪਹਿਲੇ ਵਿਸ਼ਵ ਯੁੱਧ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਅਛੂਤਾਂ ਨੇ ਭਰਤੀ ਹੋ ਕੇ ਬਹੁਤ ਨਾਮ ਕਮਾਇਆ, ਭਾਰਤ ਤੋਂ ਬਾਹਰ ਜਾ ਕੇ ਬਹੁਤ ਕੱਝ ਸਿੱਖਿਆ ਕਿ ਮਾਨਵ ਸਮਾਨਤਾ ਕੀ ਹੁੰਦੀ ਹੈ। ਯੁੱਧ ਖਤਮ ਹੋਣ ਦੇ ਬਾਅਦ ਜਦੋਂ ਕੁਝ ਬਚਕੇ ਆਏ ਅਛੂਤ ਸਿੱਖ ਫੌਜੀਆਂ ਨੂੰ ਹਰਿਮੰਦਰ ਸਾਹਿਬ ਵਿੱਚ ਗੁਰੂ ਦੇ ਸ਼ੁਕਰਾਨਾ ਕਰਨ ਗਏ ਤਾਂ ਮਸੰਦਾਂ ਨੇ ਉਹਨਾ ਦਾ ਅਪਮਾਨ ਕੀਤਾ। ਉਸ ਦਾ ਉਹਨਾ ਨੇ ਵਿਧਰੋਹ ਕੀਤਾ। 13 ਅਪਰੈਲ 1919 ਨੂੰ ਵਿਸਾਖੀ ਮੌਕੇ ਇਕੱਠੇ ਹੋਏ ਲੋਕਾਂ ਕਤਲਿਆਮ ਹੋਇਆ। 1920 ਵਿੱਚ ਅਛੂਤਾਂ ਦਾ ਹਰਿਮੰਦਰ ਸਾਹਿਬ ਵਿੱਚ ਖੋਲ ਦਿਤਾ ਗਿਆ। ਜਦੋਂ ਜਦੋਂ ਅਛੂਤਾਂ ਨੇ ਉੱਠਣ ਦੀ ਹਿੰਮਤ ਕੀਤੀ ਹੈ, ਬ੍ਰਾਹਮਣਵਾਦ ਨੇ ਆਪ ਜਾ ਸੱਤਾ ਮਦਦ ਨਾਲ ਉਹਨਾ ਨੂੰ ਦਬਾਉਣ ਦੀਆਂ ਸਫਲ ਕੋਸ਼ਿਸ਼ਾ ਕੀਤੀਆਂ ਹਨ। 1922 ਦੀ ਚੌਰੀ ਚੌਰਾ ਸੰਘਰਸ਼ ਅਤੇ ਘਟਨਾਂ ਸੇਵਾਮੁਕਤ ਸਿਪਾਹੀ ਭਗਵਾਨ ਦਾਸ ਅਹੀਰ ਅਛੂਤ ਚਮਾਰ ਦੇ ਨੇਤ੍ਰਿਤਵ ਵਿੱਚ 2000 ਤੋਂ 2500 ਦੇ ਲਗਭਗ ਲੋਕਾਂ ਮਾਰਚ ਨਾਲ ਹੋਈ। ਇਸ ਤਰਾਂ ਇਸ ਤਰਾਂ ਦੀਆਂ ਘਟਨਾਵਾਂ ਹੋਣਾ ਦਲਿਤ ਉਥਾਨ ਦੀ ਗਵਾਹੀ ਭਰਦੀਆਂ ਹਨ। ਗਾਂਧੀ ਨੇ ਗੋਲਮੇਜ ਕਾਨਫਰੰਸ ਵਿੱਚ ਕਹਿ ਦਿਤਾ ਸੀ ਜਿਹੜਾ ਇਤਿਹਾਸ ਵਿੱਚ ਦਰਜ ਹੈ ਕਿ ਜੇ ਕਰ ਦਲਿਤਾਂ ਨੂੰ ਵੱਧ ਅਧਿਕਾਰ ਦਿੱਤੇ ਜਾਂਦੇ ਹਨ ਤਾਂ ਇਹੋ ਜਿਹੀ ਅਜਾਦੀ ਦੀ ਉਸ ਨੂੰ ਲੋੜ ਨਹੀਂ ਹੈ। ਦਲਿਤਾਂ ਦਾ ਵਧਦਾ ਉਥਾਨ ਵੀ ਕਿਤੇ ਨਾ ਕਿਤੇ "ਅੰਗਰੇਜੋ ਭਾਰਤ ਛੱਡੋ" ਅਤੇ ਬਿਨਾ ਕਿਸੇ ਸਮਾਜਿਕ ਰਾਜਨੀਤਿਕ ਬਦਲਾਉਣ ਦੇ ਸੱਤਾ ਦੀਆਂ ਚਾਬੀਆਂ ਵਰਣ-ਸ਼੍ਰਣਮ ਦੇ ਪੁਜਾਰੀ ਕਾਂਗਰਸੀ ਗਾਂਧੀ ਦੇ ਚੇਲਿਆਂ ਨੂੰ ਦੇ ਕੇ ਚਲੇ ਜਾਣ ਨੂੰ, ਕੇਵਲ ਇੱਕ ਪਾਰਟੀ ਨੂੰ ਸੱਤਾ ਸੌਂਪ ਦੇਣ ਨੂੰ ਭਾਰਤ ਦੀ ਅਜ਼ਾਦੀ ਦਾ ਨਾਮ ਦੇ ਦਿੱਤਾ, ਜੋ ਕੇਵਲ ਨਵੇਂ ਵਿਦੇਸ਼ੀ ਲੋਕਾਂ ਨੇ ਪੁਰਾਣੇ ਵਿਦੇਸ਼ੀਆਂ ਨੂੰ ਸੱਤਾ ਸੌਂਪ ਦਿੱਤੀ ਸੀ।

ਚੌਰੀ ਚੌਰਾ ਵਿੱਚ 2 ਫਰਵਰੀ 1922 ਨੂੰ ਇੱਕ ਸੇਵਾਮੁਕਤ ਸਿਪਾਹੀ, ਭਗਵਾਨ ਅਹੀਰ ਚਮਾਰ ਦੀ ਅਗਵਾਈ ਵਿੱਚ, ਅਨਾਜ ਦੀਆਂ ਉੱਚ ਕੀਮਤਾਂ ਅਤੇ ਬਾਜ਼ਾਰ ਵਿੱਚ ਸ਼ਰਾਬ ਦੀ ਵਿਕਰੀ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਭਗਵਾਨ ਅਹੀਰ ਚਮਾਰ ਦੇ ਪਿੱਛੇ ਸੜਨ ਵਾਲੇ ਸਵਰਨ ਸਮਾਜ ਨਹੀਂ ਸੀ ਉਹ ਸਾਰੇ ਦਲਿਤ ਹੀ ਸਨ। ਇਹ ਦਲਿਤਾਂ ਦੀ ਅਜ਼ਾਦੀ ਦੀ ਲਹਿਰ ਸੀ। ਉਸ ਦਿਨ ਸਥਾਨਿਕ ਪੁਲਿਸ ਨੇ ਕੁਝ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਚੌਰੀ-ਚੌੜਾ ਥਾਣੇ ਵਿਚ ਬੰਦ ਕਰ ਦਿੱਤਾ। ਇਸ ਦੇ ਜਵਾਬ ਵਿਚ 4 ਫਰਵਰੀ ਨੂੰ ਸਥਾਨਕ ਬਾਜ਼ਾਰ ਵਿਚ ਪੁਲਿਸ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। 5 ਫਰਵਰੀ 1922 ਨੂੰ, ਪੁਲਿਸ ਦੁਆਰਾ ਥਾਣੇ ਵਿੱਚ ਬੰਦ ਕੀਤੇ ਅੰਦੋਲਨਕਾਰੀਆਂ ਨੂੰ ਛੁਡਾਉਣ ਲਈ ਥਾਣੇ ਇੱਕਠ ਕੀਤਾ, ਵਿਰੋਧ ਕਰਦਿਆਂ ਗਰਮਾ ਗਰਮੀ ਹੋਈ। ਪੁਲਿਸ ਨੇ ਹਵਾਈ ਫਾਇਰ ਕੀਤੇ। ਅੰਦੋਲਨਕਾਰੀਆਂ ਨੇ ਵੀ ਪੱਥਰਬਾਜੀ ਕੀਤੀ, ਪੁਲਿਸ ਨੇ ਗੋਲੀਆਂ ਚਲਾਈਆਂ ਤਿੰਨ ਅੰਦੋਲਨ ਕਰਤਾ ਮੌਕੇ ਉੱਤੇ ਹੀ ਮਾਰੇ ਗਏ। ਅੰਦੋਲਨਕਾਰੀ ਭੜਕ ਗਏ, ਭੀੜ ਨੇ ਥਾਣੇ ਨੂੰ ਅੱਗ ਲਗਾ ਦਿੱਤੀ ਇਸ ਵਿੱਚ 22 ਪੁਲਿਸ ਮੁਲਾਜ਼ਮ ਸੜ ਕੇ ਮਰ ਗਏ, ਇੱਕ ਦੀ ਬਾਅਦ ਵਿੱਚ ਇਲਾਜ ਕਰਾਉਣ ਸਮੇਂ ਮੌਤ ਹੋ ਗਈ।

ਕੁੱਲ 225 ਲੋਕਾਂ ਨੂੰ ਚੌਰੀ ਚੌਰਾ ਮਾਮਲੇ ਨਾਲ ਜੋੜ ਕੇ "ਦੰਗੇ ਅਤੇ ਅੱਗਜ਼ਨੀ" ਦੇ ਦੋਸ਼ਾਂ ਤਹਿਤ ਜੱਜ ਐਚ. ਈ. ਹੋਮਜ਼ ਦੀ ਗੋਰਖਪੁਰ ਸੈਸ਼ਨ ਅਦਾਲਤ ਵਿੱਚ ਮੁਕੱਦਮੇ ਲਈ ਲਿਆਂਦਾ ਗਿਆ। ਇਹਨਾਂ ਵਿੱਚੋਂ 6 ਦੀ ਪੁਲਿਸ ਹਿਰਾਸਤ ਦੌਰਾਨ ਮੌਤ ਹੋ ਗਈ, ਦੋ ਨੂੰ 2 ਸਾਲ ਦੀ ਸਜ਼ਾ ਸੁਣਾਈ ਗਈ, 170 ਨੂੰ ਦੋਸ਼ੀ ਠਹਿਰਾਇਆ ਗਿਆ ਅਤੇ 8 ਮਹੀਨਿਆਂ ਤੱਕ ਚੱਲੇ ਮੁਕੱਦਮੇ ਤੋਂ ਬਾਅਦ 9 ਜਨਵਰੀ 1923 ਨੂੰ 47 ਨੂੰ ਬਰੀ ਕਰ ਦਿੱਤਾ ਗਿਆ। ਫੈਸਲਿਆਂ 'ਤੇ ਵਿਰੋਧ ਦਾ ਤੂਫਾਨ ਉੱਠਿਆ, ਜਿਸ ਨੂੰ ਭਾਰਤੀ ਕਮਿਊਨਿਸਟ ਨੇਤਾ ਐਮ.ਐਨ. ਰਾਏ ਦੁਆਰਾ "ਕਾਨੂੰਨੀ ਕਤਲ" ਵਜੋਂ ਦਰਸਾਇਆ ਗਿਆ ਸੀ, ਜਿਸਨੇ ਭਾਰਤੀ ਮਜ਼ਦੂਰਾਂ ਦੀ ਆਮ ਹੜਤਾਲ ਦਾ ਸੱਦਾ ਦਿੱਤਾ ਸੀ। 30 ਅਪ੍ਰੈਲ 1923 ਨੂੰ, ਇਲਾਹਾਬਾਦ ਦੀ ਹਾਈ ਕੋਰਟ ਨੇ 170 ਦੋਸ਼ੀ ਠਹਿਰਾਏ ਗਏ ਦੋਸ਼ੀਆਂ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਬਾਰੇ ਅਪੀਲਾਂ 'ਤੇ ਵਿਚਾਰ ਕੀਤੇ ਜਾਣ ਤੋਂ ਬਾਅਦ, ਇਸ ਕੇਸ ਵਿੱਚ ਅੰਤਿਮ ਫੈਸਲਾ ਸੁਣਾਇਆ:ਮੌਤ ਦੀ ਸਜ਼ਾ ਸੁਣਾਏ ਗਏ (19) ਲੋਕ ਸਨ-

1. ਨਾਜ਼ਰ ਅਲੀ, 2. ਭਗਵਾਨ ਅਹੀਰ, 3. ਲਾਲ ਮੁਹੰਮਦ, 4. ਸ਼ਿਆਮਸੁੰਦਰ, 5. ਅਬਦੁੱਲਾ, 6. ਵਿਕਰਮ ਅਹੀਰ, 7. ਦੁਧੀ ਸਿੰਘ, 8. ਕਾਲੀ ਚਰਨ, 9. ਲਉਟੀ ਕੁਮਾਰ, 10. ਮਹਾਦੇਵ ਸਿੰਘ, 11. ਮੇਘੂ ਅਲੀ, 12. ਰਘੁਵੀਰ, 13. ਰਾਮਲਖਨ, 14. ਰਾਮਰੂਪ, 15. ਸਹਿਦੇਵ, 16. ਰੁਦਾਲੀ, 17. ਮੋਹਨ, 18. ਸੰਪਤ ਅਤੇ 19. ਸੀਤਾਰਾਮ।

14 ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।
19 ਲੋਕਾਂ ਨੂੰ 8 ਸਾਲ ਦੀ ਸਜ਼ਾ ਸੁਣਾਈ ਗਈ ਹੈ।
57 ਲੋਕਾਂ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ ਹੈ।
20 ਲੋਕਾਂ ਨੂੰ 3 ਸਾਲ ਦੀ ਸਜ਼ਾ ਸੁਣਾਈ ਗਈ ਹੈ।
3 ਲੋਕਾਂ ਨੂੰ 2 ਸਾਲ ਦੀ ਸਜ਼ਾ ਸੁਣਾਈ ਗਈ ਹੈ।
38 ਲੋਕਾਂ ਨੂੰ ਬਰੀ ਕਰ ਦਿੱਤਾ ਗਿਆ।

2 ਅਤੇ 11 ਜੁਲਾਈ 1923 ਦੇ ਵਿਚਕਾਰ ਮੌਤ ਦੀ ਸਜ਼ਾ ਵਾਲੇ 19 ਦੋਸ਼ੀਆਂ ਨੂੰ ਫਾਂਸੀ ਦਿੱਤੀ ਗਈ ਸੀ। ਇਨ੍ਹਾਂ ਫੈਸਲਿਆਂ ਨੂੰ ਲੈ ਕੇ ਵਿਰੋਧ ਦਾ ਤੂਫਾਨ ਆਇਆ, ਭਾਰਤੀ ਕਮਿਊਨਿਸਟ ਆਗੂ ਐਮ.ਐਨ. ਰਾਏ, ਜਿਸ ਦੀ ਅਗਵਾਈ ਵਿੱਚ ਭਾਰਤੀ ਕਾਮਿਆਂ ਦੁਆਰਾ ਜਬਰਦਸਤ ਹੜਤਾਲ ਕੀਤੀ।

ਇਹਨਾ ਹੀ ਦਿਨਾਂ ਵਿੱਚ ਗਾਂਧੀ ਨੇ ਬੰਬੇ ਦੀ ਇੱਕ ਕਪੜਾ ਮਿੱਲ ਵਿੱਚ ਇੱਕ ਇਕੱਠ ਨੂੰ ਸੰਬੋਧਿਤ ਕੀਤਾ ਅਤੇ ਵਿਦੇਸ਼ੀ ਬਣਾਏ ਕੱਪੜੇ, ਵਸਤਾਂ ਦਾ ਬਾਈਕਾਟ ਕਰਨ ਦਾ ਆਵਾਹਨ ਕੀਤਾ ਅਤੇ ਇਹਨਾ ਨੂੰ ਜਲਾਇਆ ਗਿਆ। ਇਹ ਸ਼ਾਂਤਮਈ ਬੈਠਕ ਹੋਣੀ ਸੀ, ਪਰ ਇਹ ਦੰਗਿਆਂ ਵਿਚ ਤਬਦੀਲ ਹੋ ਗਈ ਜਿਹੜੀ 59 ਲੋਕਾਂ ਦੀ ਮੌਤ ਨਾਲ ਖ਼ਤਮ ਹੋਈ।

1922 ਵਿਚ, ਗਾਂਧੀ ਨੂੰ ਪਹਿਲੀ ਵਾਰ ਯੰਗ ਇੰਡੀਆ ਅਖਵਾਰ ਵਿਚ ਲਿਖੇ ਤਿੰਨ ਲੇਖਾਂ ਦੇ ਕਾਰਨ ਦੇਸ਼ਧ੍ਰੋਹ ਦੇ ਦੋਸ਼ ਲਗਾ ਕੇ 18 ਮਾਰਚ 1922 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 1924 ਤਕ ਜੇਲ ਵਿਚ ਰੱਖਿਆ ਗਿਆ ਸੀ। ਇੱਕ ਵੱਡੀ ਲਹਿਰ ਚਲਾਉਣ ਲਈ, ਇਸ ਨੂੰ ਚਲਾਉਣ ਲਈ ਕੁਝ ਛੋਟੀਆਂ ਲਹਿਰਾਂ ਨੂੰ ਨਾਲ ਜੋੜਨ ਦੀ ਕੋਸ਼ਿਸ਼ ਹੁੰਦੀ ਹੈ ਜੋ ਦੂਜੇ ਨੇਤਾ ਬਰਾਬਰ ਚਲਾ ਰਹੇ ਹੁੰਦੇ ਹਨ। ਜਾਂ ਉਹ ਸੱਤਾ ਨਾਲ ਲੜਾਈ ਲੜਦਿਆਂ ਖਤਮ ਹੋ ਜਾਂਦੇ ਹਨ। ਦੇਸ਼ ਲਈ ਲੜਦੇ ਹੋਣ ਦੇ ਬਾਵਜੂਦ ਵੀ ਉਹਨਾਂ ਦੀ ਵੱਡੇ ਦਲਾਂ ਵਲੋ ਸਹਾਇਤਾ ਨਹੀਂ ਕੀਤਾ ਸਗੋਂ ਉਹਨਾਂ ਦਾ ਵਿਰੋਧ ਕੀਤਾ। ਸੱਤਾ ਇਹਨਾਂ ਦਲਾਲਗਿਰੀਆਂ ਦੀ ਮਦਦ ਨਾਲ ਉਹਨਾਂ ਨੂੰ ਕੁਚਲ ਦਿੰਦੀ ਹੈ। ਵੱਡੇ ਦਲ ਨੂੰ ਹੋਰ ਵੱਡਾ ਹੋਣ ਦਾ ਮਾਣ ਹੋਣ ਲਗਦਾ ਹੈ, ਕਾਂਗਰਸ ਵੀ ਇਹੀ ਕੰਮ ਕਰਦੀ ਰਹੀ ਹੈ। ਪੂਰਬ ਦੇ ਦੱਖਣ ਦੇ ਅੰਦੋਲਨ, ਹੈਦਰਾਬਾਦ ਅਤੇ ਅਵਧ ਦੀਆਂ ਕਿਸਾਨਾਂ ਦੀਆਂ ਮੂਵਮੈਂਟਾਂ, ਉਤਰ ਵਿੱਚ ਸਿੱਖਾਂ ਦੀਆਂ, ਭਗਤ ਸਿੰਘ ਦੀ ਸ਼ਹਾਦਤ ਹੋਰ ਬਹੁਤ ਸਾਰੇ ਕੇਸ ਹੋ ਸਕਦੇ ਹਨ। ਅਵਧ ਦਾ ਮਦਾਰੀ ਪਾਸੀ ਦਾ ਅੰਦੋਲਨ ਕਾਂਗਰਸ ਨੇ ਅੰਗਰੇਜ ਸਰਕਾਰ ਨਾਲ ਮਿਲ ਕੇ ਦਬਾ ਦਿੱਤਾ ਸੀ। ਜਦੋਂ ਕਿ ਮਦਾਰੀ ਪਾਸੀ ਨੇ ਭਾਰਤੀਆਂ ਲਈ ਸਮਾਨਅੰਤਰ ਸਰਕਾਰ ਚਲਾਉਣੀ ਸੁਰੂ ਕਰ ਦਿੱਤੀ ਸੀ।

ਬ੍ਰਿਟਿਸ਼ ਬਸਤੀਵਾਦੀ ਅਧਿਕਾਰੀਆਂ ਨੇ 1923 ਵਿਚ, ਮ੍ਰਿਤਕ ਪੁਲਿਸ ਵਾਲਿਆਂ ਦੀ ਯਾਦਗਾਰ ਸਮਾਰਕ ਬਣਾਕੇ ਸਮਰਪਿਤ ਕੀਤੀ ਗਈ। ਆਜ਼ਾਦੀ ਤੋਂ ਬਾਅਦ ਇਸ ਵਿਚ ਜੈ ਹਿੰਦ ਸ਼ਬਦ ਲਿਖੇ ਗਏ ਅਤੇ ਨਾਲ ਹੀ ਕਵੀ ਜਗਦੰਬਾ ਪ੍ਰਸਾਦ ਮਿਸ਼ਰਾ ਦੀ ਇਕ ਕਵਿਤਾ ਇਨਕਲਾਬੀ ਕਵੀ ਰਾਮ ਪ੍ਰਸਾਦ ਬਿਸਮਿਲ ਦੁਆਰਾ ਮਸ਼ਹੂਰ ਕੀਤੀ ਗਈ ਕਵਿਤਾ ("ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਵਰਸ਼ ਮੇਲੇ") ਲਿਖਿਆ।

ਚੌਰੀ ਚੌਰਾ ਘਟਨਾ ਸਬੰਧੀ ਸਰਕਾਰ ਦੀ ਬੇਰੁਖੀ ਲੰਮਾਂ ਸਮਾਂ ਬਣੀ ਰਹੀ। ਅਜਾਦੀ ਦੇ ਬੀਤ ਜਾਣ ਬਾਅਦ ਵੀ ਚੌਰੀਚੌਰਾ ਵਿੱਚ ਕੋਈ ਯਾਦਗਾਰ ਬਨਾਉਣ ਦੀ ਕੋਈ ਚਾਹਤ ਨਹੀਂ ਦਿਖਾਈ। ਸ਼ਾਇਦ ਇਹ ਦਲਿਤ ਲੋਕਾਂ ਦੇ ਨੇਤ੍ਰਿਤਵ ਨੂੰ ਉਤਸਾਹਤ ਕਰਨ ਦਾ ਸਵਾਲ ਬਣਦਾ ਹੋਣ ਕਰਕੇ ਹੋਵੇ। ਲੇਕਿਨ ਜ਼ਿਲ੍ਹੇ ਦੇ ਲੋਕ ਉਨ੍ਹਾਂ ਨੂੰ ਨਹੀਂ ਭੁਲੇ। 1971 ਵਿੱਚ, ਉਹਨਾਂ ਨੇ ਚੌਰੀਚੌਰਾ ਸ਼ਹੀਦ ਸਮਾਰਕ ਸੰਮਤੀ ਦੇ ਨਾਮ ਨਾਲ ਇੱਕ ਸੰਘ ਬਣਾਇਆ। 1973 ਵਿਚ, ਇਸ ਘਟਨਾ ਤੋਂ 52 ਸਾਲ ਬਾਅਦ ਕਮੇਟੀ ਨੇ ਝੀਲ ਦੇ ਨੇੜੇ ਇਕ 12।2 ਮੀਟਰ ਉੱਚੇ ਤਿਕੋਣੇ ਬੁਰਜ ਦਾ ਨਿਰਮਾਣ ਕੀਤਾ, ਜਿਸ ਦੇ ਹਰ ਪਾਸੇ ਇਕ ਚਿੱਤਰ ਗਲੇ ਵਿਚ ਫਾਂਸੀ ਨਾਲ ਲਟਕਿਆ ਦਿਖਾਇਆ ਗਿਆ। ਉਸ ਸਮੇਂ ਟਾਵਰ ਨੂੰ 13,500 ਰੁਪਏ ਦੀ ਲਾਗਤ ਨਾਲ ਬਹੁਤ ਹੀ ਚੰਗੇ ਦਾਨੀਆਂ ਦੇ ਯੋਗਦਾਨ ਨਾਲ ਬਣਾਇਆ ਗਿਆ ਸੀ।

ਸਰਕਾਰੀ ਤੌਰ ਤੇ ਸ਼ਹੀਦਾਂ ਦੀ ਯਾਦਗਾਰ, ਜਾਂ ਸ਼ਹੀਦ ਸਮਾਰਕ, 1993 ਵਿਚ ਚੌਰੀ-ਚੌਰਾ ਬਗਾਵਤ ਦੇ ਸ਼ਹੀਦਾਂ ਦੀ ਯਾਦ ਲਈ ਬਣਾਈ ਗਈ ਸੀ। ਇਸ ਦੀ ਨੀਂਹ 6 ਫਰਵਰੀ 1982 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਘਟਨਾ ਦੀ 60 ਵੀਂ ਵਰ੍ਹੇਗੰਢ ਮੌਕੇ ਰੱਖੀ ਸੀ।

ਯਾਦਗਾਰ ਦੇ ਨਿਰਮਾਣ ਨੂੰ 11 ਸਾਲ ਹੋਣ ਬਾਅਦ ਅਤੇ ਇਸਦਾ ਉਦਘਾਟਨ 19 ਜੁਲਾਈ 1993 ਨੂੰ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਕੀਤਾ ਸੀ। ਪੰਜ ਸਾਲ ਬਾਅਦ, 1998 ਵਿੱਚ, ਯਾਦਗਾਰ ਵਿੱਚ ਇਕ ਲਾਇਬ੍ਰੇਰੀ ਅਤੇ ਅਜਾਇਬ ਘਰ ਦੀ ਸਥਾਪਨਾ ਕੀਤੀ ਗਈ। ਮਾਰੇ ਗਏ ਲੋਕਾਂ ਦਾ ਸਨਮਾਨ ਕਰਨ ਲਈ ਭਾਰਤੀ ਰੇਲਵੇ ਨੇ ਰੇਲਗੱਡੀ ਦਾ ਨਾਮ ਚੌਰੀ ਚੌਰਾ ਐਕਸਪ੍ਰੈਸ ਰੱਖਿਆ ਹੈ, ਜੋ ਗੋਰਖਪੁਰ ਤੋਂ ਕਾਨਪੁਰ ਤੱਕ ਚਲਦੀ ਹੈ।

2021 ਵਿੱਚ ਉੱਤਰ ਪ੍ਰਦੇਸ਼ ਸਰਕਾਰ ਨੇ ਗੋਰਖਪੁਰ ਵਿੱਚ 'ਚੌਰੀ ਚੌਰਾ ਸ਼ਹੀਦ ਯਾਦਗਾਰ' ਨੂੰ ਵਿਰਾਸਤੀ ਸੈਰ ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾਈ ਸੀ ਕਿਉਂਕਿ ਸੂਬਾ ਸਰਕਾਰ 'ਚੌਰੀ ਚੌਰਾ' ਕਾਂਡ ਦੇ 100 ਸਾਲ ਪੂਰੇ ਹੋਏ ਸਨ ਸਾਲ ਭਰ ਦੇ ਜਸ਼ਨਾਂ ਦਾ ਫੈਸਲਾ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਸਮਾਗਮ ਦੌਰਾਨ "ਚੌਰੀ ਚੌਰਾ" ਸ਼ਤਾਬਦੀ ਨੂੰ ਸਮਰਪਿਤ ਡਾਕ ਟਿੱਕਟ ਵੀ ਜਾਰੀ ਕੀਤਾ ਸੀ। "

# ਚੋਣਾਂ ਦੇ ਸਮਿਆਂ 'ਚ, ਸੱਭੋ ਕੁਝ ਜਾਇਜ਼



ਗੁਰਮੀਤ ਪਲਾਹੀ
91-98158-02070

ਦੇਸ਼ 'ਚ ਚੋਣਾਂ ਦਾ ਮੌਸਮ ਆ ਢੁੱਕਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਿੱਤ ਨਵੇਂ ਐਲਾਨ ਹੀ ਨਹੀਂ ਕਰ ਰਹੇ, ਸਗੋਂ ਆਪਣੀ "ਦੋ ਇੰਜਨ" ਸਰਕਾਰ ਵਾਲੇ ਸੂਬਿਆਂ 'ਚ ਜਾਕੇ ਨਵੇਂ ਨਵੇਂ "ਵੱਡ ਅਕਾਰੀ, ਵੱਡ ਕਰੋੜੀ" ਪ੍ਰਾਜੈਕਟਾਂ ਦਾ ਉਦਘਾਟਨ ਕਰ ਰਹੇ ਹਨ ਜਾਂ ਨੀਂਹ ਪੱਥਰ ਰੱਖ ਰਹੇ ਹਨ।

ਅਯੁੱਧਿਆ ਵਿਖੇ ਰਾਮ ਮੰਦਰ 'ਚ ਪ੍ਰਧਾਨ ਮੰਤਰੀ ਵਲੋਂ ਸ੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਕਰਵਾਈ ਗਈ ਹੈ। ਦੇਸ਼ ਦੀ ਨਾਰੀ ਨੂੰ ਸਮਰਪਿਤ ਬਜ਼ਟ ਦੇਸ਼ ਦੀ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। "ਦੇਸ਼ ਦੀਆਂ ਨਾਰੀਆਂ ਨੂੰ ਹੁਣ ਪਹਿਲਾਂ ਨਾਲੋਂ ਵੱਧ ਮਾਣ-ਤਾਣ ਮਿਲੇਗਾ। "ਆਯੁਸ਼ਮਾਨ ਭਾਰਤ ਬੀਮਾ ਕਾਰਡ" ਦੀ ਸੁਵਿਧਾ ਤਹਿਤ ਮੁਫ਼ਤ ਇਲਾਜ ਦੇਸ਼ ਦੀਆਂ ਆਸ਼ਾ ਅਤੇ ਆਂਗਨਵਾੜੀ ਵਰਕਰਾਂ (ਜਿਹਨਾ ਨੂੰ ਕੁਝ ਸੈਂਕੜੇ ਮਾਸਿਕ ਤਨਖ਼ਾਹ ਹੀ ਮਿਲਦੀ ਹੈ) ਤੱਕ ਵਧਾ ਦਿੱਤਾ ਗਿਆ ਹੈ। ਰੇਲਵੇ 'ਚ ਸਹੂਲਤਾਂ, ਸਿਹਤ 'ਚ ਸਹੂਲਤਾਂ, ਸਿੱਖਿਆ ਬਜ਼ਟ 'ਚ ਕੁਝ ਵਾਧਾ, ਪਰ ਖੇਤੀਬਾੜੀ ਖੇਤਰ ਦਾ ਬਜ਼ਟ ਘਟਾ ਦਿੱਤਾ ਗਿਆ ਹੈ।

ਦੇਸ਼ ਦੇ ਚੋਣ ਕਮਿਸ਼ਨ 'ਚ ਮੈਂਬਰਾਂ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਬਦਲ ਦਿੱਤੀ ਗਈ ਹੈ, ਸਰਕਾਰ ਕੋਲ ਹੁਣ ਇਹਨਾ ਮੈਂਬਰਾਂ ਦੀ ਨਿਯੁਕਤੀ ਦੇ ਵੱਧ ਅਧਿਕਾਰ ਹੋਣਗੇ। ਸਰਕਾਰ ਮੈਂਬਰਾਂ ਦੀ ਨਿਯੁਕਤੀ ਸਮੇਂ ਮਨਮਰਜ਼ੀ ਕਰ ਸਕੇਗੀ। ਦੇਸ਼ ਦੀ ਈ।ਡੀ। ਅਤੇ ਸੀਬੀਆਈ ਹੋਰ ਤੇਜ ਹੋ ਗਈਆਂ ਹਨ। ਦੇਸ਼ ਦੇ ਵਿਰੋਧੀ ਦਲ ਦੇ ਨੇਤਾਵਾਂ ਨੂੰ ਸ਼ਿਕੰਜੇ 'ਚ ਲਿਆ ਜਾ ਰਿਹਾ ਹੈ। ਝਾਰਖੰਡ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਲਗਾਤਾਰ ਸੰਮਨ ਮਿਲ ਰਹੇ ਹਨ। ਝਾਰਖੰਡ ਦੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਨਿਸ਼ਾਨੇ 'ਤੇ ਹਨ। ਹਰ ਕਿਸਮ ਦੇ ਦਾਅ ਪੇਚ ਦੇਸ਼ 'ਚ ਰਾਜ ਸ਼ਕਤੀ ਹਥਿਆਉਣ ਲਈ ਭਾਜਪਾ ਹਕੂਮਤ ਵਰਤ ਰਹੀ ਹੈ। ਚੰਡੀਗੜ੍ਹ ਦੀ ਮੇਅਰ ਚੋਣ ਸਮੇਂ ਕਾਂਗਰਸ, ਆਮ ਆਦਮੀ ਪਾਰਟੀ ਦੇ ਸਾਂਝੇ ਬਹੁਮਤ ਹੋਣ ਦੇ ਬਾਵਜੂਦ, ਭਾਜਪਾ ਦਾ ਮੇਅਰ, ਦੋ ਡਿਪਟੀ ਮੇਅਰ ਚੁਣ ਲਏ ਗਏ ਹਨ।

ਪੂਰੇ ਦੇਸ਼ 'ਚ ਗੋਦੀ ਮੀਡੀਆ ਅਤੇ ਸਰਕਾਰੀ ਮੀਡੀਆ ਹਾਕਮਾਂ ਦੀਆਂ ਦਸ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਬਾਂ ਭਾਰ ਹੈ। ਨਿਸ਼ਾਨਾ ਬੱਸ ਇਕੋ ਹੈ, ਦੇਸ਼ ਵਿੱਚ ਸਿਰਫ਼ ਇੱਕ ਪਾਰਟੀ ਰਾਜ ਦੀ ਸਥਾਪਨਾ ਹੋਵੇ। ਵਿਰੋਧੀਆਂ ਦਾ ਖੁਰਾ ਖੋਜ਼ ਮਿਟਾਉਣ ਲਈ ਭਰਪੂਰ ਯਤਨ ਹੋ ਰਹੇ ਹਨ। ਇੱਕ ਰਾਸ਼ਟਰ ,ਇੱਕ ਬੋਲੀ, ਇੱਕ ਚੋਣ! ਬੱਸ ਸਭ ਕੁਝ ਇੱਕੋ ਇੱਕ!

ਚੁੱਪ ਦੇਸ਼ ਦੀ ਵਿਰੋਧੀ ਧਿਰ ਵੀ ਨਹੀਂ ਹੈ। ਗੱਠਜੋੜ ਦੀ ਨੀਤੀ ਅਪਨਾ ਕੇ "ਇੰਡੀਆ" ਸਿਰਜੀ ਗਈ ਹੈ। ਭਾਵੇਂ ਆਪਸੀ ਤਾਲਮੇਲ ਤੇ ਸਹਿਯੋਗ ਦੀ ਘਾਟ ਹੈ। ਫਿਰ ਵੀ ਜਿਥੇ ਜਿਥੇ ਵੀ ਇੰਡੀਆ ਗੱਠਜੋੜ 'ਚ ਸ਼ਾਮਲ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾ ਵਲੋਂ ਵੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਜਾ ਰਹੀਆਂ ਹਨ ਜਾਂ ਆਪਣੀਆਂ ਸਰਕਾਰਾਂ "ਕੇਂਦਰੀ ਹਾਕਮਾਂ" ਤੋਂ ਤੋੜੇ ਜਾਣ ਤੋਂ ਬਚਾਈਆਂ ਜਾ ਰਹੀਆਂ ਹਨ। ਕਾਂਗਰਸ ਦੇ ਰਾਹੁਲ ਗਾਂਧੀ ਭਾਰਤ ਯਾਤਰਾ 'ਤੇ ਨਿਕਲੇ ਹੋਏ ਹਨ।

ਦੱਖਣੀ ਸੂਬਿਆਂ 'ਚ ਚੋਣਾਂ ਲਈ ਮਾਹੌਲ ਉੱਤਰੀ ਭਾਰਤ ਨਾਲੋਂ ਵੱਖਰਾ ਹੈ, ਇਥੇ ਧਰਮ ਪੱਖੀ ਸਿਆਸਤ ਦਾ ਬੋਲ ਬਾਲਾ ਨਹੀਂ ਹੈ। ਵਿਰੋਧੀ ਧਿਰ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਸੰਕਲਪ ਨੂੰ ਦਰਪੇਸ਼ ਵੰਗਾਰਾਂ ਨੂੰ ਲੋਕਾਂ ਸਾਹਵੇਂ ਪੇਸ਼ ਕਰਨ ਦੇ ਰਉਂ ਵਿੱਚ ਹੈ।

ਚੋਣਾਂ ਦੇ ਇਸ ਮੌਸਮ ਵਿੱਚ ਮੁੱਦਿਆਂ ਦੀ ਸਿਆਸਤ ਵਿੱਖਰੀ ਹੋਈ ਦਿਸਦੀ ਹੈ। ਆਪਣਿਆਂ ਨੂੰ ਰੇੜੀਆਂ ਵੰਡਣ ਅਤੇ ਲੋਕਾਂ ਨੂੰ ਧਰਮ ਦੇ ਨਾਂਅ ਉਤੇ ਵੰਡਣ ਲਈ ਹਾਕਮ, ਨੇਤਾ, ਤਿੱਖੀਆਂ ਸੁਰਾਂ 'ਚ ਬੋਲ ਅਲਾਪ ਰਹੇ ਹਨ।

ਵੇਖੋ ਕਿਵੇਂ ਪ੍ਰਚਾਇਆ ਜਾ ਰਿਹਾ ਹੈ ਕਿ ਦੇਸ਼ ਦੇ 80 ਕਰੋੜ ਲੋਕਾਂ ਨੂੰ ਸਰਕਾਰ ਅਨਾਜ਼ ਮੁਫ਼ਤ ਦੇ ਰਹੀ ਹੈ (ਜਿਵੇਂ ਕੋਈ ਅਹਿਸਾਨ ਕੀਤਾ ਜਾ ਰਿਹਾ ਹੋਵੇ)। ਮੁਫ਼ਤ ਗੈਸ ਕੁਨੈਕਸ਼ਨ ਵੰਡੇ ਜਾ ਰਹੇ ਹਨ। ਆਯੁਸ਼ਮਾਨ ਭਾਰਤ ਕਾਰਡ ਰਾਹੀਂ ਮੁਫ਼ਤ ਸਿਹਤ ਸਹੂਲਤਾਂ ਹਨ। ਇਹ ਬਿਲਕੁਲ ਵੀ ਭੁਲਿਆ ਜਾ ਰਿਹਾ ਹੈ ਕਿ ਦੇਸ਼ ਦੀ 60 ਫੀਸਦੀ ਆਬਾਦੀ ਜੇਕਰ ਮੁਫ਼ਤ ਸਰਕਾਰੀ ਭੋਜਣ ਲੈਣ ਲਈ ਮਜ਼ਬੂਰ ਹੈ ਤਾਂ ਉਸਦੀ ਆਰਥਿਕ ਹਾਲਾਤ ਕਿਹੋ ਜਿਹੀ ਹੈ? ਆਜ਼ਾਦੀ ਦੇ 75 ਸਾਲ ਬੀਤਣ ਬਾਅਦ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਦੇ ਵਸਨੀਕਾਂ ਤੋਂ ਜੇਕਰ ਮੁਫ਼ਤ ਦਿੱਤੀਆਂ ਰਿਆਇਤਾਂ ਦੇ ਨਾਅ ਉਤੇ ਹੀ ਵੋਟ ਵਟੋਰਨੀ ਹੈ ਤਾਂ ਇਸ ਤੋਂ ਹੋਰ ਵੱਡਾ, ਲੋਕਤੰਤਰ ਦਾ ਕਿਹੜਾ ਜ਼ਨਾਜਾ ਨਿਕਲ ਸਕਦਾ ਹੈ?

ਚੋਣਾਂ ਦੇ ਇਸ ਮੌਸਮ 'ਚ ਦਰਸਾਉਣ ਦਾ ਇਹ ਵੱਡਾ ਯਤਨ ਹੋ ਰਿਹਾ ਹੈ ਕਿ ਦੇਸ਼ ਦੇ 20 ਤੋਂ 25 ਕਰੋੜ ਭਾਰਤੀ ਪਿਛਲੇ ਪੰਜ ਸਾਲਾਂ 'ਚ ਗਰੀਬੀ ਰੇਖਾ ਤੋਂ ਉਪਰ ਉਠ ਗਏ ਹਨ।



ਪਰ ਭੁੱਖਮਰੀ 'ਚ ਉਹ ਗੁਆਂਢੀ ਮੁਲਕਾਂ ਇਥੋਂ ਤੱਕ ਕਿ ਬੰਗਲਾ ਦੇਸ਼, ਸ੍ਰੀ ਲੰਕਾ ਤੋਂ ਉਪਰਲਾ ਸਥਾਨ ਕਿਵੇਂ ਰੱਖਦੇ ਹਨ?

ਇੱਕ ਸੁਪਨਮਈ ਦ੍ਰਿਸ਼ ਦੇਸ਼ 'ਚ ਸਿਰਜਿਆ ਜਾ ਰਿਹਾ ਹੈ। ਦੇਸ਼ ਨੂੰ ਦੁਨੀਆ ਦੀ ਆਉਣ ਵਾਲੇ ਸਮੇਂ 'ਚ ਵੱਡੀ ਆਰਥਿਕਤਾ ਦਰਸਾਉਣ ਲਈ ਸਰਕਾਰ ਸਮੇਤ, ਗੋਦੀ ਮੀਡੀਆ ਪੱਬਾਂ ਭਾਰ ਹੈ। ਦੇਸ਼ ਦੇ ਧੰਨ-ਕੁਬੇਰ ਅਡਾਨੀ-ਅੰਬਾਨੀ, ਵੱਡੇ-ਵੱਡੇ ਅਮੀਰ ਐਕਟਰ ਜਿਵੇਂ ਆਯੁਧਿਆ ਸਮਾਗਮ 'ਚ ਸਰਕਾਰ ਦੀ ਪਿੱਠ ਉਤੇ ਵੇਖੇ ਗਏ, ਉਹ "ਨਿੱਜੀਕਰਨ", ਨੂੰ ਪ੍ਰਣਾਏ ਭਾਰਤੀ ਹਾਕਮਾਂ ਨੂੰ ਉਤਸ਼ਾਹਤ ਕਰ ਗਏ। ਇਹ ਸਭ ਕੁਝ ਦਾ ਵਿਸ਼ਾਲ ਚੋਣਾਂ ਦੇ ਸਮਿਆਂ 'ਚ ਦਿਖਾਵਾ, ਕੋਈ ਅਲੋਕਾਰਾ ਵਰਤਾਰਾ ਨਹੀਂ ਹੈ।

ਸਰਕਾਰਾਂ, ਜਦੋਂ ਚਾਹੁੰਦੀਆਂ ਹਨ, ਉਦੋਂ ਉਹ ਮਾਫੀਏ, ਭੂ-ਮਾਫੀਏ, ਕਬਜ਼ਾਧਾਰੀਆਂ, ਗੁੰਡਿਆਂ ਨੂੰ ਸਰਗਰਮ ਕਰ ਲੈਂਦੀਆਂ ਹਨ। ਅਤੇ ਚੋਣਾਂ ਵਾਲਾ ਸਮਾਂ ਇਹਨਾ ਲੋਕਾਂ ਲਈ ਅਤਿ ਉੱਤਮ ਗਿਣਿਆ ਜਾਂਦਾ ਹੈ। ਚੋਣਾਂ 'ਚ ਇਹ ਨੇਤਾਵਾਂ ਦੇ ਹਥਿਆਰ ਗਿਣੇ ਜਾਂਦੇ ਹਨ। ਹਾਕਮ ਧਿਰ ਅਤੇ ਵਿਰੋਧੀ ਧਿਰ ਦਾ ਇਹ ਗਿਹਣਾ ਹਨ, ਜੋ ਕਦੇ ਵੀ ਇਹਨਾ ਤੋਂ ਨਹੀਂ ਨਿਖੜਦਾ।

ਇੱਕ ਰਿਪੋਰਟ ਭਾਰਤ 'ਚ ਨਜਾਇਜ਼ ਕਬਜ਼ਿਆਂ ਬਾਰੇ ਛਪੀ ਹੈ। ਇਹ ਕਿਸੇ ਬਾਹਰੀ ਏਜੰਸੀ ਵਲੋਂ ਨਹੀਂ ਸਗੋਂ ਕੇਂਦਰ ਸਰਕਾਰ ਵਲੋਂ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਦੇਸ਼ ਦੇ ਜੰਗਲ ਵਿਭਾਗ ਦੀ 32 ਲੱਖ 77 ਹਜ਼ਾਰ 591 ਏਕੜ ਜ਼ਮੀਨ ਕਬਜ਼ਾਧਾਰੀਆਂ ਨੇ ਹਥਿਆਈ ਹੋਈ ਹੈ। ਭਾਰਤੀ ਸੈਨਾ ਦੀ 9375 ਏਕੜ ਅਤੇ ਰੇਲਵੇ ਦੀ 2012 ਏਕੜ ਜ਼ਮੀਨ ਉਤੇ ਵੀ ਭੂ-ਮਾਫੀਏ, ਕਬਜ਼ਾਧਾਰੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ 964 ਸਰਕਾਰੀ ਪਾਰਕਾਂ ਦੀ ਲਗਭਗ 70 ਏਕੜ ਜ਼ਮੀਨ ਵੀ ਇਹਨਾ ਲੋਕਾਂ ਦੇ ਕਬਜ਼ੇ ਹੇਠ ਹੈ।

ਇਹ ਜਾਣਦਿਆਂ ਹੋਇਆ ਵੀ ਕਿ ਨਜਾਇਜ਼ ਕਬਜਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ। ਹਰ ਦਿਨ ਸਰਕਾਰੀ ਜ਼ਮੀਨ ਉਤੇ ਭੂ-ਮਾਫੀਆ ਦਬੰਗ ਲੋਕ, ਘੁਸਪੈਠੀਏ ਕਬਜ਼ਾ ਕਰ ਰਹੇ ਹਨ, ਇਹ ਕਬਜ਼ੇ ਕਰਾਉਣ ਪਿੱਛੇ ਵੱਡੇ ਸਿਆਸਤਦਾਨਾਂ, ਸਿਆਸਤਦਾਨਾਂ ਦੇ ਪਿੱਛਲੱਗਾਂ , ਇਥੇ ਤੱਕ ਕਿ ਸਰਕਾਰੀ ਅਫ਼ਸਰਾਂ ਦਾ ਵੀ ਹੱਥ ਹੋਣਾ ਪਾਇਆ ਜਾਂਦਾ ਹੈ। ਇਹਨਾਂ ਵਿਰੁੱਧ ਸਰਕਾਰਾਂ ਕੁਝ ਨਹੀਂ ਕਰਦੀਆਂ, ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਚੋਣਾਂ ਦੇ ਸਮਿਆਂ 'ਚ ਉਸਦੀ ਪੱਕੀ ਵੋਟ ਬੈਂਕ ਹੈ।

ਚੋਣਾਂ ਦੇ ਸਮਿਆਂ 'ਚ ਨੇਤਾਵਾਂ ਦੀ ਦਲਬਦਲੀ ਜਾਇਜ਼ ਗਿਣੀ ਜਾਂਦੀ ਹੈ। ਵਿਧਾਇਕਾਂ ਦੀ ਖਰੀਦੋ-ਫ਼ਰੋਖਤ ਉਤੇ ਵੀ ਕੋਈ ਪ੍ਰਸ਼ਨ ਚਿੰਨ ਨਹੀਂ ਉੱਠਦਾ। ਮੌਜੂਦਾ ਉਦਾਹਰਨ ਬਿਹਾਰ ਦੀ ਹੈ। ਨੌਵੀਂ ਵੇਰ ਮੁੱਖ ਮੰਤਰੀ ਬਣਿਆ ਬਿਹਾਰੀ ਨੇਤਾ ਨਤੀਸ਼ ਕੁਮਾਰ, ਅਨੈਤਿਕਤਾ ਦੀਆਂ ਹੱਦਾਂ ਪਾਰ ਕਰਦਾ, ਕਦੇ ਭਾਜਪਾ ਅਤੇ ਕਦੇ ਵਿਰੋਧੀ ਧਿਰ ਨਾਲ ਖੜਕੇ ਮੁੱਖ ਮੰਤਰੀ ਦੀ ਕੁਰਸੀ ਚੜ੍ਹਦਾ ਵੇਖਿਆ ਜਾਂਦਾ ਹੈ। ਆਇਆ ਰਾਮ, ਗਿਆ ਰਾਮ ਦੀ ਇਸਤੋਂ ਵੱਡੀ ਹੋਰ ਜਿਹੜੀ ਤਸਵੀਰ ਹੋ ਸਕਦੀ ਹੈ ਉਸ ਤੋਂ ਬਿਨ੍ਹਾਂ?

ਉਂਜ ਕੇਂਦਰ 'ਚ ਰਾਜ ਕਰਦੇ ਹਾਕਮਾਂ ਜਦੋਂ ਦਾਅ ਲਗਦਾ ਹੈ, ਵਿਰੋਧੀਆਂ ਨੂੰ ਮਾਤ ਪਾਉਣ ਲਈ ਇਹ ਖੇਡ ਖੇਡਦੇ ਹਨ, ਜਿਹੜਾ "ਦਲ ਬਦਲੀ ਕਾਨੂੰਨ" ਨੂੰ ਵੀ ਛਿੱਕੇ ਟੰਗ ਦਿੰਦਾ ਹੈ। ਉਂਜ ਸਮਝਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਗਿਰਗਟ ਵਾਂਗਰ ਰੰਗ ਬਦਲਣ ਵਾਲੇ ਨੇਤਾ ਜਦੋਂ ਲੋਕ ਕਚਿਹਰੀ 'ਚ ਜਾਂਦੇ ਹਨ ਤਾਂ ਫਿਰ ਵੀ ਉਹ ਮੁੜ "ਸਾਮ, ਦਾਮ, ਦੰਡ' ਦੀ ਸਿਆਸਤ ਕਰਦਿਆਂ ਮੁੜ ਚੋਣਾਂ ਜਿੱਤ ਜਾਂਦੇ ਹਨ।

ਚੋਣਾਂ ਦੇ ਸਮਿਆਂ 'ਚ ਕਰੋੜ ਪਤੀਆਂ, ਬਹੁ ਬਲੀਆਂ, ਦੀ ਤਾਂ ਜਿਵੇਂ ਚਾਂਦੀ ਹੋ ਜਾਂਦੀ ਹੈ, ਉਹ ਆਪਣੀ ਤਾਕਤ ਦੀ ਵਰਤੋਂ ਕਰਦਿਆਂ ਦੇਸ਼ ਦੇ ਪਵਿੱਤਰ ਸਦਨ "ਲੋਕ ਸਭਾ" ਦੀ ਦਹਿਲੀਜ਼ ਟੱਪਦੇ ਹਨ, ਸਤਿਕਾਰਯੋਗ ਬਣਦੇ ਹਨ, ਤੇ ਦੇਸ਼ ਦੇ ਲੋਕਾਂ ਉਤੇ ਉਸੇ ਬਹੁ-ਬਲ ਨਾਲ ਰਾਜ ਕਰਦੇ ਹਨ।

ਇਸ ਸਮੇਂ ਦੇਸ਼ ਦੀ ਲੋਕ ਸਭਾ ਅਤੇ ਰਾਜ ਸਭਾ 'ਚ ਬੈਠੇ ਸਤਿਕਾਰਯੋਗ ਮੈਂਬਰਾਨ ਜਾਣੀ ਮੈਂਬਰ ਪਾਰਲੀਮੈਂਟ ਦੀ ਪੜਚੋਲ ਕਰਨੀ ਤਾਂ ਬਣਦੀ ਹੀ ਹੈ। ਏ ਡੀ ਆਰ ਦੀ ਰਿਪੋਰਟ ਕਹਿੰਦੀ ਹੈ ਕਿ ਦੇਸ਼ ਦੀ ਪਾਰਲੀਮੈਂਟ ਦੇ ਕੁਲ 763 ਮੈਂਬਰਾਂ ਵਿਚੋਂ 306 ਉਤੇ ਅਪਰਾਧਿਕ ਕੇਸ ਹਨ, ਜਿਹਨਾ ਵਿਚੋਂ 25 ਫੀਸਦੀ ਉਤੇ ਗੰਭੀਰ ਕੇਸ ਹਨ, ਜਿਹਨਾ 'ਚ ਕਤਲ, ਔਰਤਾਂ ਨਾਲ ਬਲਾਤਕਾਰ ਦੇ ਕੇਸ ਹਨ। ਇਹਨਾ ਵਿੱਚ 139 ਭਾਜਪਾ ਦੇ ਅਤੇ 49 ਕਾਂਗਰਸ ਦੇ ਐਮ।ਪੀ। ਹਨ। ਹੈਰਾਨੀ ਤਾਂ ਹੋਣੀ ਹੀ ਨਹੀਂ ਚਾਹੀਦੀ ਕਿ ਇਹਨਾ ਵਿੱਚੋਂ 7 ਫ਼ੀਸਦੀ ਅਰਬਪਤੀ ਹਨ। ਇਸਤੋਂ ਵੀ ਅਗਲੀ ਗੱਲ ਇਹ ਕਿ 17ਵੀਂ ਲੋਕ ਸਭਾ ਦੇ ਜੋ 539 ਮੈਂਬਰ ਚੁਣੇ ਗਏ ਸਨ। ਉਹਨਾ ਵਿਚੋਂ ਇਸ ਰਿਪੋਰਟ ਅਨੁਸਾਰ 475 ਕਰੋੜਪਤੀ ਹਨ, ਜਿਹਨਾ ਵਿੱਚ ਭਾਜਪਾ ਦੇ 303 ਅਤੇ ਕਾਂਗਰਸ ਦੇ 52 ਕਰੋੜਪਤੀ ਮੈਂਬਰ ਹਨ।

ਦੇਸ਼ ਇਸ ਵੇਲੇ ਬੇਰੁਜ਼ਗਾਰੀ ਝੱਲ ਰਿਹਾ ਹੈ ।ਦੇਸ਼ 'ਚ ਬੇਰੁਜ਼ਗਾਰੀ ਦਰ 7।95 ਹੈ। ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ। ਕੁਲ 125 ਦੇਸ਼ਾਂ ਵਿੱਚ ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਇਸਦਾ ਸਥਾਨ 85ਵਾਂ ਹੈ। ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਅੰਤਰ-ਰਾਸ਼ਟਰੀ ਦ੍ਰਿਸ਼ 'ਚ ਬਦਨਾਮੀ ਖੱਟ ਚੁੱਕਾ ਹੈ। ਦੇਸ਼ ਬੁਰੀ ਤਰ੍ਹਾਂ ਕਰਜ਼ਾਈ ਹੈ। ਇਸ ਸਿਰ 205 ਲੱਖ ਕਰੋੜ ਕਰਜ਼ਾ ਹੈ।

ਚੋਣ ਵੇਲਿਆਂ 'ਚ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਸਿਹਤ, ਸਿੱਖਿਆ, ਵਾਤਾਵਰਨ, ਮੁੱਖ ਮੁੱਦੇ ਹੋਣੇ ਚਾਹੀਦੇ ਹਨ। ਲੋਕਾਂ ਕੋਲ ਰੋਟੀ, ਕੱਪੜਾ, ਮਕਾਨ ਹੈ ਜਾਂ ਨਹੀਂ, ਇਹ ਮੁੱਦਾ ਗੰਭੀਰ ਹੈ।

ਮੁੱਦੇ ਤਾਂ ਇਹ ਵੀ ਚੁਕਣੇ ਬਣਦੇ ਹਨ ਕਿ ਕੀ ਧਰਮ ਦੇ ਨਾਂਅ ਉਤੇ ਸਿਆਸਤ ਜਾਇਜ਼ ਹੈ? ਕੀ ਦੇਸ਼ ਵਿੱਚ ਸੰਘੀ ਢਾਂਚੇ ਦੀ ਸੰਘੀ ਘੁੱਟਕੇ ਲੋਕਤੰਤਰ ਦਾ ਘਾਣ ਨਹੀਂ ਕੀਤਾ ਜਾ ਰਿਹਾ? ਕੀ ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜਨ ਲਈ ਦਲ ਬਦਲੀ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ? ਕੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬੇਖੌਫ ਹੋ ਕੇ ਜੀਊਣ ਦਾ ਹੱਕ ਖੋਹਿਆ ਜਾਣਾ ਠੀਕ ਹੈ? ਕੀ ਦੇਸ਼ 'ਚ ਇੱਕ ਦੇਸ਼, ਇੱਕ ਕੌਮ, ਇੱਕ ਬੋਲੀ, ਇੱਕ ਚੋਣ ਦੀ ਰਾਜਨੀਤੀ ਨੂੰ ਲਾਗੂ ਕਰਨਾ ਡਿਕਟੇਟਰਾਨਾ ਸੋਚ ਵੱਲ ਦੇਸ਼ ਨੂੰ ਵਧਾਉਣਾ ਨਹੀਂ? ਜੋ ਸਾਡੇ ਅਨੁਸਾਰ ਨਹੀਂ ਸੋਚਦਾ, ਜੋ ਸਾਡੇ ਅਨੁਸਾਰ ਨਹੀਂ ਬੋਲਦਾ, ਉਸ ਉਤੇ ਦੇਸ਼ ਧ੍ਰੋਹੀ ਦਾ ਫੱਟਾ ਲਾਉਣਾ ਕੀ ਦੇਸ਼ ਦਾ ਜਮਹੂਰੀ ਖਾਸਾ ਬਦਲਣਾ ਨਹੀਂ?


ਬਿਨ੍ਹਾਂ ਸ਼ੱਕ ਦੇਸ਼ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹਨਾ ਮੁੱਦਿਆਂ ਸਬੰਧੀ ਚੋਣ ਮੈਨੀਫੈਸਟੋ ਜਾਰੀ ਕਰਨਗੀਆਂ। ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਗਿਣਾਏਗੀ। ਆਪਣੇ ਵਿਰੋਧੀ ਭ੍ਰਿਸ਼ਟ ਨੇਤਾਵਾਂ, ਪਰਿਵਾਰਵਾਦ ਦੇ ਚਿੱਠੇ ਫਰੋਲੇਗੀ। ਪਰ ਉਹ ਆਪਣੇ ਭ੍ਰਿਸ਼ਟ ਨੇਤਾਵਾਂ ਜਾਂ ਆਪਣੀ ਪਾਰਟੀ 'ਚ ਚੋਣਾਂ ਵੇਲੇ ਸ਼ਾਮਲ ਲੋਕਾਂ ਦਾ ਨੰਗ ਢੱਕ ਲਵੇਗੀ। ਵਿਰੋਧੀ ਧਿਰਾਂ ਵੀ ਸਰਕਾਰ ਦੇ ਪਾਜ ਖੋਹਲਣ ਲਈ ਯਤਨਸ਼ੀਲ ਹੋਣਗੀਆਂ। ਪਰ ਕੀ ਉਹ ਆਮ ਲੋਕਾਂ ਦੀਆਂ ਮੁੱਖ ਲੋੜਾਂ ਅਤੇ ਲੋਕਾਂ ਦੀ ਅਸਲ ਸਥਿਤੀ, ਆਪਣੇ ਲੋਕਾਂ ਦੀ ਕਚਿਹਰੀ 'ਚ ਪੇਸ਼ ਕਰਨ ਲਈ ਕਾਮਯਾਬ ਹੋ ਸਕਣਗੀਆਂ?

ਆਉਣ ਵਾਲੀ ਤਿਮਾਹੀ ਦੇਸ਼ ਲਈ ਅਹਿਮ ਹੈ। ਆਮ ਲੋਕਾਂ ਨੂੰ ਉਹਨਾ "ਪ੍ਰਮੁੱਖ ਲੋਕਾਂ" ਦੇ ਧੱਕੇ ਧੌਂਸ, ਰੌਲੇ, ਰੱਪੇ ਨੂੰ ਸੁਨਣਾ ਪਵੇਗਾ, ਜਿਹਨਾ ਨੂੰ ਉਹ ਕਈ ਹਾਲਤਾਂ 'ਚ ਮਨੋਂ ਪਸੰਦ ਨਹੀਂ ਕਰਦੇ। ਅਸਲ 'ਚ ਲੋਕਾਂ ਲਈ, ਇਹ ਨੇਤਾ ਉਹਨਾ ਦੀ ਮਜ਼ਬੂਰੀ ਬਣ ਚੁੱਕੇ ਹਨ, ਕਿਉਂਕਿ ਇਹਨਾ ਨੇਤਾਵਾਂ ਨੇ ਲੋਕਾਂ ਨੂੰ ਕੁਝ ਹੱਦ ਤੱਕ ਇੰਨਾ ਬੇਵੱਸ ਕਰ ਦਿੱਤਾ ਹੋਇਆ ਹੈ ਕਿ ਉਹ ਬੋਲਦੇ ਹੀ ਨਹੀਂ ਹਨ, ਧੱਕਾ ਸਹੀ ਜਾਂਦੇ ਹਨ ਅਤੇ ਸਿਰਫ ਉਹਨਾ ਦੀ ਵੋਟ ਬੈਂਕ ਬਣਕੇ ਰਹਿ ਗਏ ਹਨ ਜਾਂ ਉਹਨਾ ਵਲੋਂ ਮਧੁਰ ਧਰਮੀ ਬਾਣੀ 'ਚ ਕੀਲੇ ਕਿਸੇ ਸਾਰਥਕ ਸੋਚ ਤੋਂ ਸੱਖਣੇ, ਰੋਟੀ, ਪਾਣੀ ਦਾ ਆਹਾਰ ਕਰਨ ਤੱਕ ਸੀਮਤ ਕਰ ਦਿੱਤੇ ਗਏ ਹਨ।

ਲੋਕਾਂ ਦੀ ਸਾਣ 'ਤੇ ਲੱਗੀ ਸੋਚ, ਇਸ ਸੋਚ ਨੂੰ ਕਦੇ ਖ਼ਤਮ ਕਰਨ ਦੇ ਸਮਰੱਥ ਹੋਏਗੀ ਕਿ ਚੋਣ ਦੇ ਸਮਿਆਂ 'ਚ ਸੱਭੋ ਕੁਝ ਜਾਇਜ਼ ਹੈ ਜਾਂ ਨਹੀਂ। ਇਹ ਤਾਂ ਆਉਣ ਵਾਲੀਆਂ ਚੋਣਾਂ ਦੱਸਣਗੀਆਂ ਜਾਂ ਫਿਰ ਭਵਿੱਖ!

# ਜ਼ਿਲ੍ਹੇ ਦੀਆਂ ਸਬ ਡਵੀਜ਼ਨਾਂ ਵਿੱਚ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਲੱਗ ਰਹੇ ਹਨ ਲੋਕ ਸੁਵਿਧਾ ਕੈਂਪ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਗੇੜੇ ਮਾਰਨ ਦੀ ਬਜਾਏ ਉਨ੍ਹਾਂ ਦੇ ਜੱਦੀ ਸਥਾਨਾਂ 'ਤੇ ਜਾ ਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਦਿਤਯ ਉਪਲ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੀ ਸਬ ਡਵੀਜ਼ਨ ਪਠਾਨਕੋਟ ਅਤੇ ਧਾਰ ਕਲਾਂ ਵਿੱਚ 6 ਫਰਵਰੀ ਨੂੰ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਲੋਕ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਰੱਖੀ ਗਈ ਜਿਸ ਦੀ ਪ੍ਰਧਾਨਗੀ ਸਾਂਝੇ ਤੌਰ ਤੇ ਐਸ.ਡੀ.ਐਮ. ਪਠਾਨਕੋਟ ਡਾ. ਸੁਮਿਤ ਮੁੱਧ ਅਤੇ



ਐਸ.ਡੀ.ਐਮ. ਧਾਰ ਸ਼੍ਰੀ ਕਾਲਾ ਰਾਮ ਕਾਂਸਲ ਨੇ ਕੀਤੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਐਸ.ਡੀ.ਐਮ. ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਹ ਕੈਂਪ ਸਬ ਡਿਵੀਜ਼ਨ ਧਾਰ ਵਿੱਚ ਪਿੰਡ ਮਾੜਵਾਂ (ਪਰਾਇਮਰੀ ਸਕੂਲ), ਗੁਨੇਰਾ (ਬਾਉਲੀ ਮੰਦਿਰ), ਦਰਬਾਨ (ਪਰਾਇਮਰੀ ਸਕੂਲ) ਅਤੇ ਦੱਖਨਿਆਲੀ (ਧਰਮਸ਼ਾਲਾ) ਵਿੱਖੇ ਮਿਤੀ 06/02/2024 ਨੂੰ ਲਗਣਗੇ।

ਇਸੇ ਤਰ੍ਹਾ ਸਬ ਡਿਵੀਜ਼ਨ ਪਠਾਨਕੋਟ ਵਿੱਚ ਵੀ ਪਿੰਡ ਨੋਰੰਗਪੁਰ (ਕਮਿਊਨਟੀ ਹਾਲ), ਸਦੋਵਾਲ (ਕਮਿਊਨਟੀ ਹਾਲ), ਸਰਨਾ ( ਸਰਕਾਰੀ ਮਿਡਲ ਸਕੂਲ) ਅਤੇ ਬਹਾਦਰ ਲਾਹੜੀ (ਗੁਰੂ ਰਵੀਦਾਸ ਮੰਦਿਰ) ਵਿੱਖੇ ਸਵੇਰੇ 10 ਵਜੇ ਤੋਂ 3 ਵਜੇ ਤੱਕ ਲਗਾਏ ਜਾਣਗੇ। ਇਹਨਾਂ ਕੈਂਪਾ ਵਿੱਚ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ 44 ਸੇਵਾਵਾਂ ਬਾਰੇ ਲੋਕਾਂ ਨੂੰ ਦੱਸਿਆ ਜਾਵੇਗਾ ਅਤੇ ਮੌਕੇ ਤੇ ਸਾਰੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹਿਣਗੇ ਜੋ ਮੌਕੇ ਤੇ ਹੀ ਪਿੰਡ ਵਾਸੀਆਂ ਦੀ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।

## ਅਮਰੀਕੀ ਕਾਲਿਆਂ ਦੇ ਕੋਲ ਖੁਦ ਦਾ ਬੈਂਕ, ਕੰਪਨੀਆਂ, ਰੇਡੀਓ ਅਤੇ ਅਖ਼ਬਾਰ ਹਨ

# ਆਪਣੇ ਲਈ ਅਲੱਗ ਬੈਂਕ ਬਣਾਉਣ ਦਲਿਤ



ਚੰਦਰਭਾਨ ਪ੍ਰਸਾਦ

ਅੱਜ ਅਮਰੀਕਾ ਵਿਚ ਕਾਲਿਆਂ ਦੀ ਮਾਲਕੀ ਵਾਲੇ 21 ਬੈਂਕ ਹਨ, ਜਿਹਨਾਂ ਦੀ ਸਾਂਝੀ ਪੂੰਜੀ 4.7 ਅਰਬ ਡਾਲਰ ਹੈ, ਯਾਨਿ ਲੱਗਭੱਗ 330 ਅਰਬ ਰੁਪਏ। ਕਾਲਿਆਂ ਦੀ ਮਾਲਕੀ ਵਾਲੀਆਂ ਬਹੁਤ ਸਾਰੀਆਂ ਕ੍ਰੈਡਿਟ ਯੂਨੀਅਨਾਂ ਹਨ, ਕਾਲਿਆਂ ਦੀ ਮਾਲਕੀ ਵਾਲੀਆਂ ਇੰਸ਼ੋਰੈਂਸ ਕੰਪਨੀਆਂ ਹਨ ਅਤੇ ਅਨੇਕਾਂ ਵਿੱਤੀ ਸੰਸਥਾਵਾਂ ਵੀ। ਦਲਿਤ ਬੌਧਿਕ ਪ੍ਰੰਪਰਾ ਵਿਚ ਅਮਰੀਕਾ ਅਤੇ ਅਮਰੀਕੀ ਕਾਲਿਆਂ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਸਾਲ 1918 ਵਿਚ ਆਪਣੇ ਪਹਿਲੇ ਮਹਾਨ ਗ੍ਰੰਥ 'ਸਮਾਲ ਹੋਲਡਿੰਗਸ ਵਿਚ ਡਾ. ਅੰਬੇਡਕਰ ਅਮਰੀਕੀ ਖੇਤੀ ਵਿਵਸਥਾ ਦੀ ਉਦਾਹਰਣ ਦਿੰਦੇ ਹਨ ਅਤੇ ਭਾਰਤੀ ਖੇਤੀ ਵਿਵਸਥਾ ਨੂੰ ਵੀ ਉਹੀ ਉਦਯੋਗਿਕ ਸਰੂਪ ਦਿੱਤੇ ਜਾਣ ਦੀ ਵਕਾਲਤ ਕਰਦੇ ਹਨ। ਉਹਨਾਂ ਨੇ ਆਪਣੀ ਰਾਜਨੀਤਿਕ ਪਾਰਟੀ 'ਰਿਪਬਲਿਕਨ ਪਾਰਟੀ ਆਫ਼ ਇੰਡੀਆ' ਦਾ ਨਾਂ ਵੀ ਦਾਸ ਪ੍ਰਥਾ ਖਤਮ ਕਰਨ ਵਾਲੇ ਅਮਰੀਕੀ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੀ ਰਿਪਬਲਿਕਨ ਪਾਰਟੀ ਦੇ ਨਾਂ ਤੇ ਕੀਤਾ। ਡਾ. ਅੰਬੇਡਕਰ ਦੇ ਬਾਅਦ ਦਾ ਦਲਿਤ ਅੰਦੋਲਨ ਵੀ ਅਮਰੀਕੀ ਕਾਲਿਆਂ ਦੇ ਅੰਦੋਲਨ ਤੋਂ ਪ੍ਰਭਾਵਿਤ ਰਿਹਾ ਹੈ। ਮਈ 1971 ਵਿਚ ਆਰੰਭ ਹੋਇਆ ਦਲਿਤ ਪੈਂਥਰ ਅੰਦੋਲਨ ਸਾਲ 1966 ਵਿਚ ਅਮਰੀਕਾ ਵਿਚ ਉਭਰੇ ਬਲੈਕ ਪੈਂਥਰਸ ਅੰਦੋਲਨ ਤੋਂ ਪ੍ਰਭਾਵਿਤ ਸੀ।

ਭਾਰਤ ਵਿਚ ਦਲਿਤ ਕੈਪੀਟੀਲਿਜ਼ਮ ਅੰਦੋਲਨ 1960 ਦੇ ਦਹਾਕੇ ਦੇ ਅਮਰੀਕੀ ਬਲੈਕ ਕੈਪੀਟਲਿਜ਼ਮ ਤੋਂ ਪ੍ਰੇਰਿਤ ਹੈ। ਦਲਿਤ ਬੈਂਕ ਦਾ ਮੁੱਦਾ ਵੀ ਅਮਰੀਕੀ ਕਾਲਿਆਂ ਦੀ ਮਾਲਕੀ ਦੇ ਬੈਂਕਾਂ ਤੋਂ ਪ੍ਰੇਰਿਤ ਹੈ। ਅਮਰੀਕਾ ਵਿਚ ਦਾਸ ਪ੍ਰਥਾ ਦੇ ਅੰਤ ਦੇ ਕੇਵਲ 25 ਸਾਲ ਬਾਅਦ ਹੀ 1886 ਵਿਚ ਇਕ ਸਾਬਕਾ ਦਾਸ ਨੇ 'ਗ੍ਰੈਂਡ ਫਾਊਂਟੇਨ' ਨਾਂ ਦਾ ਪਹਿਲਾ ਕਾਲਿਆਂ ਦਾ ਬੈਂਕ ਸਥਾਪਿਤ ਕੀਤਾ। 1900 ਵਿਚ ਇਕ ਸਾਬਕਾ ਕਾਲੇ ਦਾਸ ਬੁਕਰ ਟੀ. ਵਾਸ਼ਿੰਗਟਨ ਨੇ ਪਹਿਲੀ 'ਨੈਸ਼ਨਲ ਨੀਗਰੋ ਬਿਜ਼ਨਸ ਲੀਗ' ਦੀ ਸਥਾਪਨਾ ਕੀਤੀ, ਜਿਸਦਾ ਉਦੇਸ਼ ਸੀ ਕਾਲਿਆਂ ਵਿਚ ਆਰਥਿਕ ਸ਼ਕਤੀ ਖੜ੍ਹੀ ਕਰਨਾ। ਇਸੇ ਸਮੇਂ ਇਕ ਕਾਲੀ ਔਰਤ ਮੈਡਮ ਸੀ. ਜੀ. ਵਾਕਰ ਨੇ ਪਹਿਲਾ ਕਾਲਿਆਂ ਦਾ ਬ੍ਰਾਂਡ ਮਾਰਕੀਟ ਵਿਚ ਲਾਂਚ ਕਰ ਦਿੱਤਾ। ਨੈਸ਼ਨਲ ਨੀਗਰੋ ਬਿਜ਼ਨਸ ਲੀਗ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਕਾਲੇ ਨੌਜਵਾਨਾਂ ਨੇ ਬਿਜ਼ਨਸ ਨੂੰ ਆਪਣਾ ਕੈਰੀਅਰ ਬਣਾਉਣਾ ਆਰੰਭ ਕੀਤਾ। ਸਾਲ 1949 ਵਿਚ ਪਹਿਲਾ ਕਾਲਾ ਵਿਅਕਤੀ ਵਾਲ ਸਟ੍ਰੀਟ ਤੇ ਇਕ ਸੇਲਜ਼ਮੈਨ ਦੇ ਰੂਪ ਵਿਚ ਰਜਿਸਟਰਡ ਹੋਇਆ। 1952 ਵਿਚ ਪਹਿਲੀ ਕਾਲਿਆਂ ਦੀ ਸਕਿਊਰਟੀਜ਼ ਫਰਮ ਨੂੰ ਨੈਸ਼ਨਲ ਐਸੋਸੀਏਸ਼ਨ ਆਫ਼ ਸਕਿਊਰਟੀਜ਼ ਡੀਲਰਸ ਦੁਆਰਾ ਸ਼ੇਅਰ ਟਰੇਡਿੰਗ ਦਾ ਲਾਇਸੈਂਸ ਮਿਲਿਆ।




ਸਾਲ 1960 ਵਿਚ ਪਹਿਲੀ ਵਾਰ ਇਕ ਕਾਲਿਆਂ ਦੀ ਕੰਪਨੀ ਵਾਲ ਸਟ੍ਰੀਟ 'ਤੇ ਰਜਿਸਟਰਡ ਹੋਈ। ਅੱਜ ਬਹੁਤ ਸਾਰੇ ਕਾਲੇ ਵਾਲ ਸਟ੍ਰੀਟ ਵਿਚ ਇਨਵੈਸਟਮੈਂਟ ਬੈਂਕਰ, ਫਾਈਨੈਂਸ਼ੀਅਲ ਐਨਲਿਸਟ, ਟ੍ਰੇਡਰਸ, ਫੰਡ ਮੈਨੇਜਰ ਅਤੇ ਵੈਂਚਰ ਕੈਪੀਟਲਿਸਟ ਦੇ ਰੂਪ ਵਿਚ ਕੰਮ ਕਰਦੇ ਹਨ। ਸਾਲ 1991 ਵਿਚ ਪਹਿਲੀ ਕਾਲਿਆਂ ਦੀ ਕੰਪਨੀ 'ਬਲੈਕ ਐਂਟਰਨੇਟਮੈਂਟ ਟੈਲੀਵਿਜ਼ਨ' ਨਿਊਯਾਰਕ ਸਟਾਕ ਐਕਸਚੇਂਜ 'ਤੇ ਲਿਸਟਡ ਹੋ ਗਈ। ਫੋਰਬਸ ਮੈਗਜ਼ੀਨ ਨੇ ਸਾਲ 2001 ਵਿਚ ਬਲੈਕ ਐਂਟਰਨੇਟਮੈਂਟ ਟੈਲੀਵਿਜ਼ਨ ਦੇ ਸੰਸਥਾਪਕ ਰਾਵਰਟ ਐਲ. ਜਾਨਸਨ ਦੇ ਪਹਿਲੇ ਕਾਲੇ ਅਰਬਪਤੀ ਬਣਨ ਦਾ ਐਲਾਨ ਕੀਤਾ, ਹਾਲਾਂਕਿ ਤਲਾਕ ਦੇ ਕਾਰਨ ਉਹਨਾਂ ਨੇ ਅਰਬਪਤੀ ਦਾ ਤਾਜ ਗੁਆ ਦਿੱਤਾ। ਪਰ ਤਿੰਨ ਨਵੇਂ ਕਾਲੇ ਅਰਬਪਤੀ- ਮੈਡਮ ਓਪ੍ਰਾ ਵਿਨਫ੍ਰੇ, ਮਾਈਕਲ ਜਾਰਡਨ ਅਤੇ ਰਾਬਰਟ ਸਮਿੱਥ ਕਾਲਿਆਂ ਦੀ ਸ਼ਾਨ ਵਧਾ ਰਹੇ ਹਨ। ਦਰਅਸਲ ਦੋ ਕਿਸਮ ਦੀਆਂ ਸੰਸਥਾਵਾਂ ਨੇ ਅਮਰੀਕਨ ਕਾਲਿਆਂ ਦੀ ਤਸਵੀਰ ਬਦਲ ਦਿੱਤੀ। ਨੀਗਰੋ ਬਿਜ਼ਨਸ ਲੀਗ ਨੇ ਕਾਲਿਆਂ ਵਿਚ ਬਿਜ਼ਨਸ ਨੂੰ ਲੋਕਪ੍ਰਿਆ ਬਣਾਇਆ, ਜਦਕਿ ਕਾਲਿਆਂ ਦੀ ਮਾਲਕੀ ਵਾਲੇ ਬੈਂਕਾਂ ਨੇ ਕਾਲਿਆਂ ਵਿਚਕਾਰ ਪੈਸਾ ਇਕੱਠਾ ਕਰਨ ਦੀ ਇਕ ਨਵੀਂ ਸੰਸਕ੍ਰਿਤੀ ਪੈਦਾ ਕੀਤੀ। ਆਸਾਨ ਸ਼ਰਤਾਂ ਅਤੇ ਘੱਟ ਵਿਆਜ ਤੇ ਕਰਜ਼ਾ ਉਪਲਬਧ ਕਰਵਾ ਕੇ ਕਾਲੇ ਬੈਂਕਾਂ ਨੇ ਕਾਲੇ ਨੌਜਵਾਨਾਂ ਵਿਚ ਕਾਰੋਬਾਰ ਪ੍ਰਤੀ ਉਤਸ਼ਾਹ ਪੈਦਾ ਕੀਤਾ।

ਕਾਲੇ ਬੈਂਕਾਂ ਦੀ ਸਥਾਪਨਾ ਦੇ ਕਾਰਨ ਸਮੁੱਚੇ ਅਮਰੀਕੀ ਕਾਲਾ ਭਾਈਚਾਰੇ ਵਿਚ ਇਕ ਨਵਾਂ ਆਤਮ ਵਿਸ਼ਵਾਸ ਪੈਦਾ ਹੋਇਆ। ਹਾਲੇ ਵੀ ਬਹੁਤ ਸਾਰੇ ਕਾਲੇ ਗਰੀਬ ਹਨ ਅਤੇ ਨਸਲੀ ਭੇਦਭਾਵ ਦਾ ਸ਼ਿਕਾਰ ਹੁੰਦੇ ਹਨ ਪਰ ਕੁੱਲ ਮਿਲਾ ਕੇ ਅਮਰੀਕੀ ਕਾਲੇ ਅੱਜ ਇਕ ਵੱਡੀ ਆਰਥਿਕ ਸ਼ਕਤੀ ਬਣ ਚੁੱਕੇ ਹਨ। ਅਮਰੀਕਾ ਦੇ ਮੰਨੇ-ਪ੍ਰਮੰਨੇ ਕਾਲੇ ਲੇਖਕ ਅਤੇ ਰੇਡੀਓ ਹੋਸਟ ਲੋਰੀ ਐਲਡਰ ਮੁਤਾਬਕ ਜੇਕਰ ਅਮਰੀਕੀ ਕਾਲੇ ਇਕ ਮੁਲਕ ਹੁੰਦੇ ਤਾਂ ਜੀਡੀਪੀ ਦੇ ਮਾਮਲੇ ਵਿਚ ਦੁਨੀਆਂ ਦਾ ਪੰਦਰਵਾਂ ਸਭ ਤੋਂ ਅਮੀਰ ਮੁਲਕ ਹੁੰਦਾ। ਉਹਨਾਂ ਨੇ 2014 ਵਿਚ ਕਾਲਿਆਂ ਦੀ ਸਾਲਾਨਾ ਆਮਦਨ 836 ਅਰਬ ਡਾਲਰ ਦੱਸੀ। ਇਕ ਹੋਰ ਸੰਸਥਾ ਸੋਲਿੰਗ ਸੈਂਟਰ ਮੁਤਾਬਕ ਕਾਲਿਆਂ ਦੀ ਸਾਲਾਨਾ ਆਮਦਨ 1000 ਅਰਬ ਡਾਲਰ ਹੈ। ਅਮਰੀਕਾ ਵਿਚ ਕਾਲਿਆਂ ਦੀ ਆਬਾਦੀ ਸਿਰਫ਼ 12.5 ਫੀਸਦੀ ਹੈ। ਪੈਸਾ ਆਉਣ ਦੇ ਨਾਲ ਹੀ ਕਾਲਿਆਂ ਦੇ ਸਮਾਜ ਕੋਲ ਆਪਣੇ ਅਖ਼ਬਾਰ, ਮੈਗਜ਼ੀਨ, ਰੇਡੀਓ ਸਟੇਸ਼ਨ, ਨਿਊਜ਼ ਚੈਨਲ ਆਦਿ ਸਭ ਆ ਗਏ ਹਨ। ਗੀਤ, ਸੰਗੀਤ, ਫਿਲਮ, ਕਲਾ, ਖੇਡਾਂ, ਫੌਜ, ਕਾਨੂੰਨ, ਵਿਗਿਆਨ, ਰਾਜਨੀਤੀ, ਹਰ ਖੇਤਰ ਵਿਚ ਕਾਲਿਆਂ ਦੇ ਸਮਾਜ ਨੇ ਆਪਣੀ ਥਾਂ ਬਣਾਈ ਹੈ। ਬਰਾਕ ਓਬਾਮਾ ਦਾ ਰਾਸ਼ਟਰਪਤੀ ਬਣਨਾ ਕਾਲਿਆਂ ਦੇ ਸਮਾਜ ਦੀ ਤਰੱਕੀ ਦਾ ਪ੍ਰਤੀਕ ਹੈ। ਹੁਣ ਭਾਰਤ ਵਿਚ ਦਲਿਤਾਂ ਨੂੰ ਦੇਖ ਲਓ। ਵੀਹ ਕਰੋੜ ਦੀ ਆਬਾਦੀ ਵਾਲੇ ਦਲਿਤ ਸਮਾਜ ਤੋਂ ਵਿਧਾਇਕ, ਸਾਂਸਦ, ਕੈਬਨਿਟ ਮੰਤਰੀ, ਇੱਥੋਂ ਤੱਕ ਕਿ ਮੁੱਖ ਮੰਤਰੀ ਅਤੇ ਰਾਸ਼ਟਰਪਤੀ ਤੱਕ ਹਨ। ਡਾਕਟਰ, ਇੰਜੀਨੀਅਰ, ਕਾਰਪੋਰੇਟ ਪ੍ਰੋਫੈਸ਼ਨਲਜ਼ ਅਤੇ ਉੱਦਮੀ ਤਾਂ ਹਨ ਹੀ। ਪਰ ਇਹਨਾਂ ਦੇ ਪੈਸਿਆਂ ਦਾ ਕੀ ਹੁੰਦਾ ਹੈ? ਆਖਿਰ ਦੇਸ਼ ਵਿਚ ਇਕ ਵੀ ਦਲਿਤ ਬੈਂਕ ਕਿਉਂ ਨਹੀਂ ਹੈ? ਦਲਿਤ ਇੰਸ਼ੋਰੈਂਸ ਕੰਪਨੀ ਕਿਉਂ ਨਹੀਂ ਹੈ? ਅਮਰੀਕੀ ਕਾਲਿਆਂ ਨੇ ਆਪਣੀ ਕਮਾਈ ਨੂੰ ਅਨੁਸ਼ਾਸਨ ਵਿਚ ਬੰਨ੍ਹਿਆ ਅਤੇ ਬਹੁਤ ਉਦਯੋਗ ਸਥਾਪਤ ਕੀਤੇ। ਕਿਉਂਕਿ ਇਹਨਾਂ ਦਾ ਧਨ ਇਕੱਠੇ ਕਰਨਾ ਅਤੇ ਸਹੀ ਖਰਚ ਹੋਇਆ, ਇਸ ਕਰਕੇ ਇਹਨਾਂ ਦੇ ਆਪਣੇ ਅਖ਼ਬਾਰ, ਰੇਡੀਓ ਸਟੇਸ਼ਨ, ਟੀ. ਵੀ. ਚੈਨਲ ਸਭ ਕੁਝ ਹੋ ਗਏ। ਪਰ ਭਾਰਤੀ ਦਲਿਤਾਂ ਦੀ ਕਮਾਈ ਅਨੁਸ਼ਾਸਿਤ ਨਹੀਂ ਹੋ ਸਕੀ, ਇਸ ਕਰਕੇ ਸਮਾਜ ਦੀ ਤਾਕਤ ਨਹੀਂ ਬਣ ਸਕੀ। ਇਹ ਸੋਚਣਾ ਗਲਤ ਹੋਵੇਗਾ ਕਿ ਦਲਿਤਾਂ ਦੇ ਕੋਲ ਪੈਸਾ ਨਹੀਂ। ਇਸ ਕਰਕੇ ਦਲਿਤ ਬੈਂਕ ਨਹੀਂ ਬਣ ਸਕੇ।ਯੂ. ਪੀ. ਦੇ ਕੇਵਲ ਇਕ ਜ਼ਿਲ੍ਹੇ ਸ਼ਾਹਜਹਾਂਪੁਰ ਦੀ ਹੀ ਉਦਾਹਰਣ ਲੈ ਲਓ। ਇਕ ਅਧਿਆਪਕ ਦੀ ਪਹਿਲਾਂ ਤਨਖਾਹ 39000 ਹੁੰਦੀ ਹੈ। ਜੇਕਰ ਦਲਿਤ ਅਧਿਆਪਕਾਂ ਦੀ ਔਸਤ ਮਾਸਿਕ ਤਨਖਾਹ 50 ਹਜ਼ਾਰ ਲਈ ਜਾਵੇ ਤਾਂ ਸਾਂਝੀ ਕਮਾਈ ਪੰਜ ਕਰੋੜ 77 ਲੱਖ ਹੋਵੇਗੀ। ਯਾਨਿ 69.24 ਕਰੋੜ ਸਾਲਾਨਾ ਜਾਂ ਦਸ ਸਾਲ ਵਿਚ 692.4 ਕਰੋੜ। ਮਤਲਬ ਇਕ ਜ਼ਿਲ੍ਹੇ ਵਿਚ ਹੀ ਬੈਂਕ ਖੜ੍ਹਾ ਹੋ ਸਕਦਾ ਹੈ। ਦਲਿਤਾਂ ਦੀ ਦੌਲਤ ਹੜ੍ਹ ਦੇ ਪਾਣੀ ਵਾਂਗ ਹੈ ਜੋ ਸਮੁੰਦਰ ਵਿਚ ਮਿਲ ਜਾਂਦਾ ਹੈ। ਲੋੜ ਇਸ ਗੱਲ ਦੀ ਹੈ ਕਿ ਹੜ੍ਹ ਦੇ ਇਸ ਪਾਣੀ ਨੂੰ ਬੰਨ੍ਹ ਮਾਰ ਕੇ ਰੋਕਿਆ ਜਾਵੇ। ਦਲਿਤ ਸਮਾਜ ਵਿਚ ਇਕ ਨਹੀਂ ਸੌ ਦਲਿਤ ਬੈਂਕ ਬਣਾਏ ਜਾਣ। ਦਲਿਤ ਬੈਂਕ ਵਕਤ ਦੀ ਲੋੜ ਹੈ।

# ਪ੍ਰੋ. ਜਸਵੰਤ ਸਿੰਘ ਗੰਡਮ ਦੀ ਪੁਸਤਕ ਉੱਗਦੇ ਸੂਰਜ ਦੀ ਅੱਖ ਵਿਅੰਗਾਮਿਕ ਚੋਭਾਂ

ਪ੍ਰੋ. ਜਸਵੰਤ ਸਿੰਘ ਗੰਡਮ ਵਿਦਵਾਨ ਖੋਜੀ ਵਿਅੰਗਕਾਰ ਹੈ। ਉਸ ਦੇ ਵਿਅੰਗ ਦੇ ਤੀਰ ਤਿੱਖੇ ਹੁੰਦੇ ਹਨ, ਜਿਹੜੇ ਬੇਸਮਝ ਇਨਸਾਨ ਨੂੰ ਵੀ ਸੋਚਣ ਲਈ ਮਜ਼ਬੂਰ ਕਰ ਦਿੰਦੇ ਹਨ। ਉਸ ਦੇ ਵਿਅੰਗ ਦੀਆਂ ਦੋ ਪੁਸਤਕਾਂ 'ਕੁਛ ਤੇਰੀਆਂ ਕੁਛ ਮੇਰੀਆਂ' ਅਤੇ 'ਸੁੱਤੇ ਸ਼ਹਿਰ ਦਾ ਸਫ਼ਰ' ਪ੍ਰਕਾਸ਼ਤ ਹੋ ਚੁੱਕੀਆਂ ਹਨ। ਉੱਗਦੇ ਸੂਰਜ ਦੀ ਅੱਖ ਉਸ ਦੀ ਤੀਜੀ ਪੁਸਤਕ ਹੈ। ਇਸ ਪੁਸਤਕ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਹਿੱਸੇ ਵਿਚ 19 ਜਾਣਕਾਰੀ ਭਰਪੂਰ ਸੰਜੀਦਗੀ ਵਾਲੇ ਅਤੇ ਦੂਜੇ ਹਿੱਸੇ ਵਿੱਚ 14 ਵਿਅੰਗਾਤਮਿਕ ਲੇਖ ਹਨ। ਪਹਿਲੇ ਭਾਗ ਵਾਲੇ ਲੇਖਾਂ ਵਿੱਚ ਵੀ ਵਿਅੰਗ ਦੇ ਤੀਰ ਲੱਗੇ ਹੋਏ ਹਨ। ਉਹ ਪੜ੍ਹਿਆ ਲਿਖਿਆ ਵਿਦਵਾਨ ਤੇ ਗੁੜ੍ਹਿਆ ਤਜਰਬੇਕਾਰ ਵਿਅੰਗਕਾਰ ਹੈ। ਪ੍ਰੋ. ਜਸਵੰਤ ਸਿੰਘ ਗੰਡਮ ਦੇ ਲੇਖ ਲਗਪਗ ਹਰ ਵਿਸ਼ੇ ਨਾਲ ਸੰਬੰਧਤ ਹੁੰਦੇ ਹਨ। ਉਹ ਅੰਗਰੇਜ਼ੀ ਦੇ ਪ੍ਰੋਫ਼ੈਸਰ ਰਹੇ ਹਨ, ਇਸ ਲਈ ਉਨ੍ਹਾਂ ਦਾ ਗਿਆਨ ਬਹੁਤ ਜ਼ਿਆਦਾ ਹੈ, ਜਿਸ ਕਰਕੇ ਹਰ ਲੇਖ ਵਿੱਚ ਜਿਹੜੀਆਂ ਗੱਲਾਂ ਲਿਖਦੇ ਹਨ, ਉਹ ਸਚਾਈ 'ਤੇ ਅਧਾਰਤ ਹੁੰਦੀਆਂ ਹਨ।

ਕਿਸੇ ਵਿਸ਼ੇ 'ਤੇ ਲੇਖ ਲਿਖਣ ਲਈ ਉਸ ਖੇਤਰ ਦੀ ਜਾਣਕਾਰੀ ਅਰਥਾਤ ਗਿਆਨ ਹੋਣਾ ਅਤਿਅੰਤ ਜ਼ਰੂਰੀ ਹੈ। ਪ੍ਰੋ. ਜਸਵੰਤ ਸਿੰਘ ਗੰਡਮ ਦੀ ਖ਼ੂਬੀ ਇਹੋ ਹੈ ਕਿ ਉਹ ਗਿਆਨ ਦਾ ਭੰਡਾਰ ਹੈ। ਇਸ ਲਈ ਉਸ ਦੇ ਲੇਖ ਜਾਣਕਾਰੀ ਭਰਪੂਰ ਤੇ ਦਿਲਚਸਪ ਮਨੋਰੰਜਨ ਵਾਲੇ ਹੁੰਦੇ ਹਨ। ਉਹ ਆਪਣੇ ਵਿਸ਼ੇ ਦੀ ਤਹਿ ਤੱਕ ਅਜਿਹੀ ਜਾਣਕਾਰੀ ਦਿੰਦਾ ਹੈ, ਜਿਹੜੀ ਪਾਠਕ ਨੂੰ ਅੱਗੇ ਪੜ੍ਹਨ ਲਈ ਪ੍ਰੇਰਦੀ ਹੈ। ਇਕ ਵਾਰ ਲੇਖ ਸ਼ੁਰੂ ਕਰਕੇ ਖ਼ਤਮ ਕੀਤੇ ਬਿਨਾ ਰੁਕ ਨਹੀਂ ਸਕਦੇ ਕਿਉਂਕਿ ਵਿਸ਼ੇ ਬਾਰੇ ਜਾਣਕਾਰੀ ਦਿੰਦਿਆਂ ਵਾਰ-ਵਾਰ ਉਹ ਵਿਅੰਗ ਦੇ ਤੁਣਕੇ ਮਾਰਦਾ ਰਹਿੰਦਾ ਹੈ। ਲੇਖਾਂ ਵਿੱਚ ਇਤਨੀ ਜਾਣਕਾਰੀ ਹੁੰਦੀ ਹੈ, ਕਈ ਵਾਰ ਹੈਰਾਨ ਹੋਈਦਾ ਹੈ, ਇਤਨੀ ਜਾਣਕਾਰੀ ਕਿਵੇਂ ਤੇ ਕਿਥੋਂ ਇਕੱਤਰ ਕੀਤੀ ਹੈ। ਇਹ ਛੋਟੇ-ਛੋਟੇ ਲੇਖ ਪੀ.ਐਚ.ਡੀ. ਦੇ ਖੋਜੀ ਵਿਦਿਆਰਥੀਆਂ ਦੇ ਲਈ ਲਿਖੇ ਮਹਿਸੂਸ ਹੁੰਦੇ। ਉਸ ਦੇ ਲੇਖਾਂ ਦੇ ਵਾਕ ਛੋਟੇ ਅਤੇ ਸਰਲ ਹੁੰਦੇ ਹਨ। ਇਹੋ ਉਸ ਦੀ ਸ਼ੈਲੀ ਦੀ ਖ਼ੂਬੀ ਹੈ। ਲੇਖਾਂ ਦੇ ਸਿਰਲੇਖ ਵੀ ਪਾਠਕ ਦੇ ਮਨਾ ਨੂੰ ਟੁੰਬਦੇ ਹਨ, ਜਿਸ ਕਰਕੇ ਪਾਠਕ ਦੀ ਪੜ੍ਹਨ ਲਈ ਉਤੇਜਨਾ ਵੱਧ ਜਾਂਦੀ ਹੈ। ਉਦਾਹਰਣ ਲਈ ' ਨੀ ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ', 'ਮੁੰਡਾ ਮੋਹ ਲਿਆ ਤਵੀਤਾਂ ਵਾਲਾ ਤੇ ਦਮੜੀ ਦਾ ਸੱਕ ਮਲ ਕੇ', 'ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ', 'ਸਾਗ ਮੱਥੇ ਦੇ ਭਾਗ', ' ਚਮਚਿਆਂ ਦੇ ਸੱਤੀਂ ਕਪੜੀਂ ਅੱਗ', 'ਜਦੋਂ ਅਸੀਂ ਰੱਬ ਨੂੰ ਪਿਆਰੇ ਹੋ ਗਏ', 'ਐਤਕੀਂ ਤਾਂ ਨਿਚੋੜ ਸੁਟੇ ਨਿੰਬੂ ਨੇ', ਜਦੋਂ ਅਸੀਂ ਮੂੰਹ ਕਾਲਾ ਕੀਤਾ', 'ਤੈਨੂੰ ਚੰਦ ਦੀ ਮੈਂ ਸੈਰ ਕਰਾਵਾਂ ਅਤੇ 'ਇਸਰੋ' ਦੀ ਮੋਟਰ 'ਤੇ'। ਉਸ ਦੇ ਵਿਅੰਗ ਨਿਰਾ ਹਾਸਾ ਠੱਠਾ ਪੈਦਾ ਕਰਨ ਵਾਲੇ ਹੀ ਨਹੀਂ ਸਗੋਂ ਤੱਥਾਂ ਸਹਿਤ ਸਾਰਥਿਕ ਹੁੰਦੇ ਹਨ, ਜਿਨ੍ਹਾਂ ਦਾ ਪਾਠਕ ਦੇ ਮਨ 'ਤੇ ਪ੍ਰਭਾਵ ਪੈਣਾ ਕੁਦਰਤੀ ਹੈ। ਉਹ ਹੌਲੇ ਪੱਧਰ ਦਾ ਵਿਅੰਗ ਨਹੀਂ ਕਰਦਾ। ਉਸ ਦੀ ਇਸ ਪੁਸਤਕ ਵਿੱਚ 33 ਲੇਖ ਹਨ। ਇਸ ਪੁਸਤਕ ਦੇ ਲੇਖ ਵੀ ਰੰਗ ਬਰੰਗੇ ਹਨ, ਜਿਹੜੇ ਵਿਅੰਗ ਦੀ ਖ਼ੁਸ਼ਬੂ ਨਾਲ ਵਾਤਾਵਰਨ ਨੂੰ ਮਹਿਕਾ ਦਿੰਦੇ ਹਨ। ਪਹਿਲਾ ਲੇਖ 'ਮਾਵਾਂ ਠੰਡੀਆਂ ਛਾਵਾਂ' ਬਹੁਤ ਹੀ ਪ੍ਰੇਰਨਾਦਾਇਕ ਹੈ। ਇਸ ਲੇਖ ਦੀ ਮਹੱਤਤਾ ਆਧੁਨਿਕ ਸਮੇਂ ਵਿੱਚ ਹੋਰ ਵੱਧ ਜਾਂਦੀ ਹੈ ਕਿਉਂਕਿ ਬੱਚਿਆਂ ਵੱਲੋਂ ਮਾਂ ਨੂੰ ਉਹ ਸਤਿਕਾਰ ਨਹੀਂ ਮਿਲਦਾ ਜਿਹੜਾ ਮਿਲਣਾ ਚਾਹੀਦਾ ਹੈ। ਇਸ ਲੇਖ ਵਿੱਚ ਮਾਂ ਦੀ ਮਹੱਤਤਾ ਬਾਰੇ ਉਦਾਹਰਣਾਂ ਸਮੇਤ ਦੱਸਿਆ ਗਿਆ ਹੈ। ਪੁਸਤਕ ਦਾ ਦੂਜਾ ਲੇਖ ' ਨੀ ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ' ਅੰਬਾਂ ਬਾਰੇ ਕਾਬਲੇਤਾਰੀਫ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਦੇ ਸਿਰਲੇਖ ਵਾਲਾ 'ਉੱਗਦੇ ਸੂਰਜ ਦੀ ਅੱਖ' ਸੂਰਜ ਦੀਆਂ ਕਿਰਨਾ ਦੀ ਸਮੇਂ ਅਨੁਸਾਰ ਅਹਿਮੀਅਤ ਵੱਖ-ਵੱਖ ਸਰੋਤਾਂ ਤੋਂ ਲੈ ਕੇ ਦੱਸੀ ਗਈ ਹੈ। 'ਮੁੰਡਾ ਮੋਹ ਲਿਆ ਤਵੀਤਾਂ ਵਾਲਾ ਦਮੜੀ ਦਾ ਸੱਕ ਮਲ ਕੇ' ਵਰਤਮਾਨ ਨੌਜਵਾਨ ਪੀੜ੍ਹੀ ਲਈ ਨਵੀਂ ਜਾਣਕਾਰੀ ਹੈ ਕਿਉਂਕਿ ਅੱਜ ਕਲ੍ਹ ਤਾਂ ਹਰ ਚੀਜ਼ ਬਾਜ਼ਾਰ ਦੀ ਵਸਤੂ ਬਣ ਚੁੱਕੀ ਹੈ। ਇਸ ਲੇਖ ਦੀ ਮਹੱਤਤਾ ਦਰਸਾਉਣ ਲਈ ਉਦਾਹਰਣਾ ਦਿੱਤੀਆਂ ਗਈਆਂ ਹਨ। ਕੁਦਰਤ ਦੇ ਦਿੱਤੇ ਰੂਪ ਨੂੰ ਸ਼ਿੰਗਾਰਾਂ ਦੀ ਕੋਈ ਲੋੜ ਨਹੀਂ। ਆਧੁਨਿਕ ਚੀਜ਼ਾਂ ਵਿਚਲਾ ਕੈਮੀਕਲ ਨੁਕਸਾਨਦਾਇਕ ਦਰਸਾਇਆ ਹੈ। 'ਕਿਰਤ ਵਿਰਿਤ ਕਰ ਧਰਮ ਕੀ' ਵਿੱਚ ਇਮਾਨਦਾਰੀ ਤੇ ਨੈਤਿਕਤਾ ਨਾਲ ਕਿਰਤ ਕਰਨ 'ਤੇ ਜ਼ੋਰ ਦਿੱਤਾ ਗਿਆ। 'ਜੰਜ ਪਰਾਈ ਅਹਿਮਕ ਨੱਚੇ' ਵਿੱਚ ਦਰਸਾਇਆ ਗਿਆ ਹੈ ਕਿ ਅਮੀਰ ਲੋਕ ਫ਼ਜ਼ੂਲ ਖ਼ਰਚੀ ਕਰਕੇ ਰੁਪਏ ਉਜਾੜ ਰਹੇ ਪ੍ਰੰਤੂ ਗ਼ਰੀਬ ਭੁੱਖਮਰੀ ਹੰਢਾ ਰਹੇ ਹਨ। ਜੇਕਰ ਉਤਨੀ ਰਕਮ ਭੁੱਖਮਰੀ ਦੂਰ ਕਰਨ ਲਈ ਖ਼ਰਚੀ ਜਾਵੇ ਤਾਂ ਕੋਈ ਵੀ ਭੁੱਖਾ ਨਹੀਂ ਮਰੇਗਾ, ਵਿਖਾਵਾ ਤੇ ਹਉਮੈ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ। 'ਅੱਖ ਚੁੱਭੀ ਅਮਨ ਦੀ' ਰੂਸ ਯੂਕਰੇਨ ਯੁੱਧ ਦੀ ਦਾਸਤਾਂ ਹੈ। ਸੰਸਾਰਿਕ ਧੜੇਬੰਦੀ ਮਾਨਵਤਾ ਦਾ ਸਤਿਆਨਾਸ ਕਰ ਰਹੀ ਹੈ। ਜੰਗ ਨੁਕਸਾਨ ਦੇ ਪ੍ਰਤੀਕ ਹੁੰਦੇ ਹਨ। 'ਚੱਕੀ ਦੇ ਪੁੜਾਂ 'ਚ ਪਿਸਦੀ ਪੀੜ੍ਹੀ' ਲੇਖ ਵਿੱਚ ਪੁਰਾਤਨ ਸਮੇਂ ਬੱਚਿਆਂ ਵੱਲੋਂ ਮਾਪਿਆਂ ਦਾ ਸਤਿਕਾਰ ਤੇ ਅੱਜ ਦੀ ਜੈਨਰੇਸ਼ਨ ਵੱਲੋਂ ਦੁਰਕਾਰ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਲੇਖ ਵਿੱਚ ਸਿਆਸੀ ਤੀਰ ਵੀ ਮਾਰੇ ਹਨ। 'ਕਾਲੇ ਕਾਲੇ ਰਸ ਭਰੇ ਜਾਮਣੂ' ਲੇਖ ਵਿੱਚ ਇਨ੍ਹਾਂ ਦੀਆਂ ਕਿਸਮਾਂ ਅਤੇ ਪੌਸ਼ਟਿਕ ਮਹੱਤਤਾ, ਕੁੱਤੇ ਮਾਨਵਤਾ ਦੀ ਭਾਵਨਾਤਿਮਕ ਕਮੀ ਨੂੰ ਪੂਰਾ ਕਰਦੇ, ਪੱਖੀ ਪੰਜਾਬੀ ਸਭਿਆਚਾਰ ਦਾ ਅਨਿਖੜਵਾਂ ਅੰਗ, ਹੰਝੂਆਂ ਦੀ ਅੱਖਾਂ ਲਈ ਮਹੱਤਤਾ, ਸਮੱਸਿਆਵਾਂ ਦੇ ਟਾਕਰੇ ਸਮੇਂ ਹੰਝੂ ਨਾ ਕੇਰਨਾ, ਸਾਗ ਵਿਚ ਖੁਰਾਕੀ ਤੱਤ, ਵਿਟਾਮਿਨਾ ਆਦਿ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ ਹੈ। ਦੋਸਤ ਨੂੰ ਸ਼ਰਧਾਂਜਲੀ, ਤਾਜਮਹਿਲ ਪਿਆਰ ਦਾ ਪ੍ਰਤੀਕ ਵਾਦਵਿਵਾਦ ਗ਼ਲਤ, ਇਤਿਹਾਸਕ ਵਸਤਾਂ ਨਾਲ ਖਿਲਵਾੜ ਨਾ ਕਰਨਾ, ਗਵਾਏ ਮੌਕਿਆਂ ਦੀ ਦਾਸਤਾਂ ਲੇਖਕ ਦੀ ਨਿੱਜੀ ਜ਼ਿੰਦਗੀ ਬਾਰੇ, ਪਗੜੀ ਅਤੇ ਪੰਜ ਕਕਾਰ ਸਿੱਖਾਂ ਦੇ ਅਨਿਖੜਵੇਂ ਅੰਗ ਕਿਸੇ ਧਰਮ ਨਾਲ ਮੁਕਾਬਲਾ ਨਹੀਂ ਅਤੇ ਗਿਣਤੀ ਬਾਰੇ ਅੰਕੜੇ ਅਤੇ ਸ਼ੁਭ ਤੇ ਅਸ਼ੁਭ ਸਾਰੇ ਵਹਿਮ ਭਰਮ ਹਨ। ਨਮਕ ਤੋਂ ਨਕਦੀ ਦਾ ਸਫਰ ਲੇਖ ਵਿੱਚ ਦੱਸਿਆ ਹੈ ਕਿ ਪੁਰਾਣੇ ਸਮੇਂ ਵਿੱਚ ਤਨਖਾਹ ਜਾਂ ਮਿਹਨਤ ਦਾ ਇਵਜਾਨਾ ਲੂਣ ਅਤੇ ਜਿਨਸਾਂ ਨਾਲ ਦਿੱਤਾ ਜਾਂਦਾ ਸੀ। ਸਮਾਂ ਬਦਲਣ ਨਾਲ ਰੁਪਏ ਪੈਸੇ ਰਾਹੀਂ ਦਿੱਤਾ ਜਾਂਦਾ ਹੈ। ਚਮਚਿਆਂ ਵਾਲੇ ਲੇਖ ਵਿੱਚ ਦੱਸਿਆ ਹੈ ਕਿ ਖ਼ੁਸ਼ਾਮਦੀ ਲੋਕਾਂ ਦੀ ਸਿਆਸਤਦਾਨ ਅਤੇ ਅਧਿਕਾਰੀ ਜ਼ਿਆਦਾ ਸੁਣਦੇ ਹਨ। ਚਮਚਿਆਂ ਦੀਆਂ ਕਿਸਮਾ ਵੀ ਦੱਸੀਆਂ ਹਨ। ਇਹ ਇਨਸਾਫ਼ ਦੇ ਰਸਤੇ ਵਿੱਚ ਰੁਕਾਵਟ ਬਣਦੇ ਹਨ। ਸਾਡੇ ਲੋਕਾਂ ਵਿੱਚ ਬਿਮਾਰ ਦੀ ਖ਼ਬਰ ਲੈਣ ਦਾ ਰਿਵਾਜ਼ ਹੈ। ਖ਼ਬਰਾਂ ਲੈਣ ਵਾਲੇ ਸਗੋਂ ਚੰਗੇ ਭਲੇ ਨੂੰ ਬਿਮਾਰ ਕਰ ਦਿੰਦੇ ਹਨ। ਛੋਟੀ ਘਟਨਾ ਨੂੰ ਅਫ਼ਵਾਹਾਂ ਫੈਲਾ ਕੇ ਵੱਡੀਆਂ ਦੱਸਿਆ ਜਾਂਦਾ ਹੈ। ਖ਼ਬਰ ਲੈਣਾ ਵੀ ਵਿਖਾਵਾ ਹੀ ਹੈ। ਜਦੋਂ ਕੋਈ ਮਰ ਜਾਂਦਾ ਹੈ ਤਾਂ ਦੁਸ਼ਮਣ ਵੀ ਮਗਰਮੱਛ ਦੇ ਅਥਰੂ ਵਹਾਉਂਦੇ ਹਨ। ਜਿਉਂਦੇ ਦੀ ਭਾਵੇਂ ਵੇਖ ਭਾਲ ਨਾ ਕੀਤੀ ਹੋਵੇ ਮਰੇ ਤੇ ਵੱਡਾ ਕਰਕੇ ਵਿਖਾਵਾ ਕੀਤਾ ਜਾਂਦਾ ਹੈ। ਬਾਤ ਦਾ ਬਤੰਗੜ ਬਣਨਾ ਅਤੇ ਝੂਠੀਆਂ ਖ਼ਬਰਾਂ ਫੈਲਾਉਣ ਦੀ ਆਦਤ ਹੈ। ਬੜੀ ਲੱਸੀ ਹੋਈ ਵੀ ਆਪਣੀ ਮਾਂ ਬੋਲੀ ਦੀ ਕਦਰ ਕਰਨ ਦੀ ਸਿਖਿਆ ਦਿੰਦੀ ਹੈ। ਪ੍ਰੰਤੂ ਕਈ ਵਾਰੀ ਅੰਗਰੇਜ਼ੀ ਤੋਂ ਰੀਜਨਲ ਭਾਸ਼ਾ ਵਿੱਚ ਉਲੱਥਾ ਅਰਥ ਹੀ ਬਦਲ ਦਿੰਦਾ ਹੈ। ਕੇਂਦਰ ਸਰਕਾਰ ਤੇ ਵਿਅੰਗ ਹੈ ਕਿ ਉਹ ਹਿੰਦੀ ਧੱਕੇ ਨਾਲ ਲਾਗੂ








ਉਜਾਗਰ ਸਿੰਘ
91-94178 13072

(ਬਾਕੀ ਅਗਲੇ ਸਫੇ 'ਤੇ)

# ਪ੍ਰੀਖਿਆਵਾਂ 'ਚ ਸਫ਼ਲ ਹੋਣ ਦੇ ਪ੍ਰਭਾਵਸ਼ਾਲੀ ਨੁਕਤੇ?



ਪ੍ਰਮੋਦ ਧੀਰ, ਜੈਤੋ ਮੰਡੀ
91- 98550-31081

ਪ੍ਰੀਖਿਆਵਾਂ ਦਾ ਸਮਾਂ ਦਿਨੋਂ ਦਿਨ ਨਜ਼ਦੀਕ ਆਉਂਦਾ ਜਾ ਰਿਹਾ ਹੈ 'ਤੇ ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂ ਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਹੋਏ ਤਾਂ ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ-ਲਿਖਾਈ 'ਚ ਦਿਲ ਨਾਂ ਲੱਗਣਾ, ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ, ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ, ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਦੇ ਪੜ੍ਹਾਈ ਨੂੰ ਬੋਜ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਉ। ਪੜ੍ਹਨ ਨੂੰ ਆਪਣਾ ਸ਼ੌਂਕ ਬਣਾਉ। ਜੋ ਵਿਦਿਆਰਥੀ ਸ਼ੌਂਕ 'ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜਿੰਦਗੀ 'ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਆਮ ਵੇਖਿਆ ਹੈ ਕਿ ਬੱਚਿਆਂ ਵਿੱਚ ਪੇਪਰਾਂ ਸਬੰਧੀ ਬਹੁਤ ਡਰ ਵਾਲਾ ਮਾਹੌਲ ਹੁੰਦਾ ਹੈ ਖਾਸ ਕਰਕੇ ਬੋਰਡ ਦੇ ਪੇਪਰਾਂ ਸਬੰਧੀ, ਪਰ ਡਰ ਨਾਲ ਤਾਂ ਕੋਈ ਮਸਲਾ ਹੱਲ ਨਹੀਂ ਹੁੰਦਾ। ਸੋ, ਚਾਹੀਦਾ ਇਹ ਹੈ ਕਿ ਡਰ ਛੱਡ ਕੇ, ਮਨ ਲਗਾ ਕੇ ਪੂਰੀ ਤਰਾਂ ਪੇਪਰਾਂ ਦੀ ਤਿਆਰੀ ਵਿੱਚ ਜੁਟ ਜਾਈਏ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਈਏ। ਪ੍ਰੀਖਿਆ ਦੀ ਤਿਆਰੀ ਲਈ ਸਭ ਤੋਂ ਜਰੂਰੀ ਕੰਮ ਹੈ ਟਾਈਮ ਟੇਬਲ ਬਣਾਉਣਾ। ਟਾਈਮ ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੇ।

**ਅੱਜ ਹੀ ਚੰਗੇ ਟਾਈਮ ਟੇਬਲ 'ਤੇ ਨਿਰਭਰ ਹੋਵੋ:-** ਤੁਹਾਡਾ ਟਾਈਮ ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ ਟੇਬਲ ਦੇ ਅਨੁਸਾਰ ਕਰਨ ਦੀ। ਸੂਚੀ ਵਿਚ ਦਿੱਤੇ ਗਏ ਸਮੇਂ ਦੇ ਨਾਲ ਹੀ ਉਚਿਤ ਕੰਮ ਕਰਨ ਲਈ ਆਪਣੇ ਆਪ ਨੂੰ ਮਜਬੂਤ ਬਣਾਓ ਤੇ ਬਣਾਏ ਟਾਈਮ ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ ਟੇਬਲ ਵਿਚ ਫੇਰ ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਨ੍ਹਾਂ ਕੰਮਾਂ ਨੂੰ ਸੂਚੀ ਵਿਚ ਪਾ ਸਕਦੇ ਹੋ ਤੇ ਆਪਣੇ ਟਾਈਮ ਟੇਬਲ ਨੂੰ ਹੋਰ ਵੀ ਜ਼ਿਆਦਾ ਪ੍ਰਬਲ ਬਣਾ ਸਕਦੇ ਹੋ। ਵਿਦਿਆਰਥੀਆਂ ਨੂੰ ਪੇਪਰਾਂ ਦੇ ਦਿਨਾਂ ਵਿੱਚ ਪੜ੍ਹਨ, ਖੇਡਣ, ਘਰ ਦੇ ਕੰਮ ਕਰਨ, ਟੀ.ਵੀ ਦੇਖਣ, ਦੋਸਤਾਂ ਮਿੱਤਰਾਂ ਨੂੰ ਮਿਲਣ, ਸੌਣ (ਆਰਾਮ ਕਰਨ),ਖਾਣ-ਪੀਣ ਆਦਿ ਲਈ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਤੇ ਪੇਪਰ ਹੱਲ ਕਰਨ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।

### ਪ੍ਰੀਖਿਆਵਾਂ 'ਚ ਸਫਲ ਹੋਣ 'ਤੇ ਪੇਪਰ ਹੱਲ ਕਰਨ ਦੇ ਜ਼ਰੂਰੀ ਨੁਕਤੇ

* ਹਮੇਸ਼ਾ ਸ਼ਾਂਤ ਅਤੇ ਇਕਾਂਤ ਮਾਹੌਲ ਵਿੱਚ ਹੀ ਪੜ੍ਹੋ, ਪੜ੍ਹਨ ਵੇਲੇ ਕਿਤਾਬ 'ਤੇ ਟਿਊਬ,ਬੱਲਬ ਆਦਿ ਰੋਸ਼ਨੀ ਖੱਬੇ ਪਾਸੇ ਤੋਂ ਪੈਣੀ ਚਾਹੀਦੀ ਹੈ।
* ਪ੍ਰੀ ਬੋਰਡ ਦੇ ਪ੍ਰਸ਼ਨ ਪੱਤਰ ਜਰੂਰ ਹੱਲ ਕਰਕੇ ਯਾਦ ਕਰੋ ਕਿਉਂਕਿ ਜਿਆਦਾਤਰ ਫਾਈਨਲ ਪੇਪਰ ਇਹਨਾਂ ਵਿੱਚੋਂ ਹੀ ਆਉਣਗੇ।
* ਵਿਦਿਆਰਥੀਆਂ ਨੂੰ ਆਪਣੇ ਵਿਸ਼ਿਆਂ ਦੇ ਪਿਛਲੇ 10 ਸਾਲਾਂ ਦੇ ਪ੍ਰਸ਼ਨ ਪੱਤਰ ਹੱਲ ਕਰਕੇ ਵੇਖਣੇ ਚਾਹੀਦੇ ਹਨ ਕਿਉਂਕਿ ਕਾਫੀ ਪ੍ਰਸ਼ਨ ਉਨ੍ਹਾਂ ਵਿਚੋਂ ਹੀ ਪੁੱਛੇ ਜਾਂਦੇ ਹੈ।
* ਮਹੱਤਵਪੂਰਾਨ ਵਿਸ਼ਿਆਂ ਅਤੇ ਉੱਪ ਵਿਸ਼ਿਆਂ ਦੇ ਨੋਟਿਸ ਤਿਆਰ ਕਰਕੇ ਤਿਆਰੀ ਕਰਨੀ ਚਾਹੀਦੀ ਹੈ।
* ਪੜ੍ਹਨ ਸਮੇਂ ਮੋਬਾਇਲ ਫੋਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਆਪਣੇ ਤੋਂ ਦੂਰ ਰੱਖੋ ਅਤੇ ਟੀ.ਵੀ ਜਾਂ ਹੋਰ ਮਨੋਰੰਜਨ ਦੇ ਸਾਧਨ ਪੜ੍ਹਾਈ ਸਮੇਂ ਬੰਦ ਰੱਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਨ ਲਈ ਕਦੇ ਵੀ ਰੱਟਾ ਲਗਾਓ ਸਗੋਂ ਸਮਝ ਕੇ ਯਾਦ ਕਰੋ ਕਿਉਂਕਿ ਰੱਟਾ ਲਗਾਏ ਉੱਤਰ ਥੋੜਾ ਸਮਾਂ ਹੀ ਯਾਦ ਰਹਿੰਦੇ ਹਨ ਜਦੋਂਕਿ ਸਮਝ ਕੇ ਯਾਦ ਕੀਤੇ ਉੱਤਰ ਲੰਮਾਂ ਸਮਾਂ ਯਾਦ ਰਹਿੰਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਕੇ ਲਿਖ ਕੇ ਦੇਖ ਲੈਣ ਨਾਲ ਗਲਤੀਆਂ ਦਾ ਪਤਾ ਲੱਗ ਜਾਂਦਾ ਹੈ।
* ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਜ਼ਿਆਦਾ ਦੇਰ ਤੱਕ ਨਹੀਂ ਪੜ੍ਹਨਾਂ ਚਾਹੀਦਾ। ਨਹੀਂ ਤਾਂ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਕੇਂਦਰ 'ਚ ਨੀਂਦ ਦੇ ਹੁਲਾਰੇ ਆਉਣ ਲੱਗ ਜਾਂਦੇ ਹੈ।
* ਪ੍ਰੀਖਿਆ ਵਾਲੇ ਦਿਨ ਸਵੇਰੇ ਜਲਦੀ ਉੱਠ ਕੇ ਯਾਦ ਕੀਤੇ ਮਹੱਤਵਪੂਰਨ ਪ੍ਰਸ਼ਨਾਂ ਦੀ ਇੱਕ ਵਾਰ ਦੁਹਰਾਈ ਜਰੂਰ ਕਰਨੀ ਚਾਹੀਦੀ ਹੈ।
* ਪ੍ਰੀਖਿਆ ਦੇਣ ਜਾਣ ਸਮੇਂ ਆਪਣੀ ਰੋਲ ਨੰਬਰ ਸਲਿੱਪ, 2 ਨੀਲੇ ਪੈੱਨ (ਜੋ ਥੋੜੇ ਚੱਲੇ ਹੋਏ ਹੋਣ ਬਿਲਕੁਲ ਨਵੇਂ ਨਾਂ ਹੋਣ ਤਾਂ ਕਿ ਪੇਪਰ ਤੇ ਲਿਖਾਈ ਗੂੜ੍ਹੀ ਹੋਵੇ), ਪੈਂਸਿਲ, ਜੁਮੈਟਰੀ ਬਾਕਸ, ਕਲਿੱਪ ਬੋਰਡ ਆਦਿ ਲੈ ਕੇ ਜਾਣਾ ਨਾਂ ਭੁੱਲੋ। ਪੇਪਰ ਵਿੱਚ ਕੇਵਲ ਨੀਲਾ ਪਿੰਨ ਹੀ ਵਰਤਣਾ ਚਾਹੀਦਾ ਹੈ।



* ਪ੍ਰੀਖਿਆ ਵਾਲੇ ਦਿਨ ਘਰੋਂ ਚੱਲਣ ਲੱਗਿਆਂ ਤਰੋ ਤਾਜ਼ਾ ਹੋ ਕੇ ਹਲਕਾ ਨਾਸ਼ਤਾ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਸਫਲਤਾ ਪੂਰਵਕ ਹੋਵੇ।
* ਪ੍ਰੀਖਿਆ ਕੇਂਦਰ ਦੇ ਬਾਹਰ ਲੱਗੇ ਨੋਟਿਸ ਬੋਰਡ ਤੋਂ ਆਪਣਾ ਰੋਲ ਨੰਬਰ, ਕਮਰਾ ਨੰਬਰ ਤੇ ਸੀਟ ਨੰਬਰ (ਬੈਠਣ ਦੀ ਜਗ੍ਹਾ) ਦੇਖ ਕੇ ਹੀ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਆਪਣੀ ਜਗ੍ਹਾ ਲੱਭਣ 'ਚ ਕੋਈ ਪਰੇਸ਼ਾਨੀ ਜਾਂ ਘਬਰਾਹਟ ਨਾਂ ਹੋਵੇ।
* ਕਦੇ ਵੀ ਨਕਲ ਤੇ ਆਸ ਨਹੀਂ ਰੱਖਣੀ ਚਾਹੀਦੀ ਅਤੇ ਦਿਲ ਲਗਾ ਕੇ ਪੇਪਰਾਂ ਦੀ ਤਿਆਰੀ ਕਰਨੀ ਚਾਹੀਦੀ ਹੈ । ਨਕਲ ਤੇ ਆਸ ਰੱਖਣ ਵਾਲੇ ਵਿਦਿਆਰਥੀ ਜਿੰਦਗੀ 'ਚ ਕਦੇ ਕਾਮਯਾਬ ਨਹੀਂ ਹੋ ਸਕਦੇ 'ਤੇ ਉਹਨਾਂ ਵਿੱਚ ਹਮੇਸ਼ਾ ਆਤਮ ਵਿਸ਼ਵਾਸ਼ ਦੀ ਘਾਟ ਰਹਿੰਦੀ ਹੈ।
* ਪ੍ਰੀਖਿਆ ਦੇਣ ਸਮੇਂ ਆਪਣੀ ਸੀਟ 'ਤੇ ਬੈਠਣ ਤੋਂ ਪਹਿਲਾਂ ਆਸੇ-ਪਾਸੇ ਦੇਖ ਲੈਣਾ ਚਾਹੀਦਾ ਹੈ ਕਿ ਕੋਈ ਪਰਚੀ (ਕਾਗਜ਼), ਕਿਤਾਬ, ਕਾਪੀ ਤਾਂ ਨਹੀਂ ਪਈ ਹੋਈ ਜਾਂ ਕਿਸੇ ਬੈਂਚ ਆਦਿ ਤੇ ਕੁਝ ਲਿਖਿਆ ਤਾਂ ਨਹੀਂ ਹੋਇਆ ਕਿਉਂਕਿ ਕਈ ਵਾਰ ਕਿਸੇ ਵੱਲੋਂ ਪਹਿਲਾਂ ਛੁੱਟੀ ਗਈ ਪਰਚੀ ਜਾਂ ਕਾਗਜ਼ ਤਹਾਨੂੰ ਮੁਸੀਬਤ 'ਚ ਪਾ ਸਕਦਾ ਹੈ ਤੁਹਾਡੇ ਖਿਲਾਫ ਝੂਠਾ ਕੇਸ ਵੀ ਬਣ ਸਕਦਾ ਹੈ। ਤੁਹਾਡੇ ਕੋਲ ਕੋਈ ਖਾਲੀ ਕਾਗਜ਼ ਜਾਂ ਬੱਸ ਦੀ ਟਿਕਟ ਵੀ ਨਹੀਂ ਹੋਣੀ ਚਾਹੀਦੀ।
* ਪ੍ਰੀਖਿਆ ਦੌਰਾਨ ਉੱਤਰ ਕਾਪੀ ਮਿਲਣ ਤੇ ਸਭ ਤੋਂ ਪਹਿਲਾਂ ਉਸਦੇ ਸਾਰੇ ਪੰਨੇ ਖੋਲ ਕੇ ਚੈੱਕ ਕਰੋ ਕਿ ਸਾਫ ਹਨ, ਫਟੇ ਤਾਂ ਨਹੀਂ 'ਤੇ ਗਿਣਤੀ ਕਰੋ ਕਿ ਪੂਰੇ ਹਨ ਜਿੰਨੇ ਹੋਣੇ ਚਾਹੀਦੇ ਹਨ, ਫਿਰ ਉਸਦੇ ਮੁੱਖ ਪੰਨੇ 'ਤੇ ਆਪਣਾ ਰੋਲ ਨੰਬਰ, ਪੇਪਰ ਦਾ ਵਿਸ਼ਾ ਆਦਿ ਲਈ ਜੋ ਖਾਨੇ ਬਣੇ ਹੋਏ ਹਨ, ਉਨ੍ਹਾਂ ਵਿੱਚ ਸਾਫ-ਸਾਫ ਲਿਖੋ।
* ਪ੍ਰਸ਼ਨ ਪੱਤਰ ਮਿਲਣ 'ਤੇ ਸਭ ਤੋਂ ਪਹਿਲਾਂ ਇਸ ਦੇ ਸੱਜੇ ਕੋਨੇ 'ਤੇ ਆਪਣਾ ਰੋਲ ਨੰਬਰ ਲਿਖੋ, ਫਿਰ ਸਾਰੇ ਪ੍ਰਸ਼ਨ ਪੱਤਰ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਚੰਗੀ ਤਰ੍ਹਾਂ ਆਉਂਦੇ ਪ੍ਰਸ਼ਨਾਂ ਤੇ ਨਿਸ਼ਾਨ ਨਿਸ਼ਾਨ ਲਗਾਉ।
* ਪੇਪਰ ਹੱਲ ਕਰਨ ਸਮੇਂ ਸਮੇਂ ਦਾ ਜਰੂਰ ਧਿਆਨ ਰੱਖੋ ਜਿਹੜੇ ਪ੍ਰਸ਼ਨ ਚੰਗੀ ਤਰ੍ਹਾਂ ਆਉਂਦੇ ਹੋਣ, ਉਨ੍ਹਾਂ ਨੂੰ ਪਹਿਲਾਂ ਹੱਲ ਕਰੋ। ਬਾਕੀ ਬਾਦ ਵਿੱਚ, ਕੋਸ਼ਿਸ਼ ਕਰੋ ਕਿ ਸਾਰੇ ਪ੍ਰਸ਼ਨਾਂ ਦੇ ਉੱਤਰ ਹੱਲ ਕਰਕੇ ਆਉ ਕੋਈ ਪ੍ਰਸ਼ਨ ਨਾਂ ਛੱਡੋ।
* ਉੱਤਰ ਕਾਪੀ 'ਤੇ ਲਿਖਣ ਤੋਂ ਪਹਿਲਾਂ ਦੋਵੇਂ ਪਾਸੇ ਸੱਜੇ ਅਤੇ ਖੱਬੇ ਹਾਸ਼ੀਏ ਵਜੋਂ ਜਗ੍ਹਾ ਛੱਡੋ। ਇਹ ਹਾਸ਼ੀਆ ਪੈਂਸਿਲ ਤੇ ਸਕੇਲ ਨਾਲ ਵੀ ਲਗਾ ਸਕਦੋ ਹੋ। ਜੇਕਰ ਇਹ ਤੁਹਾਡੇ ਕੋਲ ਨਹੀਂ ਹੈ ਤਾਂ ਦੋਵੇਂ ਪਾਸੇ ਲੋੜੀਂਦੀ ਜਗ੍ਹਾ ਛੱਡ ਕੇ ਉੱਤਰ ਕਾਪੀ ਦੀ ਤੈਅ ਮੋੜ ਕੇ ਤੈਅ ਦੇ ਨਿਸ਼ਾਨ ਤੋਂ ਹਾਸ਼ੀਏ ਦਾ ਕੰਮ ਲੈ ਸਕਦੇ ਹੋ ਇਸ ਨਾਲ ਲਾਈਨ ਲਗਾਨ ਦਾ ਸਮਾਂ ਵੀ ਬਚਦਾ ਹੈ।
* ਹਰੇਕ ਪ੍ਰਸ਼ਨ ਦਾ ਉੱਤਰ ਲਿਖਣ ਸਮੇਂ ਪ੍ਰਸ਼ਨ ਲਿਖਣ ਤੇ ਸਮਾਂ ਖਰਾਬ ਨਾ ਕਰੋ ਕੇਵਲ ਉੱਤਰ ਹੀ ਲਿਖੋ, ਪਰ ਉੱਤਰ ਦਾ ਨੰਬਰ (ਜੋ ਪ੍ਰਸ਼ਨ ਪੱਤਰ ਤੇ ਛਪਿਆ ਹੈ) ਜਰੂਰ ਪਾਓ ਤਾਂ ਕਿ ਪੇਪਰ ਚੈੱਕ ਕਰਨ ਵਾਲੇ ਨੂੰ ਕੋਈ ਪਰੇਸ਼ਾਨੀ ਨਾਂ ਹੋਵੇ।
* ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਉਨ੍ਹਾਂ ਨੂੰ ਅਧ ਵਿਚਕਾਰ ਨਾਂ ਛੱਡੋ। ਜੇਕਰ ਤੁਸੀਂ ਕਿਸੇ ਪ੍ਰਸ਼ਨ ਦਾ ਉੱਤਰ ਭੁੱਲ ਗਏ ਹੋ ਤਾਂ ਕੁੱਝ ਕੁ ਸਮਾਂ ਸੋਚ ਕੇ ਦੁਬਾਰਾ ਲਿਖਣਾ ਸ਼ੁਰੂ ਕਰ ਦਿਓ। ਜੇਕਰ ਯਾਦ ਨਹੀਂ ਆ ਰਿਹਾ ਤਾਂ ਜ਼ਿਆਦਾ ਸਮਾਂ ਬਰਬਾਦ ਨਾਂ ਕਰੋ। ਹੋਰ ਨਵੇਂ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰ ਦਿਓ।
* ਪ੍ਰਸ਼ਨਾਂ ਦੇ ਉੱਤਰ ਦੇਣ ਸਮੇਂ ਬੇਲੋੜੇ ਵਿਸਥਾਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਪ੍ਰਸ਼ਨਾਂ ਦੇ ਨੰਬਰਾਂ ਅਨੁਸਾਰ ਉੱਤਰ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਹੈਡਿੰਗ 'ਤੇ ਸਬ ਹੈਡਿੰਗ ਬਣਾ ਕੇ ਲਿਖੋ ਅਤੇ ਹਰ ਪ੍ਰਸ਼ਨ ਦੇ ਉੱਤਰ ਤੋਂ ਬਾਅਦ ਇੱਕ ਦੋ ਲਾਈਨਾਂ ਖਾਲੀ ਛੱਡ ਕੇ ਅਗਲੇ ਪ੍ਰਸ਼ਨ ਦਾ ਉੱਤਰ ਲਿਖੋ।
* ਪ੍ਰਸ਼ਨਾਂ ਦੇ ਉੱਤਰ ਵਧੀਆ ਪੈੱਨ ਨਾਲ ਖੁੱਲ੍ਹੀ 'ਤੇ ਸਾਫ-ਸਾਫ ਲਿਖਾਈ ਵਿੱਚ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਆਪਣੇ ਨਾਲ ਹੀ ਲੈ ਕੇ ਜਾਓ ਤਾਂ ਕਿ ਕਿਸੇ ਵਿਦਿਆਰਥੀ ਤੋਂ ਮੰਗਣ ਸਮੇਂ ਸਮਾਂ ਖਰਾਬ ਨਾਂ ਹੋਵੇ।
* ਪੇਪਰ ਹੱਲ ਕਰਨ ਤੋਂ ਬਾਅਦ ਬਚੇ ਸਮੇਂ ਵਿੱਚ ਉੱਤਰ ਕਾਪੀ 'ਤੇ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਨੂੰ ਚੰਗੀ ਤਰਾਂ ਪੜ੍ਹ ਕੇ ਚੈੱਕ ਕਰੋ। ਜੇਕਰ ਕੋਈ ਛੋਟੀ-ਮੋਟੀ ਗਲਤੀ ਰਹਿ ਗਈ ਹੋਵੇ ਜਾਂ ਸ਼ਬਦ-ਜੋੜ ਗਲਤ ਲਿਖੇ ਗਏ ਹੋਣ ਤਾਂ ਉਸਨੂੰ ਤੁਰੰਤ ਠੀਕ ਕਰੋ।
* ਜੇਕਰ ਪੇਪਰ ਵਿੱਚ ਗਲਤੀ ਨਾਲ ਉੱਤਰ ਪੱਤਰੀ 'ਤੇ ਕੋਈ ਪੇਜ਼ ਜਾਂ ਜਗ੍ਹਾ ਖਾਲੀ ਰਹਿ ਗਈ ਹੋਵੇ ਤਾਂ ਉਸ ਜਗ੍ਹਾ ਤੇ ਕਰਾਸ ਲਾਈਨ ਮਾਰ ਦਿਉ 'ਤੇ ਸੱਜੇ ਕੋਨੇ ਦੇ ਹੇਠਲੇ ਪਾਸੇ ਪੀ.ਟੀ.ਓ ਲਿਖ ਦੇਵੋ। ਅੰਤ ਵਿੱਚ ਬਚੇ ਖਾਲੀ ਪੰਨਿਆਂ ਤੇ ਵੀ ਕਰਾਸ ਲਾਈਨ ਲਗਾ ਦਿਉ।

ਆਸ ਹੈ ਕਿ ਵਿਦਿਆਰਥੀ ਇਹਨਾਂ ਨੁਕਤਿਆਂ ਵੱਲ ਧਿਆਨ ਦੇ ਕੇ ਜਰੂਰ ਸਫਲ ਹੋਣਗੇ। ਸੋ ਬੱਚਿਓ, ਹੁਣ ਤੋਂ ਹੀ ਆਪਦੀ ਸਾਰੀ ਊਰਜਾ ਆਪਣੀ ਪੜ੍ਹਾਈ ਵੱਲ ਲਗਾ ਕੇ ਉੱਪਰ ਦਿੱਤੀਆਂ ਗੱਲਾਂ ਦਾ ਧਿਆਨ ਰੱਖਦੇ ਹੋਏ ਪੇਪਰਾਂ ਦੀ ਤਿਆਰੀ 'ਚ ਜੁੱਟ ਜਾਓ ਤਾਂ ਕੇ ਚੰਗੇ ਨੰਬਰ ਲੈ ਕੇ ਪਾਸ ਹੋ ਸਕੋ। ਮਾਪਿਆਂ ਨੂੰ ਵੀ ਘਰ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਸਾਜਗਰ ਹਾਲਤਾਂ ਸਿਰਜਣੀਆਂ ਚਾਹੀਦੀਆਂ ਹਨ ਜਿਵੇਂ ਲੋੜੀਂਦੀਆਂ ਸਹੂਲਤਾਂ 'ਤੇ ਖੁਰਾਕ ਦਾ ਧਿਆਨ ਰੱਖਣਾ, ਘਰੇਲੂ ਝਗੜਾ ਨਾ ਕਰਨਾ, ਬੱਚਿਆਂ ਨੂੰ ਸਕੂਲ ਤੋਂ ਮਿਲੇ ਕੰਮ ਵਿੱਚ ਮਦਦ ਕਰਨਾ, ਬੱਚੇ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨਾ ਆਦਿ ਪੜ੍ਹਾਈ 'ਤੇ ਸਖਸ਼ੀਅਤ ਵਿਕਾਸ ਲਈ ਜਰੂਰੀ ਨੁਕਤੇ ਹਨ। ਅਧਿਆਪਕਾਂ ਦੁਆਰਾ ਵੀ ਵੱਧ ਤੋਂ ਵੱਧ ਪੜ੍ਹਾਈ ਕਰਵਾਉਣ ਅਤੇ ਯੋਗ ਅਗਵਾਈ ਦੇਣ ਨਾਲ ਵਿਦਿਆਰਥੀਆਂ ਦੇ ਮਨ ਵਿੱਚੋਂ ਪ੍ਰੀਖਿਆ ਦਾ ਡਰ ਕੱਢਿਆ ਜਾ ਸਕਦਾ ਹੈ। ਪ੍ਰੀਖਿਆ ਦਾ ਸੀਜਨ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦ ਉਪਯੋਗ ਕਰਦੇ ਹੋਏ ਪੜ੍ਹਾਈ ਕਰੇ ਪ੍ਰੀਖਿਆ ਦੌਰਾਨ ਉਪਰੋਕਤ ਨੁਕਤਿਆਂ ਨੂੰ ਧਿਆਨ 'ਚ ਰੱਖੇ। ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਸ ਸੁਝਾਅ ਰਾਹੀਂ ਜਰੂਰ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

## ਮੋਹਣ ਬੰਗੜ ਦੀ ਅਮਰ ਆਵਾਜ਼

**ਕੁਲਦੀਪ ਚੁੰਬਰ**

ਮੋਹਣ ਬੰਗੜ ਦੀ ਉੱਚੀ ਸੁਰ ਤਾਂ
ਜਾਗ ਅਣਖ ਦਾ ਲਾਉਂਦੀ ਰਹੀ
ਅਮਰ ਆਵਾਜ਼ ਉਹ ਆਖਰੀ ਦਮ ਤਕ
ਮਿਸ਼ਨ ਦੇ ਨਗਮੇ ਗਾਉਂਦੀ ਰਹੀ
ਮੋਹਣ ਬੰਗੜ ਦੀ ਅਮਰ ਆਵਾਜ਼ ਜੋ
(ਗੀਤ ਮਿਸ਼ਨ ਦੇ) ਮਿਸ਼ਨ ਦੇ ਸੋਹਲੇ ਗਾਉਂਦੀ ਰਹੀ

ਉਹ ਸੀ ਕੱਲਾ ਕਈਆਂ ਵਰਗਾ ਉਸ ਦੇ ਵਰਗਾ ਕੋਈ ਨਾ
ਕਿਸੇ ਗਾਇਕ ਨੇ ਬਾਤ ਮਿਸ਼ਨ ਦੀ
ਉਸਦੇ ਵਾਂਗੂ ਪਰੋਈ ਨਾ
ਬੇਈਮਾਨਾਂ ਠੱਗ ਚੋਰਾਂ ਦੇ ਮੂੰਹ
ਸ਼ੀਸ਼ਿਆਂ ਵਿੱਚ ਦਿਖਲਾਉਂਦੀ ਰਹੀ
ਅਮਰ ਆਵਾਜ਼ ਉਹ ਆਖ਼ਰੀ ....

ਬਿੱਟੂ ਚੁੰਬਰ ਬੰਟੀ ਸੋਢੀ ਅਤੇ ਧਮਾਕਾ ਸਾਥੀ ਸੀ
ਪੂਰੀ ਟੀਮ ਦੇ ਬੋਲਾਂ ਦੇ ਵਿੱਚ ਹੁੰਦੀ ਹਾਥੀ ਹਾਥੀ ਸੀ
ਤੂੰਬੀ ਮੋਹਣ ਬੰਗੜ ਦੀ ਆਹੂ
ਮਨੂੰਵਾਦ ਦੇ ਲਾਹੁੰਦੀ ਰਹੀ
ਅਮਰ ਆਵਾਜ਼ ਉਹ ਆਖ਼ਰੀ .....

ਹਰ ਵੇਲੇ ਹੀ ਮਿਸ਼ਨ ਦੀ ਚਰਚਾ
ਹੁੰਦੀ ਸੀ ਉਹਦੇ ਬੁੱਲ੍ਹਾਂ ਤੇ
ਕਹਿੰਦਾ ਸੀ ਖੇਡੂਗੀ ਕਾਟੋ ਇੱਕ ਦਿਨ ਸਾਡੀ ਫੁੱਲਾਂ ਤੇ
ਚੌਂਕੀਆਂ ਜਾਗੇ ਮੌਲੀਆਂ ਧਾਗੇ
ਗੁੱਗੇ ਕੀ ਸਮਝਾਉਂਦੀ ਰਹੀ
ਅਮਰ ਆਵਾਜ਼ ਉਹ ਆਖ਼ਰੀ ....

ਪੰਮੀ ਗੋਸਲ ਅਤੇ ਰੰਧਾਵਾ ਰੱਤੂ ਲਿਖਦੇ ਗੀਤਾਂ ਨੂੰ
ਕੁਤਰਾ ਕੁਤਰਾ ਕਰਦੇ ਸੀ ਜੋ ਮਨੂੰਵਾਦ ਦੀਆਂ ਰੀਤਾਂ ਨੂੰ
ਜਜ਼ਬਿਆਂ ਭਰੀ ਆਵਾਜ਼ ਮੰਚ ਤੇ
ਖੋਲ੍ਹਕੇ ਪੋਲ ਦਿਖਾਉਂਦੀ ਰਹੀ
ਅਮਰ ਆਵਾਜ਼ ਉਹ ਆਖ਼ਰੀ ....

'ਚੁੰਬਰਾ' ਉਹ ਸੀ ਕੌਮ ਦਾ ਹੀਰਾ ਕੋਹੇਨੂਰੀ ਮੁੱਖ ਵਾਲਾ
ਲਾਇਆ ਪਲ ਪਲ ਕੌਮ ਦੇ ਲੇਖੇ
ਸਮਾਂ ਨਾ ਦੇਖਿਆ ਸੁੱਖ ਵਾਲਾ
ਰਾਜ ਬਹੁਜਨਾਂ ਦਿੱਲੀ ਕਰਨਾ
ਸਭਕ ਏਹ ਸੁਰ ਪੜ੍ਹਾਉਂਦੀ ਰਹੀ
ਅਮਰ ਆਵਾਜ਼ ਉਹ ਆਖ਼ਰੀ ....



ਮੋਹਣ ਬੰਗੜ

## ਪ੍ਰੋ. ਜਸਵੰਤ ਸਿੰਘ ਗੰਡਮ ਦੀ ਪੁਸਤਕ ਉੱਗਦੇ ਸੂਰਜ ਦੀ ਅੱਖ ਵਿਅੰਗਾਮਿਕ ਚੋਭਾਂ

(ਸਫਾ 23 ਦੀ ਬਾਕੀ)


ਕਰਵਾਉਂਦੀ ਹੈ। ਟੁੱਟ ਪਓ ਖੁਰਲੀਆਂ ਤੇ ਇਹ ਵੀ ਵਿਆਹਾਂ ਸ਼ਾਦੀਆਂ ਵਿੱਚ ਸ਼ਗਨ ਘੱਟ ਦਿੰਦੇ ਹਨ ਪ੍ਰੰਤੂ ਖਾਣੇ ਤੇ ਟੁੱਟ ਕੇ ਪੈ ਜਾਂਦੇ ਹਨ, ਖਾਣਿਆਂ ਵਿੱਚ ਵੀ ਨਵੇਂ-ਨਵੇਂ ਢੰਗ ਆ ਗਏ ਹਨ। ਪੁਰਾਣੇ ਸਮੇਂ ਵਿੱਚ ਪਿੰਡ ਦੇ ਲੋਕ ਹੀ ਆਪਸ ਵਿੱਚ ਮਿਲ ਕੇ ਕੰਮ ਕਰ ਲੈਂਦੇ ਸਨ। ਖਿਲਾਰਾ ਸਿੰਘ ਵਾਲੇ ਲੇਖ ਵਿੱਚ ਸਲੀਕੇ 'ਤੇ ਜ਼ੋਰ ਦਿੱਤਾ ਗਿਆ ਹੈ। ਖਿਲਾਰਾ ਲਾਪ੍ਰਵਾਹੀ ਕਰਕੇ ਪੈਂਦਾ ਹੈ। ਬਿਮਾਰੀਆਂ ਦਾ ਵੀ ਡਰ ਰਹਿੰਦਾ ਹੈ। ਇਕ ਗਰਮ ਚਾਏ ਕੀ ਪਿਆਲੀ ਹੋ, ਲੇਖ ਵਿੱਚ ਕਿਸੇ ਹੋਰ ਦੇਸ਼ ਵਿੱਚ ਮੰਤਰੀ ਵੱਲੋਂ ਦੇਸ਼ ਦੀ ਕਰੰਸੀ ਬਚਾਉਂਦਾ ਨਹੀਂ ਚਾਹ ਘੱਟ ਪੀਣ ਦੀ ਅਪੀਲ ਤੇ ਬਾਵਰੋਲਾ ਖੜ੍ਹਾ ਹੋ ਗਿਆ ਪ੍ਰੰਤੂ ਸਾਡੇ ਦੇਸ਼ ਵਿੱਚ ਚਾਹ ਪੀਣ ਨਾਲ ਹੀ ਸੰਬੰਧ ਬਣਦੇ ਹਨ। ਮਹਿਮਾਨਾ ਨੂੰ ਧੱਕੇ ਨਾਲ ਚਾਹ ਪਿਲਾਈ ਜਾਂਦੀ ਹੈ। ਸਾਡੇ ਵਿਖਾਵੇ ਕਰਕੇ ਕਈ ਕਿਸਮ ਦੀਆਂ ਚਾਹ ਪੀਂਦੇ ਹਨ। ਪਸ਼ੂ ਵਾੜਾ ਵਿੱਚ ਸਿਆਸਤਦਾਨਾ ਵੱਲੋਂ ਆਪਣੇ ਵਿਰੋਧੀਆਂ ਦੀ ਤੁਲਨਾ ਪਸ਼ੂਆਂ ਨਾਲ ਕੀਤੀ ਜਾਂਦੀ ਹੈ। ਸਲੀਕੇ ਦੀ ਘਾਟ ਹੈ। ਨਿੰਬੂਆਂ ਦੀ ਮਹਿੰਗਾਈ ਨੇ ਤਾਂ ਗ਼ਰੀਬਾਂ ਦੇ ਵੱਟ ਕੱਢ ਦਿੱਤੇ। ਸਰਕਾਰਾਂ ਆਮ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ 'ਤੇ ਵੀ ਕਾਬੂ ਨਹੀਂ ਰੱਖ ਸਕਦੀਆਂ। ਮੁਨਾਫ਼ਾਖੋਰ ਸਰਕਾਰਾਂ ਨਾਲ ਮਿਲਕੇ ਮੁਨਾਫਾ ਕਮਾਉਂਦੇ ਹਨ। ਖਾਣ ਵਾਲੀਆਂ ਚੀਜ਼ਾਂ ਤੇ ਟੈਕਸ ਲਗਾਉਣ ਦਾ ਵਿਰੋਧ ਕੀਤਾ ਗਿਆ ਹੈ। ਪੰਜਾਬੀਆਂ 'ਤੇ ਵਿਅੰਗ ਹੈ ਕਿ ਉਹ ਪਰੌਂਠੇ ਬਹੁਤ ਖਾਂਦੇ ਹਨ, ਜਿਹੜੇ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਸਾਦਾ ਖਾਣਾ, ਖਾਣ ਦੀ ਨਸੀਹਤ ਹੈ। ਕਲਫ ਲਗਾਉਣ ਨਾਲ ਕੋਈ ਜਵਾਨ ਨਹੀਂ ਹੋ ਜਾਂਦਾ, ਸਿਹਤ ਲਈ ਨੁਕਸਾਨਦਾਇਕ। ਸ਼ਰਾਬ ਦੇ ਨਸ਼ੇ ਦੇ ਮੁਕਾਬਲੇ ਸਿੰਥੈਟਿਕ ਨਸ਼ਿਆਂ ਦਾ ਦੌਰ ਹੋ ਗਿਆ। ਮਹਿੰਗਾਈ ਨੇ ਲੋਕਾਂ ਦਾ ਜੀਣਾ ਦੁਭਰ ਕਰ ਦਿੱਤਾ। ਖਾਮਖਾਹ ਦੀਆਂ ਇਛਾਵਾਂ ਫੜ੍ਹਾਂ ਮਾਰਨ ਵਾਲੇ ਕਰਦੇ ਹਨ। 176 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਪੰਜਾਬੀ ਵਿਰਸਾ ਟਰੱਸਟ ਫਗਵਾੜਾ (ਰਜਿ) ਨੇ ਪ੍ਰਕਾਸ਼ਤ ਕੀਤੀ ਹੈ।



ਵਿਜੈ ਗਰਗ

# ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਦੀ ਥਾਂ ਲੈ ਸਕਦੀ ਹੈ?

ਆਰਟੀਫੀਸ਼ੀਅਲ ਇੰਟੈਲੀਜੈਂਸ ਅਜਿਹੀ ਚੀਜ਼ ਹੁੰਦੀ ਸੀ ਜਿਸ ਬਾਰੇ ਅਸੀਂ ਸਾਰਿਆਂ ਨੇ ਸੁਣਿਆ ਹੈ ਪਰ ਇਸ ਦੀਆਂ ਅਸਲ-ਜੀਵਨ ਦੀਆਂ ਐਪਲੀਕੇਸ਼ਨਾਂ ਨੂੰ ਬਿਲਕੁਲ ਨਹੀਂ ਸਮਝਿਆ ਜਾਂ ਨਹੀਂ ਜਾਣਿਆ। ਪਰ, ਜਿਵੇਂ ਹੀ ਚੈਟਜੀਪੀਟੀ, ਜਾਂ ਵਿਸਪਰ ਏਆਈ ਵਰਗੇ ਮੁਫ਼ਤ ਅਤੇ ਵਰਤੋਂ ਵਿੱਚ ਆਸਾਨ ਏਆਈ ਟੂਲ ਔਨਲਾਈਨ ਉਪਲਬਧ ਹੁੰਦੇ ਹਨ, ਇੱਕ ਨਵਾਂ ਏਆਈ ਯੁੱਗ ਸ਼ੁਰੂ ਹੋ ਗਿਆ ਹੈ। ਹੁਣ, ਉਪਭੋਗਤਾ ਸਧਾਰਨ ਆਦੇਸ਼ਾਂ ਅਤੇ ਨਿਰਦੇਸ਼ਾਂ ਦੀ ਵਰਤੋਂ ਕਰਕੇ ਕਾਪੀ, ਲੰਮੀ ਸਮੱਗਰੀ, ਚਿੱਤਰ, ਪੇਸ਼ਕਾਰੀਆਂ ਅਤੇ ਇੱਥੋਂ ਤੱਕ ਕਿ ਵੈਬਸਾਈਟਾਂ ਵੀ ਤਿਆਰ ਕਰ ਸਕਦੇ ਹਨ। ਇਹ ਮਨ ਨੂੰ ਉਡਾਉਣ ਵਾਲਾ ਹੈ! ਪਰ, ਜਿਵੇਂ ਕਿ ਇਹ ਕੁਦਰਤੀ ਹੈ, ਬਹੁਤ ਸਾਰੇ ਹੈਰਾਨ ਹਨ, "ਕੀ ਨਕਲੀ ਬੁੱਧੀ ਮਨੁੱਖੀ ਬੁੱਧੀ ਦੀ ਥਾਂ ਲੈ ਸਕਦੀ ਹੈ?" ਛੋਟਾ ਜਵਾਬ ਨਹੀਂ ਹੈ। ਏਆਈ ਪੂਰੀ ਤਰ੍ਹਾਂ ਮਨੁੱਖੀ ਬੁੱਧੀ ਨੂੰ ਨਹੀਂ ਬਦਲ ਸਕਦਾ। ਜਦੋਂ ਕਿ ਏਆਈ ਕੁਝ ਕਾਰਜਾਂ ਨੂੰ ਮਨੁੱਖਾਂ ਨਾਲੋਂ ਵਧੇਰੇ ਤੇਜ਼ੀ ਨਾਲ ਅਤੇ ਸਹੀ ਢੰਗ ਨਾਲ ਕਰ ਸਕਦਾ ਹੈ, ਇਸ ਵਿੱਚ ਮਨੁੱਖਾਂ ਕੋਲ ਆਮ ਬੁੱਧੀ, ਰਚਨਾਤਮਕਤਾ ਅਤੇ ਸਮਾਜਿਕ ਸਮਝ ਦੇ ਸਮਾਨ ਪੱਧਰ ਦੀ ਘਾਟ ਹੈ। ਇਸ ਬਲੌਗ ਵਿੱਚ, ਅਸੀਂ ਖੋਜ ਕਰਾਂਗੇ ਕਿ ਏਆਈ ਕੀ ਹੈ, ਇਸ ਦੀਆਂ ਸੀਮਾਵਾਂ ਅਤੇ ਇਸ ਦੀਆਂ ਸੰਭਾਵਨਾਵਾਂ। ਏਆਈ ਕੀ ਹੈ? ਇਸ ਤੋਂ ਪਹਿਲਾਂ ਕਿ ਅਸੀਂ ਇਸ ਸਵਾਲ ਵਿੱਚ ਡੁਬਕੀ ਮਾਰੀਏ ਕਿ ਕੀ ਏਆਈ ਮਨੁੱਖੀ ਬੁੱਧੀ ਨੂੰ ਬਦਲ ਸਕਦਾ ਹੈ, ਆਓ ਪਹਿਲਾਂ ਪਰਿਭਾਸ਼ਿਤ ਕਰੀਏ ਕਿ ਏਆਈ ਤੋਂ ਸਾਡਾ ਕੀ ਮਤਲਬ ਹੈ। ਇਸਦੇ ਮੂਲ ਰੂਪ ਵਿੱਚ, ਏਆਈ ਇੱਕ ਤਕਨਾਲੋਜੀ ਹੈ ਜੋ ਮਸ਼ੀਨਾਂ ਨੂੰ ਉਹਨਾਂ ਕਾਰਜਾਂ ਨੂੰ ਕਰਨ ਦੇ ਯੋਗ ਬਣਾਉਂਦੀ ਹੈ ਜਿਹਨਾਂ ਲਈ ਆਮ ਤੌਰ 'ਤੇ ਮਨੁੱਖੀ ਬੁੱਧੀ ਦੀ ਲੋੜ ਹੁੰਦੀ ਹੈ, ਜਿਵੇਂ ਕਿ ਪੈਟਰਨਾਂ ਨੂੰ ਪਛਾਣਨਾ, ਫੈਸਲੇ ਲੈਣਾ, ਅਤੇ ਕੁਦਰਤੀ ਭਾਸ਼ਾ ਦੀ ਪ੍ਰਕਿਰਿਆ ਕਰਨਾ। ਏਆਈ ਅਕਸਰ ਮਸ਼ੀਨ ਲਰਨਿੰਗ ਐਲਗੋਰਿਦਮ ਦੁਆਰਾ ਸੰਚਾਲਿਤ ਹੁੰਦਾ ਹੈ, ਜੋ ਸਿਸਟਮ ਨੂੰ ਸਮੇਂ ਦੇ ਨਾਲ ਸਿੱਖਣ ਅਤੇ ਸੁਧਾਰ ਕਰਨ ਦੀ ਆਗਿਆ ਦਿੰਦਾ ਹੈ। ਜਦੋਂ ਕਿ ਏਆਈ ਕਈ ਦਹਾਕਿਆਂ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਹੈ, ਕੰਪਿਊਟਿੰਗ ਪਾਵਰ ਅਤੇ ਡੇਟਾ ਵਿਸ਼ਲੇਸ਼ਣ ਵਿੱਚ ਹਾਲ ਹੀ ਵਿੱਚ ਹੋਈ ਤਰੱਕੀ ਨੇ ਏਆਈ ਵਿਕਾਸ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਹੈ। ਅੱਜ, ਏਆਈ ਦੀ ਵਰਤੋਂ ਸਵੈ-ਡਰਾਈਵਿੰਗ ਕਾਰਾਂ ਤੋਂ ਲੈ ਕੇ ਵਰਚੁਅਲ ਨਿੱਜੀ ਸਹਾਇਕ ਤੱਕ ਵੱਖ-ਵੱਖ ਐਪਲੀਕੇਸ਼ਨਾਂ ਵਿੱਚ ਕੀਤੀ ਜਾਂਦੀ ਹੈ। ਏਆਈ ਦੀਆਂ ਸੀਮਾਵਾਂ ਪਰ, ਏਆਈ ਦੀ ਤਰੱਕੀ ਅਤੇ ਸੰਭਾਵਨਾਵਾਂ ਦੇ ਬਾਵਜੂਦ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਇਹ ਕੀ ਕਰ ਸਕਦਾ ਹੈ ਦੀਆਂ ਸੀਮਾਵਾਂ ਹਨ। ਇੱਕ ਵੱਡੀ ਸੀਮਾ ਇਹ ਹੈ ਕਿ ਏਆਈ ਸਿਰਫ ਓਨਾ ਹੀ ਵਧੀਆ ਹੈ ਜਿੰਨਾ ਡੇਟਾ ਇਸ 'ਤੇ ਸਿਖਲਾਈ ਪ੍ਰਾਪਤ ਹੈ। ਜੇਕਰ ਡੇਟਾ ਪੱਖਪਾਤੀ ਜਾਂ ਅਧੂਰਾ ਹੈ, ਤਾਂ ਏਆਈ ਸਿਸਟਮ ਉਹਨਾਂ ਪੱਖਪਾਤਾਂ ਅਤੇ ਸੀਮਾਵਾਂ ਨੂੰ ਦਰਸਾਏਗਾ। ਏਆਈ ਸੱਚੀ ਰਚਨਾਤਮਕਤਾ ਜਾਂ ਨਵੀਨਤਾ ਲਈ ਵੀ ਅਯੋਗ ਹੈ। ਜਦੋਂ ਕਿ ਏਆਈ ਮੌਜੂਦਾ ਡੇਟਾ ਦੇ ਅਧਾਰ 'ਤੇ ਨਵੇਂ ਵਿਚਾਰ ਅਤੇ ਹੱਲ ਤਿਆਰ ਕਰ ਸਕਦਾ ਹੈ, ਇਹ ਬਾਕਸ ਤੋਂ ਬਾਹਰ ਨਹੀਂ ਸੋਚ ਸਕਦਾ ਅਤੇ ਅਸਲ ਵਿਚਾਰ ਨਹੀਂ ਬਣਾ ਸਕਦਾ। ਇਹ ਇਸ ਲਈ ਹੈ ਕਿਉਂਕਿ ਏਆਈ ਐਲਗੋਰਿਦਮ ਅਤੇ ਪੈਟਰਨਾਂ 'ਤੇ ਅਧਾਰਤ ਹੈ, ਜਦੋਂ ਕਿ ਮਨੁੱਖੀ ਰਚਨਾਤਮਕਤਾ ਅਨੁਭਵ, ਪ੍ਰੇਰਨਾ ਅਤੇ ਕਲਪਨਾ ਦੁਆਰਾ ਚਲਾਈ ਜਾਂਦੀ ਹੈ। ਇਸ ਲਈ, ਏਆਈ ਮਨੁੱਖੀ ਚਤੁਰਾਈ ਨੂੰ ਵਧਾਉਣ ਲਈ ਇੱਕ ਕੀਮਤੀ ਸਾਧਨ ਹੋ ਸਕਦਾ ਹੈ ਪਰ ਇਸਨੂੰ ਕਦੇ ਵੀ ਬਦਲ ਨਹੀਂ ਸਕਦਾ। ਇਸ ਤੋਂ ਇਲਾਵਾ, ਏਆਈ ਹਮਦਰਦੀ ਜਾਂ ਭਾਵਨਾਤਮਕ ਬੁੱਧੀ ਦੇ ਸਮਰੱਥ ਨਹੀਂ ਹੈ। ਜਦੋਂ ਕਿ ਏਆਈ ਭਾਵਨਾਵਾਂ ਨੂੰ ਪਛਾਣ ਅਤੇ ਵਿਸ਼ਲੇਸ਼ਣ ਕਰ ਸਕਦਾ ਹੈ, ਇਹ ਉਹਨਾਂ ਨੂੰ ਸੱਚਮੁੱਚ ਸਮਝ ਨਹੀਂ ਸਕਦਾ ਜਾਂ ਉਹਨਾਂ ਨੂੰ ਸਾਰਥਕ ਤਰੀਕੇ ਨਾਲ ਜਵਾਬ ਨਹੀਂ ਦੇ ਸਕਦਾ। ਇਸਦਾ ਮਤਲਬ ਹੈ ਕਿ ਏਆਈ ਮਨੁੱਖੀ ਰਿਸ਼ਤਿਆਂ ਜਾਂ ਸਮਾਜਿਕ ਪਰਸਪਰ ਕ੍ਰਿਆਵਾਂ ਦੀ ਥਾਂ ਨਹੀਂ ਲੈ ਸਕਦਾ, ਕਿਉਂਕਿ ਇਹਨਾਂ ਲਈ ਮਨੁੱਖੀ ਭਾਵਨਾਵਾਂ ਅਤੇ ਵਿਵਹਾਰਾਂ ਦੀ ਡੂੰਘੀ ਸਮਝ ਦੀ ਲੋੜ ਹੁੰਦੀ ਹੈ। ਇਸ ਲਈ, ਜਦੋਂ ਕਿ ਏਆਈ ਬਹੁਤ ਸਾਰੀਆਂ ਐਪਲੀਕੇਸ਼ਨਾਂ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੋ ਸਕਦਾ ਹੈ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਇਹ ਮਨੁੱਖੀ ਬੁੱਧੀ, ਹਮਦਰਦੀ ਅਤੇ ਰਚਨਾਤਮਕਤਾ ਦਾ ਬਦਲ ਨਹੀਂ ਹੈ। ਏਆਈ ਦੀ ਸੰਭਾਵਨਾ ਆਪਣੀਆਂ ਸੀਮਾਵਾਂ ਦੇ ਬਾਵਜੂਦ, ਓਹੀ ਕੋਲ ਬਹੁਤ ਸਾਰੇ ਉਦਯੋਗਾਂ ਨੂੰ ਬਦਲਣ ਅਤੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਦੀ ਅਥਾਹ ਸਮਰੱਥਾ ਹੈ। ਜਿਵੇਂ ਕਿ ਗੂਗਲ ਬ੍ਰੇਨ ਦੇ ਸਹਿ-ਸੰਸਥਾਪਕ ਅਤੇ ਡੀਪਲਰਿੰਗਾ। ਏਆਈ ਦੇ ਸੰਸਥਾਪਕ ਐਂਡਰਿਊ ਐਨ.ਜੀ. "ਕਿਸੇ ਵੱਡੇ ਉਦਯੋਗ ਬਾਰੇ ਇਹ ਸੋਚਣਾ ਮੁਸ਼ਕਲ ਹੈ ਕਿ ਏਆਈ ਨਹੀਂ ਬਦਲੇਗਾ। ਇਸ ਵਿੱਚ ਸਿਹਤ ਸੰਭਾਲ, ਸਿੱਖਿਆ, ਆਵਾਜਾਈ, ਪ੍ਰਚੂਨ, ਸੰਚਾਰ ਅਤੇ ਖੇਤੀਬਾੜੀ ਸ਼ਾਮਲ ਹਨ। ਇਹਨਾਂ ਉਦਯੋਗਾਂ ਵਿੱਚ ਇੱਕ ਵੱਡਾ ਫਰਕ ਲਿਆਉਣ ਲਈ ਏਆਈ ਲਈ ਹੈਰਾਨੀਜਨਕ ਤੌਰ 'ਤੇ ਸਪੱਸ਼ਟ ਮਾਰਗ ਹਨ।" ਏਆਈ ਵੱਡੀ ਮਾਤਰਾ ਵਿੱਚ ਡੇਟਾ ਦਾ ਵਿਸ਼ਲੇਸ਼ਣ ਕਰਕੇ ਅਤੇ ਪੈਟਰਨਾਂ ਅਤੇ ਰੁਝਾਨਾਂ ਦੀ ਪਛਾਣ ਕਰਕੇ ਵਧੇਰੇ ਸੂਚਿਤ ਫੈਸਲੇ ਲੈਣ ਵਿੱਚ ਸਾਡੀ ਮਦਦ ਕਰ ਸਕਦਾ ਹੈ ਜੋ ਇਨਸਾਨ ਗੁਆ ਸਕਦੇ ਹਨ। ਇਹ ਸਿਹਤ ਸੰਭਾਲ ਵਿੱਚ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੋ ਸਕਦਾ ਹੈ ਅਤੇ ਵਿੱਤ, ਜਿੱਥੇ ਸਹੀ ਪੂਰਵ-ਅਨੁਮਾਨਾਂ ਅਤੇ ਨਿਦਾਨ ਕਰਨ ਦੇ ਜੀਵਨ-ਬਦਲਣ ਵਾਲੇ ਪ੍ਰਭਾਵ ਹੋ ਸਕਦੇ ਹਨ। ਪਰ ਸ਼ਾਇਦ ਏਆਈ ਦੀ ਸਭ ਤੋਂ ਮਹੱਤਵਪੂਰਨ ਵਰਤੋਂ ਦੇ ਕੇਸਾਂ ਵਿੱਚੋਂ ਇੱਕ ਇਹ ਹੈ ਕਿ ਇਹ ਦੁਹਰਾਉਣ ਵਾਲੇ ਅਤੇ ਦੁਨਿਆਵੀ ਕੰਮਾਂ ਨੂੰ ਸਵੈਚਾਲਤ ਕਰਨ ਵਿੱਚ ਸਾਡੀ ਮਦਦ ਕਰ ਸਕਦਾ ਹੈ, ਵਧੇਰੇ ਰਚਨਾਤਮਕ ਅਤੇ ਅਰਥਪੂਰਨ ਕੰਮ ਲਈ ਸਮਾਂ ਅਤੇ ਊਰਜਾ ਖਾਲੀ ਕਰ ਸਕਦਾ ਹੈ। ਇਹ ਨਿਰਮਾਣ ਤੋਂ ਗਾਹਕ ਸੇਵਾ ਤੱਕ, ਬਹੁਤ ਸਾਰੇ ਉਦਯੋਗਾਂ ਵਿੱਚ ਕੁਸ਼ਲਤਾ ਅਤੇ ਉਤਪਾਦਕਤਾ ਵਿੱਚ ਸੁਧਾਰ ਕਰ ਸਕਦਾ ਹੈ। ਇਸ ਤੋਂ ਇਲਾਵਾ, ਏਆਈ ਸਾਨੂੰ ਨਵੇਂ ਅਤੇ ਨਵੀਨਤਾਕਾਰੀ ਤਰੀਕਿਆਂ ਨਾਲ ਡੇਟਾ ਅਤੇ ਸੂਝ ਨੂੰ ਜੋੜ ਕੇ ਨਵੇਂ ਉਤਪਾਦਾਂ ਅਤੇ ਸੇਵਾਵਾਂ ਨੂੰ ਬਣਾਉਣ ਦੇ ਯੋਗ ਬਣਾ ਸਕਦਾ ਹੈ ਜੋ ਪਹਿਲਾਂ ਅਸੰਭਵ ਸਨ। ਕੁੱਲ ਮਿਲਾ ਕੇ, AI ਦੀਆਂ ਸੰਭਾਵਨਾਵਾਂ ਵਿਸ਼ਾਲ ਅਤੇ ਰੋਮਾਂਚਕ ਹਨ, ਅਤੇ ਅਸੀਂ ਸਿਰਫ ਇਸ ਗੱਲ ਦੀ ਸਤ੍ਹਾ ਨੂੰ ਖੁਰਚਿਆ ਹੈ ਕਿ ਇਹ ਤਕਨਾਲੋਜੀ ਕੀ ਕਰ ਸਕਦੀ ਹੈ। ਮਨੁੱਖੀ ਇਨਪੁਟ ਦੀ ਮਹੱਤਤਾ ਹਾਲਾਂਕਿ ਏਆਈ ਵਿੱਚ ਬਹੁਤ ਜ਼ਿਆਦਾ ਸਮਰੱਥਾ ਹੈ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਇਹ ਸਿਲਵਰ ਬੁਲੇਟ ਨਹੀਂ ਹੈ। ਏਆਈ ਪ੍ਰਣਾਲੀਆਂ ਨੂੰ ਸਹੀ ਢੰਗ ਨਾਲ ਪ੍ਰਦਰਸ਼ਨ ਕਰਨ ਅਤੇ ਅਸਪਸ਼ਟ ਸਥਿਤੀਆਂ ਵਿੱਚ ਫੈਸਲੇ ਲੈਣ ਲਈ ਮਨੁੱਖੀ ਇਨਪੁਟ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਆਖਰਕਾਰ, ਏਆਈ ਮਨੁੱਖੀ ਬੁੱਧੀ ਦਾ ਬਦਲ ਨਹੀਂ ਹੈ, ਇਹ ਇੱਕ ਅਜਿਹਾ ਸਾਧਨ ਹੈ ਜੋ ਸਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰ ਸਕਦਾ ਹੈ, ਪਰ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅਸੀਂ ਇਸਦੀ ਵਰਤੋਂ ਜ਼ਿੰਮੇਵਾਰੀ ਅਤੇ ਨੈਤਿਕਤਾ ਨਾਲ ਕਰੀਏ। ਇਸ ਤੋਂ ਇਲਾਵਾ, ਮਨੁੱਖ ਫੈਸਲੇ ਲੈਣ ਦੀ ਪ੍ਰਕਿਰਿਆ ਲਈ ਤਜ਼ਰਬਿਆਂ, ਰਚਨਾਤਮਕਤਾ, ਅਤੇ ਅਨੁਭਵ ਦੀ ਇੱਕ ਵਿਸ਼ਾਲ ਸ਼੍ਰੇਣੀ ਲਿਆਉਂਦੇ ਹਨ ਜਿਸ ਨੂੰ ਏਆਈ ਦੁਹਰਾਇਆ ਨਹੀਂ ਜਾ ਸਕਦਾ। ਜਦੋਂ ਕਿ ਏਆਈ ਵੱਡੀ ਮਾਤਰਾ ਵਿੱਚ ਡੇਟਾ ਦੀ ਪ੍ਰਕਿਰਿਆ ਕਰ ਸਕਦਾ ਹੈ ਅਤੇ ਉਹਨਾਂ ਪੈਟਰਨਾਂ ਦੀ ਪਛਾਣ ਕਰ ਸਕਦਾ ਹੈ ਜੋ ਮਨੁੱਖ ਗੁਆ ਸਕਦੇ ਹਨ, ਇਹ ਫੈਸਲੇ ਲੈਣ ਵਿੱਚ ਮਨੁੱਖੀ ਅਨੁਭਵ ਅਤੇ ਰਚਨਾਤਮਕਤਾ ਦੇ ਮੁੱਲ ਨੂੰ ਨਹੀਂ ਬਦਲ ਸਕਦਾ। ਇਹ ਸਮਝਣਾ ਮਹੱਤਵਪੂਰਨ ਹੈ ਕਿ ਏਆਈ ਮਨੁੱਖੀ ਬੁੱਧੀ ਦਾ ਬਦਲ ਨਹੀਂ ਹੈ। ਇਹ ਇਸ ਦਾ ਇੱਕ ਵਿਸਥਾਰ ਹੈ। ਇਹ ਸਾਨੂੰ ਬਿਹਤਰ ਫੈਸਲੇ ਲੈਣ ਅਤੇ ਵਧੇਰੇ ਲਾਭਕਾਰੀ ਬਣਨ ਵਿੱਚ ਮਦਦ ਕਰ ਸਕਦਾ ਹੈ, ਪਰ ਇਹ ਮਨੁੱਖੀ ਅਨੁਭਵ ਅਤੇ ਰਚਨਾਤਮਕਤਾ ਦੇ ਮੁੱਲ ਨੂੰ ਨਹੀਂ ਬਦਲ ਸਕਦਾ। ਆਪਣੀ ਜਨ ਏਆਈ ਯਾਤਰਾ ਨੂੰ ਕਿੱਕਸਟਾਰਟ ਕਰਨਾ ਚਾਹੁੰਦੇ ਹੋ? ਆਪਣੇ ਬੋਰਡ ਦੀ ਮਨਜ਼ੂਰੀ ਜਿੱਤਣ ਲਈ ਸਾਡਾ ਇੰਟਰਐਕਟਿਵ- ਸੰਪਾਦਨਯੋਗ ਜਨ ਏਆਈ ਬਿਜ਼ਨਸ ਕੇਸ ਟੈਮਪਲੇਟ ਡਾਊਨਲੋਡ ਕਰੋ! ਜਨਰੇਟਿਵ ਏਆਈ ਵਪਾਰਕ ਕੇਸ - ਡਾਊਨਲੋਡ ਕਰੋ ਏਆਈ ਅਤੇ ਮਨੁੱਖੀ ਬੁੱਧੀ ਦਾ ਭਵਿੱਖ ਇਸ ਲਈ, ਏਆਈ ਅਤੇ ਮਨੁੱਖੀ ਬੁੱਧੀ ਲਈ ਭਵਿੱਖ ਕੀ ਰੱਖਦਾ ਹੈ? ਏਆਈ ਸੰਭਾਵਤ ਤੌਰ 'ਤੇ ਅੱਗੇ ਵਧਣਾ ਜਾਰੀ ਰੱਖੇਗਾ ਅਤੇ ਵਧੇਰੇ ਸੂਝਵਾਨ ਬਣ ਜਾਵੇਗਾ, ਇਸ ਨੂੰ ਕਾਰਜਾਂ ਦੀ ਇੱਕ ਹੋਰ ਵਿਸ਼ਾਲ ਸ਼੍ਰੇਣੀ ਨੂੰ ਕਰਨ ਦੇ ਯੋਗ ਬਣਾਉਂਦਾ ਹੈ। ਹਾਲਾਂਕਿ, ਹਮੇਸ਼ਾ ਅਜਿਹੇ ਕੰਮ ਅਤੇ ਸਮੱਸਿਆਵਾਂ ਹੋਣਗੀਆਂ ਜਿਨ੍ਹਾਂ ਲਈ ਮਨੁੱਖੀ ਇਨਪੁਟ ਅਤੇ ਰਚਨਾਤਮਕਤਾ ਦੀ ਲੋੜ ਹੁੰਦੀ ਹੈ। ਮਨੁੱਖੀ ਬੁੱਧੀ ਹਮੇਸ਼ਾ ਉਹਨਾਂ ਖੇਤਰਾਂ ਦਾ ਹਿੱਸਾ ਰਹੇਗੀ ਜਿਨ੍ਹਾਂ ਲਈ ਖੋਜ, ਡਿਜ਼ਾਈਨ, ਰਣਨੀਤਕ ਯੋਜਨਾਬੰਦੀ ਅਤੇ ਹੋਰ ਬਹੁਤ ਕੁਝ ਵਰਗੇ ਹੁਨਰਾਂ ਦੀ ਲੋੜ ਹੁੰਦੀ ਹੈ। ਭੂਮਿਕਾਵਾਂ ਜਿਨ੍ਹਾਂ ਲਈ ਮਨੁੱਖੀ ਸਬੰਧਾਂ, ਫੈਸਲੇ ਲੈਣ, ਅਨੁਭਵੀ ਅਤੇ ਭਾਵਨਾਤਮਕ ਬੁੱਧੀ ਦੀ ਲੋੜ ਹੁੰਦੀ ਹੈ, ਜਿਵੇਂ ਕਿ ਡਾਕਟਰ, ਅਧਿਆਪਕ, ਐਚਆਰ ਪੇਸ਼ੇਵਰ ਅਤੇ ਵਪਾਰਕ ਆਗੂ, ਸਵੈਚਲਿਤ ਨਹੀਂ ਹੋ ਸਕਦੇ ਹਨ। ਫਿਰ ਵੀ, ਏਆਈ ਉਹਨਾਂ ਨੂੰ ਵਧੇਰੇ ਲਾਭਕਾਰੀ ਅਤੇ ਪ੍ਰਭਾਵਸ਼ਾਲੀ ਬਣਾਏਗਾ। ਸਿੱਟੇ ਵਜੋਂ, ਜਦੋਂ ਕਿ ਏਆਈ ਕੋਲ ਬਹੁਤ ਸਾਰੇ ਉਦਯੋਗਾਂ ਨੂੰ ਬਦਲਣ ਅਤੇ ਕਈ ਤਰੀਕਿਆਂ ਨਾਲ ਸਾਡੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਬਹੁਤ ਸਮਰੱਥਾ ਹੈ, ਇਹ ਮਨੁੱਖੀ ਬੁੱਧੀ ਨੂੰ ਪੂਰੀ ਤਰ੍ਹਾਂ ਨਹੀਂ ਬਦਲ ਸਕਦਾ ਹੈ। ਹਾਲਾਂਕਿ ਏਆਈ ਮਨੁੱਖਾਂ ਨਾਲੋਂ ਖਾਸ ਕਾਰਜਾਂ ਨੂੰ ਵਧੇਰੇ ਤੇਜ਼ੀ ਨਾਲ ਅਤੇ ਸਹੀ ਢੰਗ ਨਾਲ ਕਰਨ ਦੇ ਯੋਗ ਹੋ ਸਕਦਾ ਹੈ, ਇਸ ਵਿੱਚ ਆਮ ਬੁੱਧੀ, ਰਚਨਾਤਮਕਤਾ ਅਤੇ ਸਮਾਜਿਕ ਸਮਝ ਦੇ ਸਮਾਨ ਪੱਧਰ ਦੀ ਘਾਟ ਹੈ ਜੋ ਮਨੁੱਖਾਂ ਕੋਲ ਹੈ। ਇਸ ਲਈ, ਏਆਈ ਲਈ ਸਭ ਤੋਂ ਪ੍ਰਭਾਵਸ਼ਾਲੀ ਅਤੇ ਜ਼ਿੰਮੇਵਾਰ ਪਹੁੰਚ ਇਸ ਨੂੰ ਬਦਲਣ ਦੀ ਬਜਾਏ ਮਨੁੱਖੀ ਬੁੱਧੀ ਨੂੰ ਵਧਾਉਣ ਦੇ ਇੱਕ ਸਾਧਨ ਵਜੋਂ ਵੇਖਣਾ ਹੈ।



ਅਜਿਹਾ ਕਰਨ ਨਾਲ, ਅਸੀਂ ਮਨੁੱਖੀ ਇਨਪੁਟ ਅਤੇ ਰਚਨਾਤਮਕਤਾ ਦੇ ਮੁੱਲ ਨੂੰ ਸੁਰੱਖਿਅਤ ਰੱਖਦੇ ਹੋਏ ਏਆਈ ਦੀ ਪੂਰੀ ਸਮਰੱਥਾ ਨੂੰ ਅਨਲੌਕ ਕਰ ਸਕਦੇ ਹਾਂ। ਐਂਡ-ਟੂ-ਐਂਡ ਏਆਈ ਪਰਿਵਰਤਨ ਨਾਲ ਸ਼ੁਰੂਆਤ ਕਰਨਾ ਸਾਡੇ ਏਆਈ ਫਾਸਟ ਲੇਨ ਪ੍ਰੋਗਰਾਮ ਰਾਹੀਂ, ਇੱਕ ਪ੍ਰਮੁੱਖ ਜਨਰੇਟਿਵ ਏਆਈ ਏਜੰਸੀ, ਨਾਲ ਭਾਈਵਾਲ, ਇਹ ਪਛਾਣ ਕਰਨ ਲਈ ਤਿਆਰ ਕੀਤਾ ਗਿਆ ਹੈ ਕਿ ਏਆਈ ਤੁਹਾਨੂੰ ਰਣਨੀਤਕ ਲਾਭ ਕਿੱਥੇ ਦੇਵੇਗਾ ਅਤੇ ਤੁਹਾਡੀ ਸੰਸਥਾ ਵਿੱਚ ਤੇਜ਼ੀ ਨਾਲ ਏਆਈ ਹੱਲ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

ਇੱਕ ਏਆਈ ਮਾਹਿਰ ਹੋਣ ਦੇ ਨਾਤੇ, ਅਸੀਂ ਤੁਹਾਡੀ ਏਆਈ ਰਣਨੀਤੀ ਅਤੇ ਤੁਹਾਡੀ ਸੰਸਥਾ ਦੇ ਅੰਦਰ ਹੱਲਾਂ ਦੇ ਵਿਕਾਸ ਦੀ ਸਹੂਲਤ ਦੇਣ ਲਈ ਇੱਥੇ ਹਾਂ, ਹਰ ਕਦਮ 'ਤੇ ਤੁਹਾਡੀ ਅਗਵਾਈ ਕਰਦੇ ਹੋਏ।

# 2024 ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਆਮ ਗਲਤੀਆਂ ਤੋਂ ਕਿਵੇਂ ਬਚਿਆ ਜਾਵੇ

ਸੈਸ਼ਨ 2024 ਲਈ ਬੋਰਡ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਨੂੰ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਪ੍ਰੀਖਿਆ ਵਿੱਚ ਇਹ ਗਲਤੀਆਂ ਨਾ ਕਰਨ ਅਤੇ ਵਧੀਆ ਅੰਕ ਹਾਸਲ ਕਰਨ।

1- ਪ੍ਰੀਖਿਆ ਕੇਂਦਰ 'ਤੇ ਸਮੇਂ ਸਿਰ ਨਾ ਪਹੁੰਚਣਾ ਬੋਰਡ ਇਮਤਿਹਾਨ ਵਿਦਿਆਰਥੀ ਦਾ ਆਪਣੇ ਭਵਿੱਖ ਵੱਲ ਪਹਿਲਾ ਕਦਮ ਹੁੰਦਾ ਹੈ ਜਾਂ ਅਸੀਂ 12ਵੀਂ ਤੋਂ ਬਾਅਦ ਦਾ ਕੈਰ-ਿਅਰ ਕਹਿ ਸਕਦੇ ਹਾਂ, ਜਦੋਂ ਕਿ ਪ੍ਰੀਖਿਆ ਕੇਂਦਰ ਵਿੱਚ ਸਮੇਂ ਸਿਰ ਨਾ ਪਹੁੰਚਣਾ ਵਿਦਿਆਰਥੀ ਲਈ ਮੁਸੀਬਤ ਦਾ ਕਾਰਨ ਬਣ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਹੈ। ਬੋਰਡ ਪ੍ਰੀਖਿਆ 2024 ਲਈ ਨਿਰਵਿਘਨ ਤਸਦੀਕ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ, ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਨਿਰਧਾਰਤ ਸਮੇਂ ਤੋਂ ਘੱਟੋ-ਘੱਟ 15 ਮਿੰਟ ਪਹਿਲਾਂ ਪ੍ਰੀਖਿਆ ਕੇਂਦਰ 'ਤੇ ਪਹੁੰਚਣਾ ਚਾਹੀਦਾ ਹੈ।

2- ਕੁਝ ਵਿਸ਼ਿਆਂ/ਵਿਸ਼ਿਆਂ ਨੂੰ ਨਜ਼ਰਅੰਦਾਜ਼ ਕਰਨਾ ਵਿਦਿਆਰਥੀਆਂ ਦੁਆਰਾ ਕੀਤੀ ਗਈ ਇੱਕ ਹੋਰ ਗਲਤੀ ਵੱਖ-ਵੱਖ ਵਿਸ਼ਿਆਂ ਵਿੱਚੋਂ ਕੁਝ ਵਿਸ਼ਿਆਂ ਨੂੰ ਨਜ਼ਰਅੰਦਾਜ਼ ਕਰਨਾ ਹੈ। ਦੱਸਣਯੋਗ ਹੈ ਕਿ ਬੋਰਡ ਪ੍ਰੀਖਿਆ 2024 ਵਿੱਚ ਹਰ ਵਿਸ਼ੇ ਅਤੇ ਹਰ ਚੈਪਟਰ ਦਾ ਭਾਰ ਹੈ, ਇਸ ਲਈ ਕਿਸੇ ਵਿਸ਼ੇ ਜਾਂ ਚੈਪਟਰ ਨੂੰ ਛੱਡਣਾ ਵਿਦਿਆਰਥੀਆਂ ਲਈ ਲਾਹੇਵੰਦ ਨਹੀਂ ਹੋਵੇਗਾ। ਕਿਸੇ ਖਾਸ ਵਿਸ਼ੇ ਨੂੰ ਨਜ਼ਰਅੰਦਾਜ਼ ਕਰਨ ਨਾਲ ਉਨ੍ਹਾਂ ਦੇ ਬੋਰਡ ਪ੍ਰੀਖਿਆ ਦੇ ਸਕੋਰ ਅਤੇ ਪ੍ਰਤੀਸ਼ਤਤਾਵਾਂ 'ਤੇ ਮਹੱਤਵਪੂਰਨ ਅਸਰ ਪੈ ਸਕਦਾ ਹੈ। ਇਸ ਲਈ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ 2024 ਦੀ ਬੋਰਡ ਪ੍ਰੀਖਿਆ ਵਿੱਚ ਵਧੀਆ ਅੰਕ ਹਾਸਲ ਕਰਨ ਲਈ ਹਰੇਕ ਵਿਸ਼ੇ ਵਿੱਚੋਂ ਹਰ ਵਿਸ਼ੇ ਦਾ ਅਧਿਐਨ ਕਰਨ।

3- 1 ਅਧਿਐਨ ਸਮੱਗਰੀ 'ਤੇ ਭਰੋਸਾ ਕਰਨਾ ਕਈ ਵਾਰ ਉਮੀਦਵਾਰ ਸੋਚਦੇ ਹਨ ਕਿ ਸਿਰਫ 1 ਸਰੋਤ ਤੋਂ ਅਧਿਐਨ ਕਰਨਾ ਉਨ੍ਹਾਂ ਲਈ ਚੰਗਾ ਅਤੇ ਲਾਭਕਾਰੀ ਹੈ ਪਰ ਇਹ ਸੱਚ ਨਹੀਂ ਹੈ। ਵਿਦਿਆਰਥੀਆਂ ਨੂੰ 2024 ਵਿੱਚ ਬੋਰਡ ਇਮਤਿਹਾਨ ਦੀ ਤਿਆਰੀ ਕਰਦੇ ਸਮੇਂ ਕਈ ਤਰ੍ਹਾਂ ਦੇ ਅਧਿਐਨ ਸਮੱਗਰੀ ਜਿਵੇਂ ਕਿ ਔਨਲਾਈਨ ਜਾਂ ਔਫਲਾਈਨ ਦੀ ਪੜਚੋਲ ਕਰਨੀ ਚਾਹੀਦੀ ਹੈ। ਹਰ ਸਰੋਤ ਜਿਵੇਂ ਕਿ ਕਿਤਾਬਾਂ, ਪ੍ਰਸ਼ਨ-ਾਵਲੀ, ਪ੍ਰੀਖਿਆ ਵਿਚਾਰ, ਅਤੇ ਨਮੂਨਾ ਪੇਪਰ ਕਿਤਾਬਾਂ ਇੱਕ ਵਿਲੱਖਣ ਦ੍ਰਿਸ਼ਟੀਕੋਣ ਅਤੇ ਗਿਆਨ ਦੀ ਡੂੰਘਾਈ ਦੀ ਪੇਸ਼ਕਸ਼ ਕਰਦੀਆਂ ਹਨ। ਇਸ ਲਈ ਇੱਕ ਉਮੀਦਵਾਰ ਨੂੰ 1 ਤੋਂ ਵੱਧ ਸਰੋਤਾਂ ਤੋਂ ਅਧਿਐਨ ਕਰਨਾ ਚਾਹੀਦਾ ਹੈ ਅਤੇ ਤੁਹਾਨੂੰ NCERT ਦੀਆਂ ਕਿਤਾਬਾਂ ਤੋਂ ਚੰਗੀ ਤਰ੍ਹਾਂ ਸੋਧਣਾ ਚਾਹੀਦਾ ਹੈ।

4- ਸ਼ਬਦ ਸੀਮਾ ਦੇ ਅਨੁਸਾਰ ਜਵਾਬ ਨਹੀਂ ਦੇਣਾ ਕਈ ਵਾਰ ਉਮੀਦਵਾਰ ਸੋਚਦੇ ਹਨ ਕਿ ਉਹਨਾਂ ਨੇ ਕਿਸੇ ਖਾਸ ਸਵਾਲ ਲਈ ਜੋ ਜਵਾਬ ਲਿਖਿਆ ਹੈ ਉਹ ਉਹਨਾਂ ਦੇ ਨੁਕਤਿਆਂ ਨੂੰ ਜਾਇਜ਼ ਠਹਿਰਾਉਣ ਲਈ ਕਾਫ਼ੀ ਹੈ ਪਰ ਕਈ ਵਾਰ ਇਹ ਕਾਫ਼ੀ ਨਹੀਂ ਹੁੰਦਾ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਜਵਾਬ ਅਥਾਰਟੀ ਦੁਆਰਾ ਦਿੱਤੀ ਗਈ ਸ਼ਬਦ ਸੀਮਾ ਦੇ ਅਨੁਸਾਰ ਸੀਮਤ ਕਰਨ ਅਤੇ ਅਗਲੇ ਪ੍ਰਸ਼ਨ 'ਤੇ ਜਾਣ ਤੋਂ ਪਹਿਲਾਂ ਸੋਧ ਕਰਨ। ਵਿਦਿਆਰਥੀਆਂ ਨੂੰ ਜਾਣਕਾਰੀ ਨੂੰ ਓਵਰਰਾਈਟ ਨਹੀਂ ਕਰਨਾ ਚਾਹੀਦਾ ਅਤੇ ਬੋਰਡ ਪ੍ਰੀਖਿਆ 2024 ਵਿੱਚ ਲੋੜ ਤੋਂ ਘੱਟ ਲਿਖਣ ਤੋਂ ਵੀ ਬਚਣਾ ਚਾਹੀਦਾ ਹੈ।

5- ਸਮਾਂ ਪ੍ਰਬੰਧਨ ਦੀ ਘਾਟ ਸਮਾਂ ਪ੍ਰਬੰਧਨ ਦੀ ਘਾਟ ਉਦੋਂ ਵਾਪਰਦੀ ਹੈ ਜਦੋਂ ਕੋਈ ਉਮੀਦਵਾਰ ਪ੍ਰਸ਼ਨ ਹੱਲ ਕਰਨ ਲਈ ਵਾਧੂ ਸਮਾਂ ਦਿੰਦਾ ਹੈ। ਜਿਵੇਂ ਕਿ ਸਾਰੇ ਵਿਦਿਆਰਥੀ ਜਾਣਦੇ ਹਨ ਕਿ ਬੋਰਡ ਪ੍ਰੀਖਿਆ 2024 ਦੀ ਮਿਆਦ 3 ਘੰਟੇ ਹੁੰਦੀ ਹੈ ਅਤੇ ਹਰੇਕ ਪ੍ਰਸ਼ਨ ਨੂੰ ਹੱਲ ਕਰਨ ਲਈ ਇੱਕ ਖਾਸ ਸਮਾਂ ਲੱਗਦਾ ਹੈ। ਅਜਿਹੀਆਂ ਸਥਿਤੀਆਂ ਵਿੱਚ, ਜਦੋਂ ਵਿਦਿਆਰਥੀਆਂ ਕੋਲ ਇੱਕ ਪ੍ਰਸ਼ਨ ਹੱਲ ਕਰਨ ਲਈ ਸੀਮਤ ਸਮਾਂ ਹੁੰਦਾ ਹੈ, ਤਾਂ ਇੱਕ ਪ੍ਰਸ਼ਨ ਲਈ ਵਾਧੂ ਸਮਾਂ ਦੇਣਾ ਨੁਕਸਾਨ ਵਿੱਚ ਬਦਲ ਜਾਵੇਗਾ।

6- ਪ੍ਰੀਖਿਆ ਵਿੱਚ ਪ੍ਰਸ਼ਨ ਛੱਡਣਾ ਜਦੋਂ ਬੋਰਡ ਇਮਤਿਹਾਨਾਂ ਦੀ ਗੱਲ ਆਉਂਦੀ ਹੈ, ਤਾਂ ਇੱਕ ਸਵਾਲ ਦਾ ਜਵਾਬ ਨਾ ਦਿੱਤੇ ਜਾਣ ਨਾਲ ਤੁਹਾਡੇ ਸਮੁੱਚੇ ਸਕੋਰ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਹਰ ਸਵਾਲ ਦੀ ਕੋਸ਼ਿਸ਼ ਕਰਨਾ ਬਿਹਤਰ ਹੈ, ਭਾਵੇਂ ਤੁਸੀਂ ਜਵਾਬ ਬਾਰੇ ਪੂਰੀ ਤਰ੍ਹਾਂ ਯਕੀਨੀ ਨਾ ਹੋਵੋ। ਇਹ ਗੱਲ ਧਿਆਨ ਵਿੱਚ ਰੱਖੋ ਕਿ ਪ੍ਰੀਖਿਆਵਾਂ ਤੁਹਾਨੂੰ ਚੁਣੌਤੀ ਦੇਣ ਲਈ ਤਿਆਰ ਕੀਤੀਆਂ ਗਈਆਂ ਹਨ, ਅਤੇ ਅਜਿਹੇ ਸਵਾਲਾਂ ਦਾ ਸਾਹਮਣਾ ਕਰਨਾ ਆਮ ਗੱਲ ਹੈ ਜਿਨ੍ਹਾਂ ਦੇ ਜਵਾਬ ਸ਼ਾਇਦ ਤੁਹਾਨੂੰ ਨਾ ਪਤਾ ਹੋਣ। ਜੇ ਤੁਸੀਂ ਆਪਣੇ ਆਪ ਨੂੰ ਕਿਸੇ ਸਵਾਲ ਨਾਲ ਸੰਘਰਸ਼ ਕਰਦੇ ਹੋਏ ਪਾਉਂਦੇ ਹੋ, ਤਾਂ ਸਵਾਲ ਨੂੰ ਛੋਟੇ ਹਿੱਸਿਆਂ ਵਿੱਚ ਵੰਡਣ ਦੀ ਕੋਸ਼ਿਸ਼ ਕਰੋ ਅਤੇ ਦੇਖੋ ਕਿ ਕੀ ਤੁਸੀਂ ਉਹਨਾਂ ਵਿੱਚੋਂ ਕਿਸੇ ਦਾ ਜਵਾਬ ਦੇ ਸਕਦੇ ਹੋ।

7- ਸਿਹਤ ਅਤੇ ਤੰਦਰੁਸਤੀ ਨੂੰ ਨਜ਼ਰਅੰਦਾਜ਼ ਕਰਨਾ ਬੋਰਡ ਇਮਤਿਹਾਨ ਦੀ ਤਿਆਰੀ ਕਰਦੇ ਸਮੇਂ, ਵਿਦਿਆਰਥੀ ਆਪਣੀ ਸਿਹਤ, ਸਹੀ ਭੋਜਨ ਅਤੇ ਆਪਣੇ ਸੌਣ ਦੇ ਕਾਰਜਕ੍ਰਮ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਸਿਹਤ ਦੀਆਂ ਸਮੱਸਿਆਵਾਂ ਅਤੇ ਤਿਆਰੀ ਦੌਰਾਨ ਇਕਾਗਰਤਾ ਦੀ ਕਮੀ ਹੋ ਸਕਦੀ ਹੈ। ਵਿਦਿਆਰਥੀਆਂ ਨੂੰ ਆਪਣੇ ਸਰੀਰ ਨੂੰ ਤੰਦਰੁਸਤ ਅਤੇ ਤੰਦਰੁਸਤ ਰੱਖਣ ਲਈ ਸਹੀ ਨੀਂਦ ਅਤੇ ਨਿਯਮਤ ਕਸਰਤ ਦੇ ਨਾਲ-ਨਾਲ ਸਿਹਤਮੰਦ ਅਤੇ ਸੰਤੁਲਿਤ ਖੁਰਾਕ ਲੈਣੀ ਚਾਹੀਦੀ ਹੈ।

ਇੱਕ ਸਿਹਤਮੰਦ ਸਰੀਰ ਅਤੇ ਤੰਦਰੁਸਤ ਮਨ ਵਿਦਿਆਰਥੀ ਦੀ ਯਾਦ ਸ਼ਕਤੀ, ਇਕਾਗਰਤਾ ਨੂੰ ਵਧਾ ਸਕਦਾ ਹੈ,ਅਤੇ ਪ੍ਰਦਰਸ਼ਨ। ਜੋ ਵਿਦਿਆਰਥੀ 2024 ਦੀਆਂ ਬੋਰਡ ਪ੍ਰੀਖਿਆਵਾਂ ਲਈ ਹਾਜ਼ਰ ਹੋ ਰਹੇ ਹਨ, ਉਹ ਇਹ ਗੱਲ ਧਿਆਨ ਵਿੱਚ ਰੱਖ ਸਕਦੇ ਹਨ ਕਿ ਵਿਦਿਆਰਥੀਆਂ ਵਿੱਚ ਤਣਾਅ ਇੱਕ ਪ੍ਰਮੁੱਖ ਨਕਾਰਾਤਮਕ ਕਾਰਕ ਹੈ ਜੋ ਉਹਨਾਂ ਨੂੰ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਤੋਂ ਰੋਕਦਾ ਹੈ। ਜੇਕਰ ਤੁਹਾਡੇ ਕੋਲ ਬੋਰਡ ਪ੍ਰੀਖਿਆ 2024 ਸੰਬੰਧੀ ਕੋਈ ਸਵਾਲ ਹਨ, ਤਾਂ ਹੇਠਾਂ ਟਿੱਪਣੀ ਭਾਗ ਵਿੱਚ ਪੁੱਛਣ ਲਈ ਬੇਝਿਜਕ ਮਹਿਸੂਸ ਕਰੋ। ਅਸੀਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਜਵਾਬ ਦੇਵਾਂਗੇ।

**– ਵਿਜੈ ਗਰਗ**

# ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਉਚੇਰੀ ਸਿੱਖਿਆ ਦੇ ਸੁਧਾਰ ਲਈ ਤੁਰੰਤ ਹੋਵੇ



ਮੇਜਰ ਸਿੰਘ ਨਾਭਾ
91-94635-53962

ਪਿਛਲੇ ਸਾਲ ਪੰਜਾਬ ਸਰਕਾਰ ਨੇ ਅਸਿਸਟੈਟ ਪ੍ਰੋਫੈਸਰਾਂ ਦੀਆਂ ਨਵੀਆਂ ਪੋਸਟਾਂ ਭਰਨ ਨੂੰ ਪ੍ਰਵਾਨਗੀ ਦਿੱਤੀ ਸੀ ਜੋ ਉਚੇਰੀ ਸਿੱਖਿਆ ਦੇ ਸੁਧਾਰ ਲਈ ਜਰੂਰੀ ਹੈ। ਆਸ ਸੀ ਇਹ ਪ੍ਰਕ੍ਰਿਆ ਜਲਦੀ ਨਵੇਂ ਸ਼ੈਸ਼ਨ ਤੋਂ ਪਹਿਲਾਂ ਮੁਕੰਮਲ ਹੋ ਜਾਵਗੀ ਪਰ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ। ਸਰਕਾਰ ਦੇ ਸਿੱਖਿਆ ਸੁਧਾਰ ਦੇ ਪਹਿਲ ਅਧਾਰਤ ਮੁੱਦੇ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਤਕਰੀਬਨ ਸਰਕਾਰ ਨੇ ਦੋ ਸਾਲ ਦਾ ਸਮਾਂ ਲੰਘਾ ਰਿਹਾ ਹੈ।

ਪਿਛਲੇ ਤੋਂ ਪਿਛਲੇ ਸਾਲ ਸ਼ੁਰੂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਅਧੀਨ ਚਲ ਰਹੇ ਕੰਸਟੀਚਿਊਟ ਕਾਲਜਾਂ ਵਿੱਚ 6 ਪ੍ਰਿੰਸੀਪਲ ਅਤੇ 133 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੱਕੀਆਂ ਆਸਾਮੀਆਂ ਲਈ ਵਿਗਿਆਪਨ ਦਿੱਤਾ ਗਿਆ। ਯੋਗ ਉਮਦਿਵਾਰਾਂ ਵਿੱਚ ਅਪਲਾਈ ਕਰਨ ਵੇਲੇ ਬੜਾ ਉਤਸ਼ਾਹ ਵੇਖਿਆ ਗਿਆ। ਖੋਜ-ਪੱਤਰਾਂ, ਕਿਤਾਬਾਂ , ਪੇਪਰ ਰੀਡਿੰਗ ਆਦਿ ਥੱਬਾ-ਥੱਬਾ ਦਸਤਾਵੇਜ਼ ਕਿ-ਲੋਆਂ 'ਚ ਵੀ ਜਮ੍ਹਾਂ ਕਰਵਾਏ। ਕਿ ਕੰਮ ਹੁਣ ਬਣਿਆ ਸਮਝੋ। ਅਪਲਾਈ ਕਰਨ ਦੀ ਆਖਰੀ ਤਾਰੀਖ 14 ਜਨਵਰੀ 2022 ਸੀ ਅਤੇ ਅਰਜ਼ੀ ਫੀਸ ਐਸ.ਟੀ. /ਐਸ.ਸੀ./ ਬੀ.ਸੀ. ਲਈ 750 ਰੁ: ਪਲੱਸ ਜੀ .ਐਸ. ਟੀ. ਕੁਲ 885 ਰੁ:, ਐਕਸ-ਸਰਵਿਸ-ਮੈਨ/ਈ. ਡਬਲਿਯੂ. ਐਸ. ਲਈ 590 ਰੁ: (ਸਮੇਤ ਜੀ.ਐਸ.ਟੀ.) ਅਤੇ ਜਨਰਲ/ਦੂਜੀਆਂ ਸ੍ਰੇਣੀਆਂ ਲਈ (1770 ਰੁ: ਸਮੇਤ ਟੈਕਸ) ਰੱਖੀ ਗਈ ਜਿਸ ਨਾਲ ਲੱਖਾਂ ਰੁਪਿਆ ਯੂਨੀਵਰਸਿਟੀ ਕੋਲ ਜਮ੍ਹਾਂ ਹੋਇਆ। ਫਾਰਮ ਜਮ੍ਹਾਂ ਕਰਵਾਉਣ ਸਮੇਂ ਟਿਕਟਾਂ ਲੱਗੇ ਦੋ-ਦੋ ਲਿਫਾਫੇ ਵੀ ਲਏ ਗਏ। ਇਹ ਸਾਰਾ ਕੁਝ ਯੂ.ਜੀ.ਸੀ. ਗਾਈਡ ਲਾਈਨਜ਼ ਅਨੁਸਾਰ ਕਰਨ ਦੀ ਗੱਲ ਕੀਤੀ ਗਈ।ਆਸ ਸੀ ਨਵੇਂ ਆਏ ਵੀ .ਸੀ. ਨੇ ਸਿਖਿਆ ਸੁਧਾਰ ਲਈ ਇਨ੍ਹਾਂ ਕਾਲਜਾਂ ਦੇ ਬਾਰੇ ਸੋਚਿਆ ਹੈ ਸਾਇਦ ਜਲਦੀ ਹੀ ਉਸੇ ਸ਼ੈਸ਼ਨ ਦੌਰਾਨ ਭਰਤੀ ਕਰ ਲਈ ਜਾਵੇਗੀ ਪਰ ਊਠ ਦਾ ਬੁੱਲ੍ਹ ਲਟਕਦਾ ਹੀ ਰਹਿ ਗਿਆ।



ਕੋਈ ਪ੍ਰਕ੍ਰਿਆ ਸ਼ੁਰੂ ਨਹੀਂ ਹੋਈ। ਇਸ ਤਰ੍ਹਾਂ ਦੇ ਕਦਮ ਨੌਜਵਾਨਾਂ ਅੰਦਰ ਨਿਰਾਸ਼ਾ ਪੈਦਾ ਕਰਨ ਤੋਂ ਇਲਾਵਾ ਹੋਰ ਕੀ ਕਰਨਗੇ। ਆਪ ਸਰਕਾਰ ਨੂੰ ਵੀ ਇਸ ਬਾਰੇ ਲੋੜੀਂਦੇ ਫੰਡ ਜਾਰੀ ਕਰਨ 'ਚ ਝਿਜਕ ਨਹੀਂ ਕਰਨੀ ਚਾਹੀਦੀ। ਜੇ ਕਰ ਮੁੱਖ ਮੰਤਰੀ ਉਚੇਰੀ ਸਿਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਗੰਭੀਰ ਹਨ। ਸੋ, ਉਨ੍ਹਾਂ ਨੂੰ ਵੀ ਇਸ ਮਾਮਲੇ 'ਚ ਜਲਦੀ ਤੋਂ ਜਲਦੀ ਭਰਤੀ ਪ੍ਰਕ੍ਰਿਆ ਸ਼ੁਰੂ ਕਰਾਉਣ 'ਚ ਆਪਣਾ ਬਣਦਾ ਰੋਲ ਅਦਾ ਕਰਨਾ ਚਾਹੀਦਾ ਹੈ।ਯੂਨੀਵਰਸਿਟੀ ਨੇ ਇਨ੍ਹਾਂ ਕਾਲਜਾਂ ਨੂੰ ਸ਼ੁਰੂ ਕਰਕੇ ਪੇਂਡੂ ਖੇਤਰ ਵਿੱਚ ਵਿੱਦਿਆ ਦੇ ਪਾਸਾਰ ਕਰਨ ਲਈ ਉਪਰਾਲਾ ਕੀਤਾ ਸੀ ਜਿਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਅਤੇ ਖਾਸ ਕਰਕੇ ਪੇਂਡੂ ਲੜਕੀਆਂ ਲਈ ਲਾਹੇਵੰਦ ਹਨ। ਪਰ ਇਨ੍ਹਾਂ ਕਾਲਜਾਂ ਅੰਦਰ ਸਟਾਫ ਦੀ ਕਮੀ ਰੜਕ ਰਹੀ ਹੈ ਜਿਸ ਨਾਲ ਮਿਆਰੀ ਸਿੱਖਿਆ ਨੌਜਵਾਨਾਂ ਨੂੰ ਨਹੀਂ ਮਿਲ ਰਹੀ। ਹਜ਼ਾਰਾਂ ਯੋਗ ਬੇਰੁਜ਼ਗਾਰ ਕਾਲਜ ਅਧਿਆਪਕ ਉੱਚ ਡਿਗਰੀਆਂ, ਤਜ਼ਰਬੇ ਆਦਿ ਚੁੱਕੀਂ ਫਿਰਦੇ ਹਨ। ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਕਾਹਲੀ ਨਾਲ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਮੁਕੰਮਲ ਕਰਕੇ ਨਿਯੁਕਤੀ ਪੱਤਰ ਦੇਣੇ ਸ਼ੁਰੂ ਕਰ ਦਿੱਤੇ ਸੀ ਪਰ ਇਹ ਭਰਤੀ ਮਾਨਯੋਗ ਹਾਈ ਕੋਰਟ ਨੇ ਸਟੇਅ ਕਰਕੇ ਬਾਅਦ 'ਚ ਭਰਤੀ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ ਸਰਕਾਰ ਨੇ ਹੁਣ ਡਬਲ ਬੈਂਚ 'ਚ ਅਪੀਲ ਪਾਈ ਹੋਈ ਹੈ ਸਰਕਾਰ ਜਵਾਬਦਾਵਾ ਪੂਰਾ ਨਹੀਂ ਦੇ ਰਹੀ ਜਿਸ ਨਾਲ ਪੇਸ਼ੀਆਂ ਅੱਗੇ ਪੈਂਦੀਆਂ ਜਾ ਰਹੀਆਂ ਹਨ।

ਹਾਲ ਦੀ ਘੜੀ ਪੰਜਾਬ ਅੰਦਰ ਸਰਕਾਰੀ ਅਤੇ ਕੰਸਟੀਚਿਊਟ ਕਾਲਜਾਂ ਦੀ ਸਥਿਤੀ ਡਾਵਾਂ ਡੋਲ ਹੀ ਹੈ। ਇਨ੍ਹਾਂ ਕਾਲਜਾਂ ਦੀਆਂ ਖਾਲੀ ਪੋਸਟਾਂ ਭਰਨ ਦੇ ਇਸ਼ਤਿਹਾਰ ਜਦੋਂ ਦਿੱਤੇ ਜਾਂਦੇ ਹਨ ਤਾਂ ਕੌੜਾ ਮਜ਼ਾਕ ਹੀ ਲੱਗਦਾ ਹੁੰਦਾ ਜਦੋਂ ਤਨਖਾਹ ਸਿਰਫ ਪੰਦਰਾਂ ਹਜ਼ਾਰ ਰੁ:, ਨਾਲ ਐਡਹਾਕ, ਕਿਸੇ ਸਮੇਂ ਕੱਢਣ ਦੀ ਗੱਲ , ਪੂਰਾ ਸ਼ੈਸ਼ਨ ਵੀ ਤਨਖਾਹ ਨਹੀਂ ਮਿਲਦੀ, ਛੁੱਟੀਆਂ ਦੌਰਾਨ ਛੁੱਟੀ ਕਰ ਦਿੱਤੀ ਜਾਂਦੀ ਹੈ ਪਰ ਸਾਰੀਆਂ ਡਿਊਟੀਆਂ ਲਾ ਦਿੱਤੀਆਂ ਜਾਂਦੀਆਂ ਨੇ। ਇੱਕ ਰੈਗੂਲਰ ਚਪੜਾਸੀ ਵੀ ਪ੍ਰੋਫੈਸਰਾਂ ਤੋਂ ਵੱਧ ਤਨਖਾਹ ਲੈਂਦਾ ਹੈ, ਇਹ ਸਾਡੇ ਲਈ ਵੀ ਸੋਚਣ ਵਾਲੀ ਗੱਲ ਹੈ, ਇਹ ਮੁੱਦੇ ਨੂੰ ਸਾਡੇ ਰਾਜਨੀਤਕ ਨੁਮਾਇੰਦਿਆਂ ਨੂੰ ਵਿਧਾਨ ਸਭਾ/ ਲੋਕਾਂ 'ਚ ਉਠਾਉਣਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਵੀ ਅੱਖਾਂ ਮੀਚ ਕੇ ਸਮਾਂ ਲੰਘਾਉਣ ਦੀ ਨੀਤੀ ਅਪਣਾਉਂਦੀਆਂ ਹਨ, ਸਿਰਫ ਵੋਟਾਂ ਵੇਲੇ ਲੋਕਾਂ ਨੂੰ ਸਬਜ਼ਬਾਗ ਦਿੰਦੀਆਂ ਹਨ।

ਸੋ, ਪੰਜਾਬੀ ਯੂਨੀਵਰਸਿਟੀ ਦੇ ਵਾਈਸ- ਚਾਂਸਲਰ, ਰਜਿਸਟਰਾਰ ਨੂੰ ਇਸ ਬਾਰੇ ਸਪਸ਼ਟ ਕਰਨਾ ਚਾਹੀਦਾ ਹੈ ਕਿ ਇਹ ਭਰਤੀ ਕਿਉਂ ਨਹੀਂ ਹੋ ਰਹੀ, ਕਿਹੜਾ ਅੜਿੱਕਾ ਲੱਗ ਗਿਆ, ਇਹ ਦੂਰ ਕਿਵੇਂ ਹੋਵੇਗਾ, ਜਿਸ ਭਰਤੀ ਨੂੰ ਬੇਸਬਰੀ ਨਾਲ ਯੋਗ ਉਮੀਦਵਾਰ ਉਡੀਕ ਰਹੇ ਹਨ। ਯੂਨੀਵਰਸਿਟੀ ਦੀ ਵੈਬਸਾਈਟ ਤੇ ਇਸ ਸਬੰਧੀ ਕੋਈ ਜਿਕਰ ਤੱਕ ਨਹੀਂ। ਫਾਰਮ ਵੀ ਮੈਨੂਅਲ ਭਰਵਾ ਕੇ ਹੀ ਲਏ ਸੀ, ਇਸ ਦਾ ਕੀ ਰਾਜ਼ ਹੈ ਇਹ ਤਾਂ ਯੂਨੀਵਰਸਿਟੀ ਹੀ ਦੱਸ ਸਕਦੀ ਜਦੋਂ ਕਿ ਹੋਰ ਪੋਸਟਾਂ ਲਈ ਆਨ ਲਾਈਨ ਅਪਲਾਈ ਕਰਵਾਇਆ ਜਾਂਦਾ ਹੈ।

ਹੁਣ ਦੋ ਸਾਲ ਦਾ ਸਮਾਂ ਲੰਘਣ ਉਪਰੰਤ ਮਾਨਯੋਗ ਵਾਈਸ ਚਾਂਸਲਰ ਨੂੰ ਇਸ ਭਰਤੀ ਨੂੰ ਜਲਦੀ ਨੇਪਰ੍ਹੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਹਦਾਇਤ ਕਰਨੀ ਚਾਹੀਦੀ ਹੈ ਤਾਂ ਕਿ ਉਚੇਰੀ ਸਿੱਖਿਆ ਦੇ ਸੁਧਾਰ ਨੂੰ ਸਹੀ ਅਰਥਾਂ 'ਚ ਲਾਗੂ ਕੀਤਾ ਜਾ ਸਕੇ।

# ਇਕਾਗਰਤਾ ਅਤੇ ਸਵੈ-ਸ਼ਕਤੀ

**ਵਿਜੈ ਗਰਗ**

ਮਨੁੱਖੀ ਮਨ ਦਾ ਇੱਕ ਬਹੁਤ ਹੀ ਸੁਭਾਵਕ ਗੁਣ ਚੰਚਲ ਹੋਣਾ ਹੈ, ਭਾਵ ਇਕਾਗਰ ਨਾ ਹੋਣਾ। ਇਸ ਦਾ ਚੰਚਲ ਗੁਣ ਮਨੁੱਖ ਨੂੰ ਉਸ ਦੇ ਟੀਚੇ ਤੋਂ ਵਾਰ-ਵਾਰ ਮੋੜਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਅਸਲ ਵਿੱਚ, ਮਨੁੱਖੀ ਮਨ ਚੰਚਲ ਭਾਵਨਾਵਾਂ ਅਤੇ ਇੱਛਾਵਾਂ ਦੇ ਜਾਲ ਵਿੱਚ ਜਕੜ ਜਾਂਦਾ ਹੈ ਅਤੇ ਕਈ ਤਰ੍ਹਾਂ ਦੇ ਕੰਮ ਕਰਦਾ ਹੈ। ਕਈ ਵਾਰੀ ਉਹ ਚੰਗੇ ਕੰਮ ਕਰਨ ਦਾ ਕਾਰਨ ਬਣਦਾ ਹੈ, ਅਤੇ ਕਈ ਵਾਰੀ ਉਹ ਮਾੜੇ ਕੰਮਾਂ ਵੱਲ ਵੀ ਆਕਰਸ਼ਿਤ ਕਰਦਾ ਹੈ। ਇਹ ਵਿਅਕਤੀ ਦੇ ਆਪਣੇ ਸੰਵਿਧਾਨ 'ਤੇ ਨਿਰਭਰ ਕਰਦਾ ਹੈ। ਸਾਰੇ ਕਰਮ ਮਨ ਤੋਂ ਹੀ ਪ੍ਰੇਰਿਤ ਹੁੰਦੇ ਹਨ। ਸਾਡਾ ਮਨ ਸਾਡੇ ਸਰੀਰ ਦੇ ਰਥ ਦਾ ਰਥ ਹੈ। ਜਿੱਥੇ ਵੀ ਉਸ ਨੂੰ ਲੱਗਦਾ ਹੈ, ਉੱਥੇ ਲੈ ਜਾਂਦਾ ਹੈ। ਚੰਗਿਆਈ ਦਾ ਰਾਹ



ਥੋੜਾ ਔਖਾ ਅਤੇ ਦੁਖਦਾਈ ਹੈ। ਦੂਜੇ ਪਾਸੇ, ਬੁਰਾਈ ਦਾ ਮਾਰਗ ਆਮ ਤੌਰ 'ਤੇ ਦਿਲਚਸਪ ਅਤੇ ਆਕਰਸ਼ਕ ਮੰਨਿਆ ਜਾਂਦਾ ਹੈ। ਜਿੱਥੇ ਆਕਰਸ਼ਣ ਹੁੰਦਾ ਹੈ, ਉੱਥੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸੇ ਲਈ ਇਹ ਅਕਸਰ ਗਲਤ ਰਾਹ ਅਖਤਿਆਰ ਕਰਦਾ ਹੈ। ਜਦੋਂ ਕਿ ਚੰਗੇ ਰਸਤੇ 'ਤੇ ਚੱਲਣ ਲਈ ਸਮਾਜ ਅਤੇ ਪਰਿਵਾਰ ਤੋਂ ਪ੍ਰਾਪਤ ਪ੍ਰੇਰਨਾ ਅਤੇ ਮਾਨਸਿਕਤਾ ਦੀ ਲੋੜ ਹੁੰਦੀ ਹੈ। ਇੱਕ ਖੇਤਰ ਵਿੱਚ ਮਨ ਦਾ ਵਿਸ਼ਿਆਂ ਅਤੇ ਵਿਕਾਰਾਂ ਵੱਲ ਵਧੇਰੇ ਝੁਕਾਅ ਹੁੰਦਾ ਹੈ। ਇਸ ਨੂੰ ਉੱਥੇ ਵਧਣ ਤੋਂ ਰੋਕਣਾ ਜ਼ਰੂਰੀ ਹੈਇਹ ਮਹਿਸੂਸ ਕੀਤਾ ਜਾਂਦਾ ਹੈ। ਇਸ ਦੇ ਲਈ ਗੀਤਾ ਵਿੱਚ ਭਗਵਾਨ ਕ੍ਰਿਸ਼ਨ ਅਰਜੁਨ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ- ਹੇ ਅਰਜੁਨ, ਜੇਕਰ ਤੂੰ ਗੁਣਵਾਨ ਅਤੇ ਦ੍ਰਿੜ੍ਹ ਵਿਅਕਤੀ ਹੈਂ ਤਾਂ ਮਨ ਦੀ ਬੇਚੈਨੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਤਕੜਾ ਘੋੜਾ ਸ਼ੁਰੂ ਵਿਚ ਸਵਾਰ ਨੂੰ ਆਪਣੀ ਪਿੱਠ 'ਤੇ ਬੈਠਣ ਨਹੀਂ ਦਿੰਦਾ। ਪਰ ਜੇਕਰ ਵਾਰ-ਵਾਰ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਉਹ ਉਸ ਨੂੰ ਸਵਾਰੀ ਦੀ ਇਜਾਜ਼ਤ ਦੇਵੇਗਾ ਅਤੇ ਉਸ ਦੀ ਗੱਲ ਵੀ ਸੁਣੇਗਾ ਅਤੇ ਉਸ ਦੀ ਇੱਛਾ ਅਨੁਸਾਰ ਚੱਲੇਗਾ। ਪਰ ਸਭ ਤੋਂ ਔਖੀ ਗੱਲ ਇਹ ਹੈ ਕਿ ਆਪਣੇ ਮਨ ਨੂੰ ਇਕ ਟੀਚੇ 'ਤੇ ਕੇਂਦਰਿਤ ਰੱਖਣਾ। ਇਹ ਸੰਭਵ ਹੈ, ਜੇਕਰ ਅਸੀਂ ਆਪਣੇ ਆਪ ਨੂੰ ਦ੍ਰਿੜ ਕਰ ਲਈਏ, ਮਨ ਉੱਤੇ ਕਾਬੂ ਪਾਉਣ ਲਈ।ਜਾ ਸਕਦਾ ਹੈ। ਇਸ ਨੂੰ ਅਭਿਆਸ ਦੀ ਤਲਵਾਰ ਦੀ ਵਰਤੋਂ ਕਿਹਾ ਜਾਂਦਾ ਹੈ। ਇਕਾਗਰਤਾ ਦੀ ਮਹੱਤਤਾ ਸਮੇਂ ਦੌਰਾਨ ਸਾਬਤ ਹੋਈ ਹੈ। ਜੇਕਰ ਕਿਸੇ ਦੀ ਸਿੱਖਿਆ ਵਿੱਚ ਤੱਥਾਂ ਦੇ ਅਧਿਐਨ ਦੇ ਸਮਾਨਾਂਤਰ, ਮਨ ਦੀ ਇਕਾਗਰਤਾ ਅਤੇ ਆਤਮ-ਸ਼ਕਤੀ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਹੈ, ਅਤੇ ਇਸ ਨੂੰ ਵਧਾਉਣ ਲਈ ਕੋਈ ਯਤਨ ਨਹੀਂ ਕੀਤਾ ਜਾਂਦਾ ਹੈ, ਤਾਂ ਉਸ ਦੀ ਸਿੱਖਿਆ ਅੰਤ ਵਿੱਚ ਅਧੂਰੀ ਰਹਿ ਜਾਵੇਗੀ, ਕੇਵਲ ਤਦ ਹੀ ਉਹ ਆਪਣੀ ਮਰਜ਼ੀ ਨਾਲ ਕੁਝ ਵੀ ਸਿੱਖਣ ਦੇ ਯੋਗ। ਤੱਤਾਂ ਨੂੰ ਉਸ ਅਨੁਸਾਰ ਕੰਪਾਇਲ ਕੀਤਾ ਜਾ ਸਕਦਾ ਹੈ। ਜਿਸ ਨੇ ਇਸ ਸੰਸਾਰ ਵਿੱਚ ਆਪਣੇ ਮਨ ਨੂੰ ਕਾਬੂ ਕਰ ਲਿਆ ਹੈ, ਉਸ ਲਈ ਹਰ ਟੀਚਾ ਆਸਾਨ ਹੋ ਜਾਂਦਾ ਹੈ। ਮਨ ਦੀ ਇਕਾਗਰਤਾ ਸਾਨੂੰ ਸਾਡੀ ਆਤਮਾ ਨਾਲ ਜੋੜਦੀ ਹੈ।ਇੰਟਰਵਿਊ ਦੇ ਕੇ, ਇਹ ਸਾਡੀ ਸਫਲਤਾ ਦੇ ਨਵੇਂ ਦਰਵਾਜ਼ੇ ਖੋਲ੍ਹਦਾ ਹੈ। ਇਸ ਲਈ ਸਭ ਤੋਂ ਪਹਿਲਾਂ ਮਨ ਨੂੰ ਪੈਦਾ ਕਰਨ ਦੀ ਲੋੜ ਹੈ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਮਨ ਨੂੰ ਇਕਾਗਰ ਕਿਵੇਂ ਕਰਨਾ ਹੈ। ਸਭ ਤੋਂ ਪਹਿਲਾਂ, ਤੁਹਾਨੂੰ ਆਪਣੇ ਮਨ ਨੂੰ ਅਨੁਸ਼ਾਸਨ ਦੇਣਾ ਸਿੱਖਣ ਦੀ ਲੋੜ ਹੋਵੇਗੀ। ਇੱਕ ਵਾਰ ਜਦੋਂ ਅਸੀਂ ਅਨੁਸ਼ਾਸਨ ਵਿੱਚ ਰਹਿਣਾ ਸਿੱਖ ਲੈਂਦੇ ਹਾਂ, ਤਾਂ ਬਾਕੀ ਸਭ ਕੁਝ ਆਪਣੇ ਆਪ ਹੀ ਬਿਹਤਰ ਹੋ ਜਾਵੇਗਾ। ਇਸ ਦੇ ਲਈ ਕੁਦਰਤ ਨੇ ਸਾਨੂੰ ਸਾਰਿਆਂ ਨੂੰ ਦਿਮਾਗ ਦੇ ਰੂਪ ਵਿੱਚ ਇੱਕ ਹਥਿਆਰ ਦਿੱਤਾ ਹੈ, ਜੋ ਇਹ ਫੈਸਲਾ ਕਰ ਸਕਦਾ ਹੈ ਕਿ ਸਾਡੇ ਲਈ ਕਿਹੜੀਆਂ ਕਿਰਿਆਵਾਂ ਅਤੇ ਕਿਹੜੀਆਂ ਇੱਛਾਵਾਂ ਸਹੀ ਹਨ ਅਤੇ ਕਿਹੜੀਆਂ ਗਲਤ। ਇਸ ਵਿੱਚੋਂ ਚੁਣ ਕੇ ਤੁਹਾਡੀ ਜ਼ਿੰਦਗੀ ਵਿੱਚਲਾਗੂ ਕਰਨ ਦੀ ਲੋੜ ਹੈ। ਮਨ ਨੂੰ ਕੇਂਦਰਿਤ ਰੱਖਣ ਲਈ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਦਾ ਸਕਾਰਾਤਮਕ ਅਤੇ ਚੰਗਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹੇ ਮਾਹੌਲ ਵਿਚ ਰਹਿਣਾ ਮਨ ਦੀ ਇਕਾਗਰਤਾ ਲਈ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਅਸੀਂ ਪਹਾੜਾਂ ਅਤੇ ਪਹਾੜਾਂ ਦੀਆਂ ਗੁਫਾਵਾਂ ਵਿਚ ਜਾ ਕੇ ਆਪਣਾ ਮਨ ਇਕਾਗਰ ਕਰ ਸਕੀਏ। ਜੇਕਰ ਅਸੀਂ ਆਪਣਾ ਗ੍ਰਹਿਸਥ ਜੀਵਨ ਨੇਕੀ ਨਾਲ ਬਤੀਤ ਕਰੀਏ ਤਾਂ ਮਨੁੱਖ ਨੂੰ ਬਹੁਤ ਸਾਰੀਆਂ ਮਾਨਸਿਕ ਦੁਬਿਧਾਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਇਹ ਮਾਨਸਿਕ ਟਕਰਾਅ ਹੈ ਜੋ ਸਾਡੀ ਇਕਾਗਰਤਾ ਨੂੰ ਸਭ ਤੋਂ ਵੱਧ ਲੁੱਟਦਾ ਹੈ। ਜਿੰਨਾ ਸਾਡੇ ਸਰੀਰਅਸੀਂ ਜਿੰਨੇ ਜ਼ਿਆਦਾ ਸਾਧਨਾਂ ਨਾਲ ਜੁੜੇ ਰਹਾਂਗੇ, ਓਨੇ ਹੀ ਅਸੀਂ ਮਾਨਸਿਕ ਟਕਰਾਅ ਦੇ ਸ਼ਿਕਾਰ ਹੋਵਾਂਗੇ। ਇਸ ਲਈ ਇਸ ਦਾ ਸਭ ਤੋਂ ਵਧੀਆ ਹੱਲ ਇਹ ਹੈ ਕਿ ਅਸੀਂ ਆਪਣੀਆਂ ਇੱਛਾਵਾਂ ਨੂੰ ਅਸੀਮਤ ਨਾ ਹੋਣ ਦੇਈਏ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੀ ਸੀਮਾ ਦੇ ਅੰਦਰ ਰੱਖੀਏ। ਭੌਤਿਕ ਸੰਸਾਰ ਵਿੱਚ ਰਹਿੰਦੇ ਹੋਏ ਵੀ ਅਸੀਂ ਧਿਆਨ ਅਤੇ ਕਸਰਤ ਕਰਕੇ ਆਪਣੇ ਮਨ ਨੂੰ ਇਕਾਗਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ। ਯੋਗਾ ਸਾਡੇ ਸਰੀਰ ਨੂੰ ਠੀਕ ਕਰ ਸਕਦਾ ਹੈ।



# ਪੰਜਾਬੀ ਫ਼ਿਲਮ ਦਰਪਣ


ਅੰਮ੍ਰਿਤ ਪਵਾਰ

### ਬੀ. ਪੀ. 'ਬਲੱਡ ਪਰੈਸ਼ਰ' ਆਇਆ- ਪੰਮਾ ਛਾਇਆ

ਗੁਰਮਿੰਦਰ ਮਾਨ ਨੇ ਗਾਣਾ ਲਿਖਿਆ 'ਬਲੱਡ ਪਰੈਸ਼ਰ' ਅਰਥਾਤ 'ਬੀ ਪੀ' ਤੇ ਵਿਨੈ ਕਮਲ ਨੇ ਇਸ ਦਾ ਦਿਲ ਖਿੱਚਵੇਂ ਵਾਲਾ ਸੰਗੀਤ ਤਿਆਰ ਕਰ ਕਿ ਸੁਰੀਲੇ ਗਾਇਕ ਪੰਮਾ



ਮੱਲ੍ਹੀ ਨੂੰ ਕਿਹਾ ਕਿ ਆਓ ਤੇ ਹੁਣ ਗਾਓ ਤੇ ਇਸ ਤਰਾਂ ਬਣਿਆ ਇੱਕ ਦਿਲਕਸ਼ ਦੋਗਾਣਾ। ਇਸ ਦੋਗਾਣੇ 'ਬੀ ਪੀ' ਵਿੱਚ ਪੰਮਾ ਮੱਲ੍ਹੀ ਨਾਲ ਸੁਰ ਮਲਿਕਾ ਮੀਨੂ ਸਿੰਘ ਨੇ ਆਵਾਜ਼ ਦਾ ਅਜਿਹਾ ਪਿਆਰਾ ਸਾਥ ਦਿੱਤਾ ਕਿ ਇਹ ਦੋਗਾਣਾ ਨੌਜਵਾਨ ਦਿਲਾਂ ਦੀ ਧੜਕਣ ਬਣਿਆ ਕਿ ਬਣਿਆ। ਪੰਮਾ ਮੱਲ੍ਹੀ ਤੇ ਮੀਨੂ ਸਿੰਘ ਦਾ ਇਹ ਦੋਗਾਣਾ ਵੀਡਿਓ ਨਿਰਦੇਸ਼ਕ ਬਾਬਾ ਕਮਲ ਨੇ ਫਿਲਮਾਂਕਣ ਕਰ ਚੈਨਲਾਂ ਤੇ ਦੇਖਣਯੋਗ ਬਣਾਇਆ ਹੈ। ਆਰ. ਜੇ. ਬੀਟਸ ਵੱਲੋਂ ਹਰ ਸੰਗੀਤ ਪਲੇਟਫਾਰਮ ਤੇ ਸ਼ਾਨ ਨਾਲ ਇਹ 'ਬਲੱਡ ਪਰੈਸ਼ਰ' ਦੋਗਾਣਾ ਜ਼ਾਰੀ ਹੋ ਰਿਹਾ ਹੈ।ਰਿਤਿਕਾ ਤੇ ਸਾਹਿਬਾਂ ਦੇ ਚੇਹਰੇ ਪੰਮਾ ਮੱਲ੍ਹੀ ਦਾ 'ਬੀ ਪੀ' ਸੈਂਟ ਕਰ ਗਏ ਨੇ ਤੇ ਸਰੋਤਿਆਂ ਦਾ 'ਬਲੱਡ ਪਰੈਸ਼ਰ' ਇਹ ਸੁਣ ਪੂਰੇ ਕੰਟਰੋਲ ਵਿੱਚ ਰਹੇਗਾ।

### ਯੋਗਰਾਜ ਸਿੰਘ ਨੂੰ ਖੇਡ ਪੱਤਰਕਾਰ ਸੰਸਥਾ ਵੱਲੋਂ ਸਨਮਾਨ



ਬਾਲੀਵੁੱਡ ਫ਼ਿਲਮ 'ਭਾਗ ਮਿਲਖਾ ਭਾਗ' ਵਿੱਚ ਮਿਲਖਾ ਸਿੰਘ ਦੇ ਕੋਚ ਦੀ ਭੂਮਿਕਾ ਲਈ ਖੇਡ ਪੱਤਰਕਾਰ ਸੰਸਥਾ ਇੰਡੀਆ ਨੇ ਚੰਡੀਗੜ੍ਹ ਵਿਖੇ ਮਿਲਖਾ ਸਿੰਘ ਦੇ ਖਿਡਾਰੀ ਪੁੱਤਰ ਜੀਵ ਮਿਲਖਾ ਸਿੰਘ ਨਾਲ ਵਿਸ਼ੇਸ਼ ਸਨਮਾਨ ਨਿਵਾਜਿਆ। ਇਹ ਸਨਮਾਨ ਵਿਜੇ ਅੰਮ੍ਰਿਤ ਰਾਜ, ਪ੍ਰਕਾਸ਼ ਪਾਦੂਕੋਣ, ਸੁਨੀਲ ਗਾਵਸਕਰ ਨੂੰ ਦਿੱਤੇ ਜਾ ਚੁੱਕੇ ਹਨ।ਯੋਗਰਾਜ ਸਿੰਘ ਦੀਆਂ ਇਸ ਸਮੇਂ 'ਸ਼ਾਇਰ' ਉੱਚਾ ਦਰ ਬਾਬੇ ਨਾਨਕ ਦਾ 'ਕੁੜੀ ਹਰਿਆਣੇ ਵੱਲ ਦੀ' ਫ਼ਿਲਮਾਂ ਆ ਰਹੀਆਂ ਨੇ ਤੇ ਓਹਨਾਂ ਦੀ ਸਰਦਾਰਨੀ ਨੀਨਾ ਬੁੰਦੇਲ ਵੀ ਫ਼ਿਰ ਪਰਦੇ ਤੇ ਦਿਖਾਈ ਦੇਵੇਗੀ। ਯੋਗਰਾਜ ਸਿੰਘ ਦਾ ਪੁੱਤਰ ਯੁਵਰਾਜ ਸਿੰਘ ਸੰਸਾਰ ਕ੍ਰਿਕਟ ਦਾ ਸਿਕਸਰ ਕਿੰਗ ਹੈ। ਰੂਹਾਨੀਅਤ ਲਈ ਬਾਬਾ ਦੀਪ ਸਿੰਘ ਜੀ ਪ੍ਰਤੀ ਸ਼ਰਧਾ,ਮੈਦਾਨ ਵਿੱਚ ਕੋਚ ਤੇ ਕੈਮਰੇ ਅੱਗੇ ਦਲੇਰ ਅਭਿਨੇਤਾ ਹਨ ਯੋਗਰਾਜ ਸਿੰਘ।

### ਰਾਮ ਜੀ ਨੇ ਕਰਵਾਏ ਗਾਇਕਾਂ ਤੋਂ ਅਯੁੱਧਿਆ ਦਰਸ਼ਨ

500 ਸਾਲ ਬਾਅਦ ਰਾਮ ਮੰਦਿਰ ਦੇ ਦਰਸ਼ਨ ਖੁੱਲ੍ਹੇ ਸ਼ੁਰੂ ਹੋਏ ਤੇ ਸੰਗੀਤ ਪੇਸ਼ਕਾਰ ਰਾਮ ਭੋਗਪੁਰ ਦੀ ਸ਼ਰਧਾ ਵੀ ਜਾਗ ਪਈ। ਮੌਕੇ ਨੂੰ ਭੁਨਾ ਲਿਆ ਤੇ ਆਰ. ਜੇ. ਬੀਟਸ ਵਿੱਚੋ ਉਦਿਤ ਨਰਾਇਣ, ਅਨੁਰਾਧਾ ਪੌਡਵਾਲ ਤੋਂ ਸੁਦੇਸ਼ ਭੋਸਲੇ, ਕਵਿਤਾ ਪੌਡਵਾਲ ਤੇ ਕੁਮਾਰ ਵਿਸ਼ੂ, ਰੋਹਿਤ ਕੁਮਾਰ ਦੀਆਂ ਆਵਾਜ਼ਾਂ ਵਿੱਚ 'ਰਾਮ ਜੀ' ਦੀ ਸ਼ਰਧਾ ਵਿੱਚ ਧਾਰਮਿਕ ਗਾਣੇ ਸ਼ਰਧਾਲੂਆਂ ਤੱਕ



ਪਹੁੰਚਦੇ ਕੀਤੇ ਹਨ। ਕੁਮਾਰ ਸੰਜੀਵ, ਸਵਰੰਸੀ, ਤ੍ਰਿਪਤੀ ਸਕਿਆ, ਮਨੀਸ਼ ਅਯੁੱਧਿਆ, ਬ੍ਰਿਜ ਮਹਿਕ ਤੇਵੇਸ਼ਨਵੀ ਦੀਆਂ ਆਵਾਜ਼ਾਂ ਦੇ ਨਾਲ ਰਾਮ ਭਜਨ ਓਹਨਾਂ ਨੇ ਪਿਯੂਸ਼, ਨੀਰਜ ਦਿਵੇਦੀ, ਤੇ ਸੁਰੇਸ਼ ਵੜੇਕਰ ਦੀਆਂ ਆਵਾਜ਼ਾਂ ਵਿੱਚ ਰਲੀਜ਼ ਕੀਤੇ ਹਨ। ਗੱਲ ਕਿ ਇੰਡੀਆ ਦੀ ਕਰੀਮ ਗਾਇਕੀ ਕੋਲੋਂ ਰਾਮ ਮਹਿਮਾ ਰਲੀਜ਼ ਕਰ ਰਾਮ ਭੋਗ ਪੁਰੀਆ ਨੇ ਭਾਰਤੀ ਸਿੰਘ ਦੀ ਗੱਲ ਅਨੁਸਾਰ ਇਤਿਹਾਸ ਰਚਿਆ ਹੈ। 'ਨਾਲੇ ਪੁੰਨ ਨਾਲੇ ਫ਼ਲੀਆਂ' ਰਾਮ ਭੋਗ ਪੁਰੀਆ ਨੇ 'ਜਾਪ' ਵੀ ਇੰਜ ਹੀ ਰਲੀਜ਼ ਕੀਤੇ ਸਨ। ਰਾਮ ਜੀ ਦੇ ਦਿਮਾਗ ਦੀ ਦਾਦ ਤਾਂ ਦੇਣੀ ਬਣਦੀ ਹੈ।

### ਮਨਜੀਤ ਗੁਰਦਾਸਪੁਰੀ ਨਜ਼ਰਾਂ ਮੁੰਬਈ ਤੇ


ਹਿੰਮਤ ਤੇ ਮਿਹਨਤ ਰਲ ਜਾਣ ਤੇ ਇਨਸਾਨ ਦਾ ਗੁਣ ਓਸ ਨੂੰ ਫਲ ਦਿੰਦਾ ਹੈ। ਗੁਰਦਾਸਪੁਰ ਸਰਹੱਦੀ ਸ਼ਹਿਰ ਜਿਥੋਂ ਬੱਸ ਵੀ ਟਾਵੀਂ ਟਾਵੀਂ ਚਲੇ ਓਥੋਂ ਚਲ ਮਨਜੀਤ ਗੁਰਦਾਸਪੁਰੀ ਆ ਜਲੰਧਰ ਬਣ ਗਿਆ ਦੂਰਦਰਸ਼ਨ ਦਾ ਚਹੇਤਾ ਕਲਾਕਾਰ। ਕਈ ਨਾਟਕ ਤੇ ਕਮੇਡੀ ਪ੍ਰੋਗਰਾਮ ਕੀਤੇ ਤੇ ਫਿਰ ਭਾਰਤ ਦੇ ਪਹਿਲੇ ਲੜੀਵਾਰ 'ਹਮ ਲੋਗ' ਦਾ ਗਵਾਹ ਬਣਿਆ। ਸ਼ਬਾਬ ਅਲਾਵਲਪੁਰ ਨਾਲ ਫ਼ਿਲਮ ਦਾ



ਹਿੱਸਾ ਬਣਿਆ। ਤਕਦੀਰ ਨੇ ਅਮਰੀਕਨ ਨਾਗਰਿਕ ਵੀ ਬਣਾ ਦਿੱਤਾ ਤੇ ਓਥੇ ਵੀ ਕਲਾਕਾਰੀ ਕਰਦਾ ਹੈ। ਮਨਜੀਤ ਗੁਰਦਾਸਪੁਰੀ ਅਮਰੀਕਨ ਹੋ ਕਿ ਵੀ ਫ਼ਿਲਮ ਨਗਰੀ ਮੁੰਬਈ ਯਾਦ ਆਉਂਦੀ ਹੈ। ਇੰਡੀਆ ਆ ਓਹ ਕੋਈ ਫ਼ਿਲਮ ਕਰਨ ਦੀ ਚਾਹਤ ਰੱਖਦਾ ਹੈ।

### ਦੇਲਬਰ ਆਰੀਆ ਨੂੰ 'ਪੀ ਆਰ' ਦਾ ਹੋਇਆ ਫਾਇਦਾ

ਬਹੁਤ ਪਿਆਰੀ ਏ ਦੇਲਬਰ ਆਰੀਆ ਜਿਸ ਨੂੰ ਮਿਕਸ ਬ੍ਰੀਡ ਵੀ ਕਿਹਾ ਜਾਂਦਾ ਹੈ। ਦੇਲ ਨੇ ਮਨਮੋਹਨ ਸਿੰਘ ਜਿਹੇ ਨਾਮਵਰ ਨਿਰਦੇਸ਼ਕ ਨਾਲ ਫ਼ਿਲਮ 'ਪੀ ਆਰ' ਕੀਤੀ ਸੀ। ਨਾਇਕ ਹਰਭਜਨ ਮਾਨ ਸੀ ਤੇ ਇਸ ਤਰਾਂ ਓਸ ਦੀ ਚੜਾਈ ਹੋ ਗਈ। ਹੁਣ ਇਸ 'ਪੀ ਆਰ' ਦਾ ਫਾਇਦਾ ਇਹ ਹੋਇਆ ਕਿ ਦੇਲਬਾਰ ਨੂੰ ਹੁਣ ਜਿੰਮੀ ਸ਼ੇਰਗਿੱਲ ਨਾਲ ਫ਼ਿਲਮ 'ਤੂੰ ਹੋਵੇਂ ਮੈਂ



ਹੋਵਾਂ' ਮਿਲੀ ਹੈ। ਦੇਲ ਆਖਦੀ ਏ ਕਿ ਜਿੰਮੀ ਜੀ ਬੀ ਟਾਊਨ ਦੇ ਵੀ ਸਟਾਰ ਹਨ ਤੇ ਪਿਆਰੇ ਗਾਇਕ ਸੱਜਣ ਅਦੀਬ ਵੀ ਓਸ ਨਾਲ ਫ਼ਿਲਮ ਵਿੱਚ ਹਨ। ਇਸ ਦਾ ਲਾਭ ਇਸ ਵੇਲੇ ਓਸ ਨੂੰ ਜਰੂਰ ਮਿ-ਲੇਗਾ। ਬਾਕੀ ਓਹ ਕਿੱਥੇ ਪਹੁੰਚਦੀ ਏ ਤੇ ਸਟਾਰ ਨਾਇਕਾ ਬਣਦੀ ਏ ਇਹ ਦੇਖਣਾ ਬਾਕੀ ਹੈ।

### ਡੀ ਡੀ ਪੰਜਾਬੀ ਦਿਲ ਨੂੰ ਲੱਗਦੈ ਬੋਹੜ ਦੀ ਛਾਂ ਵਰਗਾ


ਮੁਕਾਬਲੇ ਦਾ ਦੌਰ ਤੇ ਚੈਨਲ ਬਹੁਤ ਹੋ ਗਏ ਹਨ ਤੇ ਪੰਜਾਬੀ ਦੇ ਘੱਟ ਤੇ ਘੱਟ 17 ਚੈਨਲ ਹਨ ।ਫਿਰ ਵੀ ਫ਼ਿਲਮੀ ਨਿਰਮਾਤਾ ਤੇ ਲੇਖਕ ਮਲਕੀਤ ਦਿਓਲ ਨੂੰ ਸਬ ਤੋ ਜਿਆਦਾ ਪਿਆਰਾ ਪੰਜਾਬੀ ਟੀਵੀ ਚੈਨਲ ਡੀ ਡੀ ਪੰਜਾਬੀ ਲੱਗਦਾ ਹੈ।



ਦਿਓਲ ਅਨੁਸਾਰ ਸਮਾਜ ਦੇ ਹਰ ਵਰਗ ਦੀ ਗੱਲ ਤੇ ਪੂਜਾ ਪਾਠ ਦੇ ਨਾਲ ਪਰਿਵਾਰਕ ਮਨੋਰੰਜਨ ਇਸ ਤੇ ਆਉਂਦਾ ਹੈ। ਡੀ ਡੀ ਪੰਜਾਬੀ ਦੇ 'ਜੋੜੀਆਂ ਜੱਗ ਥੋੜ੍ਹੀਆਂ' ਦੀ ਰਿਕਾਰਡਿੰਗ ਤੇ ਆਏ ਦਿਓਲ ਸਾਬ ਨੇ ਕਿਹਾ ਕਿ ਸਾਡੇ ਦੁੱਖ ਸੁੱਖ ਦਾ ਭਾਈਵਾਲ ਇਹ ਚੈਨਲ ਏ ਬਾਕੀ ਤੇ ਮਸ਼ਹੂਰੀਆਂ ਦੇ ਕਿ ਕੰਮ ਸਾਰੀ ਜਾਂਦੇ ਨੇ ਤੇ ਅਰਧ ਨਗਨ ਪਹਿਰਾਵੇ ਤੇ ਸੱਭਿਆਚਾਰ ਨੂੰ ਉਲਟ ਦਿਸ਼ਾ ਵੱਲ ਲਿਜਾ ਰਹੇ ਹਨ। ਸਹੀ ਗੱਲ ਏ ਕਿ ਮਲਕੀਤ ਦਿਓਲ ਨੇ ਡੀ ਡੀ ਪੰਜਾਬੀ ਤੇ ਆਪਣਾ ਸਫ਼ਰ ਇਸ ਲਈ ਹੀ ਸ਼ੁਰੂ ਕੀਤਾ।

## ਕਲਾਕਾਰੀ ਦਾ ਸ਼ੌਂਕ ਵਾਲੇ ਕਾਬਿਲ ਅਫ਼ਸਰ ਬਣੇ ਨਕੋਦਰ ਦੇ ਨਵੇਂ ਕਾਰਜਕਾਰੀ ਮੈਜਿਸਟਰੇਟ

ਸੱਭਿਆਚਾਰ ਤੇ ਸੰਗੀਤ ਤੇ ਫ਼ਿਲਮਾਂ ਤਾਂ ਹੀ ਪ੍ਰਫੁੱਲਿਤ ਨੇ ਜੇਕਰ ਪੰਜਾਬੀ ਖੁਸ਼ਹਾਲ ਤੇ ਸਰਕਾਰੇ ਦਰਬਾਰੇ ਆਪਣੇ ਕੰਮ ਨਿਰਵਿਘਨ ਕਰਵਾਓਣ ਤੇ ਨਕੋਦਰ ਦੇ ਬਣੇ ਨਵੇਂ ਕਾਰਜਕਾਰੀ ਮੈਜਿਸਟਰੇਟ ਕਮ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਸੰਧੂ ਨੇ ਇਹ ਵਿਚਾਰ ਚਾਰਜ ਲੈਣ ਉਪਰੰਤ ਮੀਡੀਆ ਨਾਲ ਸਾਂਝੇ ਕੀਤੇ। ਖੁਦ ਮੈਜਿਸਟਰੇਟ ਸਾਹਿਬ ਗੁਰਦੀਪ ਸਿੰਘ ਸੰਧੂ ਅੱਛੇ ਕਲਾਕਾਰ ਵੀ ਹਨ ਤੇ ਓਹਨਾਂ ਨੇ ਆਪਣੀ ਕਲਾ ਸਦਕਾ ਹਸਦੇ ਹਸਦੇ ਹੜ੍ਹ ਵੇਲੇ ਸ਼ਾਹਕੋਟ ਦੇ ਲੋਕਾਂ ਦੀ ਪੰਜਾਬ ਸਰਕਾਰ ਤਰਫੋਂ ਪੂਰੀ ਮਦਦ ਕੀਤੀ ਸੀ। ਓਸ ਸਦਕਾ ਸ਼ਾਹਕੋਟ ਦੇ ਨਾਇਬ ਤਹਿਸੀਲਦਾਰ ਕਮ ਕਾਰਜਕਾਰੀ ਮੈਜਿਸਟਰੇਟ ਦਾ ਵਾਧੂ ਚਾਰਜ ਵੀ ਕਲਾਕਾਰ ਸੀ ਐਮ ਭਗਵੰਤ ਮਾਨ ਦੇ ਮਾਲ ਵਿਭਾਗ ਓਹਨਾਂ ਨੂੰ ਦਿੱਤਾ ਹੋਇਆ ਹੈ। ਗੁਰਦੀਪ ਸਿੰਘ ਸੰਧੂ ਨੂੰ ਕਲਾ ਤੇ ਜਨਤਾ ਦੇ ਕੰਮ ਸਮੇਂ ਸਿਰ ਲਈ ਜਲੰਧਰ ਦੇ ਡੀ ਸੀ ਸਨਮਾਨਿਤ ਕਰ ਚੁੱਕੇ ਹਨ ਤੇ ਆਦਮਪੁਰ ਦੇ ਚਾਰਜ ਸਮੇਂ ਓਹਨਾਂ ਨੂੰ 26 ਜਨਵਰੀ ਦੇ ਸ਼ੁੱਭ ਲੋਕਤੰਤਰ ਦਿਨ ਤੇ ਸਰਦਾਰਨੀ ਸੁਖਬੀਰ ਕੌਰ ਤਹਿਸੀਲਦਾਰ ਨੇ ਸਨਮਾਨ ਦਿੱਤਾ ਸੀ।ਖੈਰ ਹੁਣ ਨਕੋਦਰ ਦੀ ਜਨਤਾ ਨੂੰ ਓਹਨਾਂ ਵਿਸ਼ਵਾਸ ਦਿੱਤਾ ਹੈ ਕਿ ਤਹਿਸੀਲ ਵਿੱਚ ਕੰਮ ਪਹਿਲ ਅਧਾਰ ਤੇ ਹੋਣਗੇ ਤੇ ਮੁੱਖ ਮੰਤਰੀ ਸਾਹਿਬ ਦੇ ਰੰਗਲੇ ਪੰਜਾਬ ਲਈ ਓਹ ਨਕੋਦਰ ਇਲਾਕੇ ਦੀ ਜਨਤਾ ਨੂੰ ਅਮਨ ਸ਼ਾਂਤੀ ਮੁੱਹਈਆ ਕਰਵਾਉਣਗੇ। ਯਾਦ ਰਹੇ ਗੁਰਦੀਪ ਸਿੰਘ ਸੰਧੂ ਨੇ ਹੜ੍ਹ ਤੋਂ ਇਲਾਵਾ ਕਈ ਧਰਨੇ ਆਪਣੀ ਅਦਾਕਾਰੀ ਸ਼ੈਲੀ ਨਾਲ ਧਰਨਾਕਾਰੀਆਂ ਨੂੰ ਸਮਝਾ ਕਿ ਖ਼ਤਮ ਕਰਵਾਏ।ਤਾਂ ਹੀ ਆਦਮਪੁਰ ਤੇ ਸ਼ਾਹਕੋਟ ਦੀ ਜਨਤਾ ਤੇ ਪ੍ਰਸ਼ਾਸਨ ਵਿਚਕਾਰ ਨੇੜਤਾ ਕਾਯਮ ਹੋਈ ਤੇ ਹੁਣ ਨਕੋਦਰ ਵਾਸੀ ਕਾਰਜਕਾਰੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਸੰਧੂ ਤੋਂ ਖੁਸ਼ਹਾਲ ਨਕੋਦਰ ਦੀ ਆਸ ਰੱਖਦੇ ਹਨ।ਓਹ ਮਾਨ ਸਰਕਾਰ ਦੇ ਲੋਕ ਭਲਾਈ ਕੰਮ ਇਲਾਕੇ ਵਿੱਚ ਲੋਕਾਂ ਤੱਕ ਪਹੁੰਚਦੇ ਕਰਨਗੇ।




-ਅੰਮ੍ਰਿਤ ਪਵਾਰ

## ਪੰਜਾਬੀ ਗਾਇਕੀ ਦਾ ਮਨਮੋਹਣਾ ਗਾਇਕ ਬਣ ਚੁੱਕਾ ਹੈ ਵਿਰਸੇ ਦਾ ਵਾਰਿਸ ਗਾਇਕ ਮਨਮੋਹਨ ਵਾਰਿਸ

"ਗੈਰਾਂ ਨਾਲ ਪੀਂਘਾਂ ਝੂਟਦੀਏ " ਐਲਬਮ ਆਓਣ ਦੀ ਦੇਰ ਸੀ ਕਿ ਪੰਜਾਬੀ ਗਾਇਕੀ ਵਿੱਚ ਸਬ ਨੂੰ ਪਤਾ ਚਲ ਗਿਆ ਕਿ ਸੋਹਣਾ ਜਿਹਾ ਮੁੰਡਾ ਮਨਮੋਹਨ ਵਾਰਿਸ ਗਾਇਕ ਬਣ ਆ ਗਿਆ ਹੈ ਤੇ ਇਹ ਇੱਕ ਦਿਨ ਗਾਇਕੀ ਗਗਨ ਤੇ ਧਰੂ ਤਾਰੇ ਦੀ ਤਰਾਂ ਚਮਕੇਗਾ। ਪਿੰਡ ਹੱਲੂਵਾਲ ਨੇੜੇ ਮਾਹਿਲਪੁਰ ਜ਼ਿਲਾ ਹੁਸ਼ਿਆਰਪੁਰ ਦਾ ਮਨਮੋਹਨ ਵਾਰਿਸ ਹਰੇਕ ਦਾ ਮਨ ਫਿਰ ਆਪਣੀ ਗਾਇਕੀ ਨਾਲ ਮੋਹ ਲੈਂਦਾ ਗਾਇਕੀ ਕਾਮਯਾਬੀਆਂ ਦਾ ਗਵਾਹ ਬਣਦਾ ਗਿਆ। ਦਿਲਬਾਗ ਸਿੰਘ ਦੇ ਇਸ ਮਨਮੋਹਣੇ ਪੁੱਤਰ ਨੇ ਆਪਣੇ ਵੀਰਾਂ ਸੰਗਤਾਰ ਤੇ ਕਮਲ ਹੀਰ ਨਾਲ ਅਜਿਹੀ ਜੁਗਲਬੰਦੀ ਕੀਤੀ ਕਿ ਆਖ ਲਓ ਪੰਜਾਬੀ ਵਿਰਸੇ ਦੀ ਗਾਇਕੀ ਦੇ ਓਹ ਸੱਚ ਦੇ ਵਾਰਿਸ ਬਣ ਚੁੱਕੇ ਹਨ। ਜਲੰਧਰ ਦੇ ਜੋਤੀ ਚੌਂਕ ਮਨਮੋਹਨ ਵਾਰਿਸ ਦਾ ਦਫਤਰ ਤੇ ਇਥੇ ਓਸ ਦੇ ਪ੍ਰੋਗਰਾਮਾਂ ਲਈ ਲੰਬੀ ਕਤਾਰ ਲੱਗ ਗਈ। 1993 ਤੋਂ ਬਾਅਦ ਫਿਰ 1994 ਵਿੱਚ "ਸੋਹਣਿਆਂ ਦੇ ਲਾਰੇ" ਫਿਰ" ਹੱਸਦੀ ਦੇ ਫੁੱਲ ਖਿੜਦੇ " ਤੇ ਜਦ "ਸੱਜਰੇ ਚਲੇ ਮੁਕਲਾਵੇ" ਆਈ ਤਾਂ ਨਾਮ ਹੀ ਵਾਰਿਸ ਵਾਰਿਸ ਹੋ ਗਿਆ। ਤਦ 8 ਗੀਤ ਇੱਕ ਐਲਬਮ ਵਿੱਚ ਹੁੰਦੇ ਸਨ। ਕੈਸਟਾਂ ਤੇ ਸੀ ਡੀ ਪੈਨ ਡਰਾਈਵ ਗੀਤ ਹੀ ਮਨਮੋਹਨ ਵਾਰਿਸ ਦੇ ਲੋਕ ਬੁੱਲੀਆਂ ਦਾ ਸ਼ਿੰਗਾਰ ਬਣਦੇ ਗਏ। "ਮਿੱਤਰਾਂ ਦਾ ਸਾਹ ਰੁਕਦਾ" "ਗਲੀ ਗਲੀ ਵਿੱਚ ਹੋਕੇ" ਮਿੱਤਰਾਂ ਨੇ ਭੰਗੜਾ ਪਾਓਣਾ" ਤੋਂ ਬਾਅਦ ਇੱਕ ਤੋਂ ਬਾਅਦ ਇੱਕ ਸੁਰੀਲੇ ਗਾਣੇ ਮਨਮੋਹਨ ਵਾਰਿਸ ਦੇ ਆਏ ਤੇ "ਹੁਸਨ ਦਾ ਜਾਦੂ" ਨੱਚੀਏ ਮਜਾਜਣੇ" ਤੇ ਫਿਰ ਵਕਤ ਦੇ ਨਾਲ ਨਾਲ ਵਾਰਿਸ ਦੇ ਦਰਦ ਭਰੇ ਗੀਤ ਤੇ ਕਿਤੇ "ਸ਼ੌਂਕੀ ਮੇਲਾ 2003" ਤੇ ਫਿਰ ਸ਼ਾਇਰੀ ਤੇ ਗਾਇਕੀ ਦੀ ਸੱਭਿਆਚਾਰਕ ਲੜੀ "ਪੰਜਾਬੀ ਵਿਰਸਾ" ਸ਼ੁਰੂ ਹੋਈ। ਟੋਰਾਂਟੋ, ਲੰਡਨ, ਵੈਨਕੂਵਰ ਤੇ ਪੰਜਾਬੀ ਵਿਰਸਾ ਲੜੀਆਂ ਵਿੱਚ ਆਉਂਦਾ ਗਿਆ ਤੇ ਵਾਰਿਸ ਬਣ ਗਏ ਮਨਮੋਹਨ ਵਾਰਿਸ, ਸੰਗਤਾਰ ਤੇ ਕਮਲ ਹੀਰ ਗਾਇਕੀ ਦੇ ਤੇ ਇਸ ਦੌਰਾਨ ਧਾਰਮਿਕ ਗੀਤ "ਅਰਦਾਸ ਕਰਾਂ" ਚੜਦੀ ਕਲਾ ਵਿੱਚ ਪੰਥ ਖਾਲਸਾ" ਤੇ ਹੋਰ ਕਈ ਧਾਰਮਿਕ ਟਰੈਕ ਤਦ ਤੋਂ ਚਲੇ ਮਨਮੋਹਨ ਵਾਰਿਸ ਨੇ ਵਿਸ਼ਵ ਪੱਧਰ ਤੇ ਸਟਾਰ ਗਾਇਕ ਦਾ ਰੁਤਬਾ ਲਿਆ। ਟਿਸਿਰੀਜ,ਟਿਪਸ ਤੇ ਆਪਣੀ ਪਲਾਸਮਾ ਰਿਕਾਰਡਜ਼ ਮਨਮੋਹਨ ਵਾਰਿਸ ਦੇ ਗੀਤ ਜਾਰੀ ਕਰ ਫਾਇਦੇ ਵਿੱਚ ਰਹੀਆਂ। ਵੀਨਸ, ਸਾਗਾ, ਮੂਵੀ ਗੱਲ ਕੀ ਹਰ ਸੰਗੀਤਕ ਪਲੇਟਫਾਰਮ ਤੇ ਮਨਮੋਹਨ ਵਾਰਿਸ ਮਨ ਮੋਹ ਅੱਗੇ ਚਲਦੇ ਰਹੇ।" ਕੱਲੀ ਬਹਿ ਕੇ ਸੋਚੀਂ ਨੀ" ਗੀਤ ਇਸ ਕਦਰ ਕਾਮਯਾਬ ਕਿ ਇਸ ਦੇ ਪੋਸਟਰ ਤੇ ਇਹ ਟੈਗ ਲਾਈਨ ਬਣ ਗਿਆ ਸੀ ਗਾਣਾ। 2004 ਤੋਂ ਸ਼ੁਰੂ ਪੰਜਾਬੀ ਵਿਰਸਾ ਲੜੀ ਅੱਜ ਤੱਕ ਬਰਕਰਾਰ ਹੈ। ਪ੍ਰਿਤਪਾਲ ਕੌਰ ਹੀਰ ਓਸ ਦੀ ਜੀਵਨ ਸਾਥਣ ਬਣ ਓਸ ਦੇ ਪਰਿਵਾਰ ਨੂੰ ਅੱਗੇ ਤੋਰਦੀ ਰਹੀ ਤੇ ਮਨਮੋਹਨ ਵਾਰਿਸ ਤੇ ਸੰਗਤਾਰ /ਕਮਲ ਹੀਰ ਇੱਕਠੇ ਸਟੇਜ ਸ਼ੋ ਕਰਦੇ ਰਹੇ ਕਰ ਰਹੇ ਹਨ। ਦੇਬੀ ਮਖਸੂਸਪੁਰੀ, ਜਸਬੀਰ ਗੁਣਾਚੌਰ, ਗਿੱਲ ਰੌਂਤੇ ਵਾਲਾ, ਪੀਟਾ ਚੰਦੇਲੀ ਵਾਲਾ ਤੇ ਮੰਗਲ ਹਠੂਰ ਕਲਮਾਂ ਵਿਚੋਂ ਉਪਜੇ ਲਫਜ਼ ਮਨਮੋਹਨ ਵਾਰਿਸ ਦੀ ਕਸ਼ਿਸ਼ ਭਰੀ ਆਵਾਜ਼ ਵਿੱਚ ਯਾਦਗਾਰ ਨਗਮੇ ਬਣ ਮੌਜੂਦ ਹਨ। ਅਜੇ ਦੇਵਗਨ ਦੀ ਫ਼ਿਲਮ ਲਈ ਵੀ ਗਾਇਆ ਤੇ ਹਾਂ ਵਿਲੱਖਣ ਗੱਲ ਕਿ ਮਨਮੋਹਨ ਵਾਰਿਸ ਨੇ ਵੱਡੇ ਪਰਦੇ ਤੇ ਫ਼ਿਲਮੀ ਬਣਨ ਦੀ ਥਾਂ ਵਿਰਸੇ ਲਈ ਗਾਇਕ ਬਣ ਐਨਾ ਨਾਮ ਕਮਾ ਲਿਆ ਕਿ ਇਹ ਕਈ ਪਰਦਿਆਂ ਤੋਂ ਵੱਡਾ ਹੈ। ਦੋ ਫੁੱਲ ਓਸ ਦੀ ਘਰ ਫੁਲਵਾੜੀ ਵਿੱਚ ਹਨ । ਅਧੂਰਾ ਰਹੇਗਾ ਇਹ ਮਨਮੋਹਨ ਵਾਰਿਸ ਦਾ ਜਾਣਕਾਰੀ ਨਾਮਾ ਜੇਕਰ ਦੀਪਕ ਬਾਲੀ ਦਾ ਜ਼ਿਕਰ ਨਾ ਹੋਏ ਜਿਸ ਨੂੰ 4 ਭਰਾ ਵਾਰਿਸ ਹੋਰਾਂ ਦਾ ਕਹਿੰਦੇ ਨੇ ਦੀ ਪਰਦੇ ਪਿੱਛੇ ਮਿਹਨਤ ਨੇ ਓਸ ਦੇ ਸਟਾਰ ਬਣ ਜਾਣ ਵਿੱਚ ਯੋਗਦਾਨ ਦਿੱਤਾ ਤੇ ਗੁਰਮੀਤ ਸਿੰਘ 30 ਸਾਲ ਤੋਂ ਮਨਮੋਹਨ ਵਾਰਿਸ ਦੇ ਸੰਗੀਤਕ ਸਫ਼ਰ ਦਾ ਮੁੱਖ ਪ੍ਰਬੰਧਕ ਹੈ। 31 ਸਾਲ ਦੇ ਗਾਇਕੀ ਸਫ਼ਰ ਵਿੱਚ ਮਨਮੋਹਨ ਵਾਰਿਸ ਅੱਜ ਵੀ 1993 ਵਾਲੀ ਜਵਾਨ ਮਿੱਠੀ ਸੁਰ ਹੈ, ਸਰੀਰਕ ਫਿੱਟਨੈੱਸ ਤੇ ਚੇਹਰੇ ਦਾ ਰੂਪ ਤੇ ਸਟੇਜ ਦੀ ਅਦਾਇਗੀ ਮਨਮੋਹਨ ਓਨਾ ਹੀ ਮਨਮੋਹਣਾ ਹੈ ਜਿੰਨਾ ਪ੍ਰਿਤਪਾਲ ਕੌਰ ਨਾਲ ਵਿਆਹ ਦੇ ਸ਼ਗਨਾਂ ਵਾਲੇ ਦਿਨ ਹੋਏਗਾ। ਸੱਚ ਕਿਤੇ ਕੱਲੀ ਤੇ ਕੱਲੇ ਬਹਿ ਸੋਚਣਾ ਪੰਜਾਬੀ ਵਿਰਸੇ ,ਸੰਗੀਤ ਸੰਸਾਰ ਤੇ ਗਾਇਕੀ ਖੇਤਰ ਕਿ ਮਨਮੋਹਨ ਵਾਰਿਸ ਨੇ ਕੀ ਨਹੀਂ ਕੀਤਾ ਤੇਰੇ ਅਰਥਾਤ ਤੁਹਾਡੇ ਲਈ, ਬਹੁਤ ਕੁੱਝ ਲੋਕ ਮੁਹਾਵਰੇ, ਲੋਕ ਕਿੱਸੇ ,ਵਾਰਾਂ ਤੇ ਬਹੁਤ ਕੁੱਝ, ਬਸ ਇਹੀ ਅਰਦਾਸ ਬੇਨਤੀ ਅਕਾਲ ਪੁਰਖ ਅੱਗੇ ਕਿ ਮਨਮੋਹਨ, ਕਮਲ ਤੇ ਸੰਗਤਾਰ ਦੀ ਤਿੱਕੜੀ ਨਾਲ ਗੁਰਮੀਤ/ਦੀਪਕ ਬਾਲੀ ਦਾ ਸਾਥ, ਰੱਬ ਦੀ ਰਜ਼ਾ, ਸਰੋਤੇ /ਦਰਸ਼ਕ ਤੇ ਸੰਗੀਤਕ ਖੇਤਰ ਤੰਦਰੁਸਤੀ ਤੇ ਲਮੇਰੀ ਉਮਰ ਤੇ ਸੁਰ ਬਰਕਰਾਰ ਰੱਖੇ ਤਾਂ ਕਿ ਮਨ ਮੋਹ ਲੈਣਾ ਵਾਲਾ ਗਾਇਕੀ ਨਾਲ ਮਨਮੋਹਨ ਬਣਿਆ ਰਹੇ ਵਾਰਿਸ ਵਿਰਸੇ ਦੀ ਗਾਇਕੀ ਦਾ ਸ਼ੁੱਭ ਕਾਮਨਾਵਾਂ ਆਫ਼ਰੀਨ। -ਅੰਮ੍ਰਿਤ ਪਵਾਰ






ਗੁਰੂ ਰਵਿਦਾਸ ਮਹਾਰਾਜ ਜੀ ਦੇ ਆ ਰਹੇ ਪ੍ਰਕਾਸ਼ ਦਿਹਾੜੇ ਤੇ ਗੀਤਕਾਰ ਮੱਖਣ ਲੋਹਾਰ ਨੇ ਕੁਲਦੀਪ ਮਾਣਕ ਦੇ ਸ਼ਾਗਿਰਦ ਗਾਇਕ ਗੁਰਮੇਜ਼ ਮੇਹਲੀ ਤੇ ਜਸਵੀਰ ਕੌਰ ਜੱਸੀ ਦੀਆਂ ਆਵਾਜ਼ਾਂ ਵਿੱਚ ਧਾਰਮਿਕ ਦੋਗਾਣਾ "ਕਾਂਸ਼ੀ ਜਾ ਆਈਏ" ਰਲੀਜ਼ ਕੀਤਾ ਹੈ। ਐਮ ਟਰੈਕ ਐਂਟਰਟੇਨਮੈਂਟ ਵੱਲੋਂ ਇਹ ਟਰੈਕ ਆ ਰਿਹਾ ਹੈ । ਜ਼ਿੰਦਾਬਾਦ ਗਾਇਕ ਗੁਰਮੇਜ ਮੇਹਲੀ ਨੂੰ ਗਾਇਕਾ ਜਸਵੀਰ ਜੱਸੀ ਕਹਿ ਰਹੀ ਹੈ ਜਿਸ ਨਾਲ ਓਸ ਨੇ ਧਾਰਮਿਕ ਗੀਤ ਗਾਇਆ ਹੈ ਤੇ ਇਹ ਏ "ਕਾਂਸ਼ੀ ਨੂੰ ਜਾ ਆਈਏ" ਤੇ ਇਹ ਇਸ ਮਾਹ ਗੁਰੂ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਤੇ ਆਏਗਾ। ਜੱਸੀ ਦੀ ਗਾਇਕੀ ਗੁਰਮੇਜ ਮੇਹਲੀ ਨੇ ਨਿਖਾਰ ਦਿੱਤੀ ਹੈ।ਅਰਥਾਤ ਰਾਮ ਜੀ ਪੰਜਾਬੀ ਸੰਗੀਤ ਨਾਲ "ਜ਼ਮਾਨਾ" ਆਪਣੇ ਨਾਲ ਤੋਰ ਰਹੇ ਨੇ ਤੇ ਜਸਵੀਰ ਜੱਸੀ ਰਾਤ ਦਿਨ ਗੁਰਮੇਜ ਮੇਹਲੀ ਦੀ ਸ਼ੁਕਰ ਗੁਜਾਰ ਜਿਸ ਨੇ ਓਸ ਦਾ ਗਾਇਕੀ ਜੀਵਨ ਨਿਖਾਰ ਦਿੱਤਾ ਹੈ। ਫਿਰੋਜ਼ ਖਾਨ ਨੇ ਕਿਹਾ ਹੈ ਕਿ ਹਰਜਿੰਦਰ ਬੱਲ ਨੂੰ ਓਹਨਾਂ ਨੇ ਇਹ ਸ਼ਰਧਾ ਦੇ ਫੁੱਲ ਓਹਨਾਂ ਦਾ ਗੀਤ ਗਾ ਭੇਂਟ ਕਰ ਮਨ ਹਲਕਾ ਕੀਤਾ ਏ ਤੇ ਜੱਸੀ ਨੇ ਰਵਿਦਾਸ ਮਹਾਰਾਜ ਦੀ ਉਸਤਿਤ ਗਾ ਕਿ ਗੁਰਮੇਜ ਮੇਹਲੀ ਦਾ ਨਾਮ ਉੱਚਾ ਕੀਤਾ ਹੈ।

**- ਅੰਮ੍ਰਿਤ ਪਵਾਰ**

# ਪ੍ਰਸਿੱਧ ਦੋਗਾਣਾ ਜੋੜੀ ਸੁੱਚਾ ਰੰਗੀਲਾ ਅਤੇ ਮਨਦੀਪ ਮੈਂਡੀ ਦਾ ਨਵਾਂ ਟਰੈਕ "ਪਿੰਡ" ਰਿਲੀਜ਼




**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਅਮਰ ਆਡੀਓ ਅਤੇ ਪਿੰਕੀ ਧਾਲੀਵਾਲ ਵਲੋਂ ਪ੍ਰਸਿੱਧ ਦੋਗਾਣਾ ਜੋੜੀ ਜੋ ਆਪਣੇ ਦੋਗਾਣਿਆਂ ਰਾਹੀਂ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਹੈ, ਸੁੱਚਾ ਰੰਗੀਲਾ ਅਤੇ ਮਨਦੀਪ ਮੈਂਡੀ ਆਪਣੇ ਨਵੇਂ ਟਰੈਕ "ਪਿੰਡ" ਰਾਹੀਂ ਪੰਜਾਬੀ ਸਰੋਤਿਆਂ ਦੇ ਵਿੱਚ ਇੱਕ ਵਾਰ ਫੇਰ ਭਰਪੂਰ ਹਾਜ਼ਰੀ ਲਗਵਾਉਣ ਆਏ ਹਨ। ਸੁੱਚਾ ਰੰਗੀਲਾ ਤੇ ਮਨਦੀਪ ਮੈਡੀ ਲਗਾਤਾਰ ਇਸ ਤੋਂ ਪਹਿਲਾਂ ਵੱਖ ਵੱਖ ਆਪਣੇ ਪੰਜਾਬੀ ਦੋਗਾਣਿਆਂ ਰਾਹੀਂ ਸੋਸ਼ਲ ਮੀਡੀਆ ਤੇ ਪੂਰੀ ਤਰ੍ਹਾਂ ਐਕਟਿਵ ਹਨ। ਇਸ ਟਰੈਕ ਬਾਰੇ ਸੋਸ਼ਲ ਮੀਡੀਆ ਤੇ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਇਸ ਟਰੈਕ ਨੂੰ ਜੋਆਏ ਅਤੁੱਲ ਨੇ ਸੰਗੀਤ ਨਾਲ ਸ਼ਿੰਗਾਰਿਆ ਹੈ ਤੇ ਲਖਵਿੰਦਰ ਮਾਨ ਮਰਾੜਾਂ ਵਾਲਾ ਨੇ ਇਸ ਟਰੈਕ ਨੂੰ ਕਲਮਬੱਧ ਕੀਤਾ ਹੈ। ਸਟਾਈਲਿਨ ਵੀਰ ਸਿੰਘ ਨੇ ਇਸ ਦਾ ਰਵਾਇਤੀ ਅੰਦਾਜ਼ ਵਿੱਚ ਵੀਡੀਓ ਫਿਲਮਾਂਕਣ ਕੀਤਾ ਹੈ। ਸੋਸ਼ਲ ਮੀਡੀਆ ਤੇ ਇਸ ਟਰੈਕ ਦਾ ਪੋਸਟਰ ਰਿਲੀਜ਼ ਕਰਨ ਉਪਰੰਤ ਇਸ ਗੀਤ ਨੂੰ ਪੂਰੀ ਤਿਆਰੀ ਨਾਲ ਲਾਂਚ ਕਰ ਦਿੱਤਾ ਗਿਆ ਹੈ ਤੇ ਸਰੋਤੇ ਇਸ "ਪਿੰਡ" ਟਰੈਕ ਨੂੰ ਆਪਣੇ ਆਪਣੇ ਪਿੰਡ ਦਾ ਮੋਹ ਸਮਝ ਕੇ ਪ੍ਰਵਾਨ ਕਰ ਰਹੇ ਹਾਂ।

# ਗੀਤ 'ਗੁਰੂ ਦਾ ਪੱਲਾ'' ਹੋਇਆ ਰਿਲੀਜ



**ਰੋਮ (ਇਟਲੀ), (ਟੇਕਚੰਦ ਜਗਤਪੁਰ)-** ਦੋ ਦਹਾਕੇ ਤੋਂ ਦੇਸ਼,ਵਿਦੇਸ਼ ਚ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਗੀਤਾਂ ਨਾਲ ਪੰਜਾਬੀ ਸੰਗੀਤ ਜਗਤ ਚ ਆਪਣੀ ਬੁਲੰਦ ਅਵਾਜ ਸਦਕਾ ਨਿਵੇਕਲੀ ਪਹਿਚਾਣ ਰੱਖਣ ਵਾਲੇ ਚਰਚਿਤ ਗਾਇਕ ਪੰਮਾ ਲਧਾਣਾ, ਜਿਸ ਦੇ ਗੀਤਾ,'ਤਖਤ ਦਿਲੀ ਦਾ ਵਾਜਾਂ ਮਾਰਦਾ'' ਏਕੇ ਦਾ ਬਿਗਲ'' ਗੁਰੂ ਰਵਿਦਾਸ ਦੀਏ ਕੌਮੇ ,ਹੌਸਲੇ ਬੁਲੰਦ ਰੱਖਿਓ ਅਤੇ ਅਨੇਕ ਹੋਰ ਗੀਤਾਂ ਨੂੰ ਸਰੋਤਿਆਂ ਨੇ ਰਜਵਾ ਪਿਆਰ ਦਿਤਾ।ਹੁਣ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਸਮਰਪਿਤ ਨਾਮਵਰ ਗੀਤਕਾਰ ਜੱਸੀ ਫਗਵਾੜੇ ਵਾਲਾ ਦੀ ਕਲਮ ਚੋਂ ਲਿਖਿਆ ਹੋਇਆ ਗੀਤ 'ਗੁਰੂ ਦਾ ਪੱਲਾ'' ਗਾਇਕ ਪੰਮਾ ਲਧਾਣਾ ਦੀ ਅਵਾਜ ਚ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਜੋਇਮੀਲੀਆ ਵਲੋ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਰਿਲੀਜ ਕੀਤਾ ਗਿਆ।ਸੁਰਪਰੀਤ ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਰਿਲੀਜ ਹੋਏ ਇਸ ਗੀਤ ਨੂੰ ਨਾਮਵਰ ਸੰਗੀਤਕਾਰ ਐਮ ਕੇ ਨੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ।ਇਸ ਗੀਤ ਦਾ ਫਿਲਮਾਂਕਣ ਸੰਗਮ ਸਟੂਡੀਓ ਨਵਲਾਰਾ ਵਲੋ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰੀਜੋਇਮੀਲੀਆ ਦੀ ਸਮੁੱਚੀ ਕਮੇਟੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। ਗਾਇਕ ਪੰਮਾ ਲਧਾਣਾ ਨੇ ਆਸ ਪ੍ਰਗਟਾਈ ਕਿ ਇਹ ਗੀਤ ਸਰੋਤਿਆਂ ਦੀ ਪਸੰਦ ਤੇ ਖਰਾ ਉਤਰੇਗਾ।ਇਸ ਮੌਕੇ ਤੇ ਸ੍ਰੀ ਕਸ਼ਮੀਰ ਲਾਲ ਮਹਿਮੀ,ਗਾਇਕ ਸੋਡੀ ਮਲ ,ਸਿੰਗਾਰਾ ਸਿੰਘ, ਨਵਦੀਪ ਸਿੰਘ ਜਗਤਪੁਰ, ਅਮਰਜੀਤ ਕੁਮਾਰ ਸੂੰਢ, ਰਾਜ ਕੁਮਾਰ ਸੰਧੂ, ਮਨਦੀਪ ਮਹੇ,ਗਾਇਕ ਸੰਦੀਪ ਲੋਈ, ਗਾਇਕ ਜੀਵਨ ਬੰਗਾ, ਆਦਿ ਹਾਜ਼ਰ ਸਨ।

# ਬੇਗਮਪੁਰਾ ਵਸਾਓ ਸੰਗਤੇ

ਦਸਾਂ ਨੌਹਾਂ ਦੀ ਕਿਰਤ ਕਰਦਿਆਂ ਹੱਕ ਸੱਚ ਦੀ ਖਾਓ
ਬੇਗਮਪੁਰਾ ਵਸਾਓ ਸੰਗਤੇ ਬੇਗਮਪੁਰਾ ਵਸਾਓ

ਨਿਰਭਉ ਨਿਰਭੈ ਹੋਣਾ ਸਿੱਖੋ ਬੇ ਗਮ ਹੋ ਕੇ ਜੀਣਾ
ਕਰੇ ਪ੍ਰੇਰਤ ਬਾਣੀ ਛੱਡ ਦਿਓ ਲਹੂਆਂ ਦਾ ਘੁੱਟ ਪੀਣਾ
ਆਪਣੇ ਅੰਦਰ ਝਾਤੀ ਮਾਰ ਕੇ ਆਪਣਾ ਆਪ ਜਗਾਓ
ਬੇਗਮਪੁਰਾ ਵਸਾਓ ਸੰਗਤੇ ....

ਠੱਗੀ ਠੋਰੀ ਚੋਰੀ ਯਾਰੀ ਛੱਡ ਦਿਓ ਪਾਪ ਕਮਾਉਣੇ
ਨੇਕੀਆਂ ਦੇ ਨਾਲ ਪੱਲੇ ਭਰ ਲਓ ਬੀਤੇ ਦਿਨ ਨਾ ਆਉਣੇ
ਆਪਣਾ ਆਪ ਸੁਧਾਰ ਕੇ ਵਾਤਾਵਰਨ ਸਾਫ਼ ਬਣਾਓ
ਬੇਗਮਪੁਰਾ ਵਸਾਓ ਸੰਗਤੇ ....

ਗੁਰੂਆਂ ਦੇ ਉਪਦੇਸ਼ ਕੀਮਤੀ ਜੀਵਨ ਅੰਦਰ ਢਾਲੋ
ਆਪਣਾ ਦੀਪਕ ਆਪੇ ਬਣ ਕੇ ਜੋਤ ਅੰਦਰਲੀ ਬਾਲੋ
ਦੁੱਖ ਦਰਦਾਂ ਦੀ ਲਾਹ ਕੇ ਬੁੱਕਲ ਸੁੱਖ ਦੇ ਦਰਸ਼ਨ ਪਾਓ
ਬੇਗਮਪੁਰਾ ਵਸਾਓ ਸੰਗਤੇ ....

ਜਨਮ ਨਾ ਮਿਲੇ ਦੁਬਾਰਾ 'ਚੁੰਬਰਾ' ਘਾਲਣਾ ਘਾਲ ਦਿਖਾਵੋ
ਯਾਦ ਪੀੜੀਆਂ ਕਰਨ ਤੁਹਾਨੂੰ ਐਸੀ ਕਿਰਤ ਕਮਾਵੋ
ਬਦਲ ਜਾਣ ਇਤਿਹਾਸ ਦੇ ਪੰਨੇ ਐਸੇ ਬੂਟੇ ਲਾਓ
ਬੇਗਮਪੁਰਾ ਵਸਾਓ ਸੰਗਤੇ ....

**- ਕੁਲਦੀਪ ਚੁੰਬਰ ਕਨੇਡਾ**
(604-902-3237)

# ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਬਲਾਕ ਪਾਂਸ਼ਟ ਕੇਂਦਰ ਸਰਕਾਰ ਵਿਰੁੱਧ ਪ੍ਰਦਰਸ਼ਨ ਕਰ ਆਸ਼ਾ ਵਰਕਰ ਵਿਰੋਧੀ ਬਜ਼ਟ ਦੀਆਂ ਕਾਪੀਆਂ ਸਾੜੀਆਂ

**ਫਗਵਾੜਾ 6 ਫਰਵਰੀ (ਬੀ. ਕੇ. ਰੱਤੂ)-** ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਸੂਬਾ ਕਮੇਟੀ ਦੀ ਕਾਨ-ਫਰੰਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਕਿਰਨਦੀਪ ਕੌਰ ਪੰਜੋਲਾ ਵਲੋਂ ਪੰਜਾਬ ਦੇ ਕੋਨੇ ਕੋਨੇ ਵਿੱਚ ਆਸ਼ਾ ਵਰਕਰ ਵਿਰੋਧੀ ਬਜ਼ਟ ਦੀਆਂ ਕਾਪੀਆਂ ਸਾੜਨ ਦੇ ਫੈਸਲੇ ਅਨੁਸਾਰ ਪਾਸ਼ਟਾ ਬਲਾਕ ਦੀ ਪ੍ਰਧਾਨ ਪੁਸ਼ਪਿੰਦਰ ਕੌਰ ਨੇ ਦੀ ਅਗਵਾਈ ਵਿੱਚ ਆਸ਼ਾ ਵਰਕਰ ਅਤੇ ਫੈਸਿਲੀਟੇਟਰਾਂ ਨੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕਰਦੇ ਹੋਏ ਆਸ਼ਾ ਵਰਕਰ ਵਿਰੋਧੀ ਬਜ਼ਟ ਦੀਆਂ ਕਾਪੀਆਂ ਸਾੜ ਸਰਕਾਰ ਖਿਲਾਫ਼ ਜੰਮ ਕੇ ਕੀਤੀ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬਲਾਕ ਪਾਂਸ਼ਟਾ ਦੀ ਪ੍ਰਧਾਨ ਪੁਸ਼ਪਿੰਦਰ ਕੌਰ ਅਠੋਲੀ ਨੇ ਕਿਹਾ ਕਿ ਇਸ ਬਜਟ ਤੋਂ ਪੰਜਾਬ ਦੀਆਂ ਆਸਾਂ ਵਰਕਰਾਂ ਤੇ ਫੈਸਿਲੀਟੇਟਰਾ ਨੂੰ ਕੇਂਦਰ ਦੀ ਮੋਦੀ ਸਰਕਾਰ ਤੋਂ ਬਹੁਤ ਉਮੀਦਾਂ ਸਨ। ਕਿਉਕਿ ਕਰੋਨਾ ਮਹਾਂਮਾਰੀ ਦੌਰਾਨ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾ ਨੇ ਆਫ ਲਾਇਨ, ਤੇ ਆਨ ਲਾਈਨ ਬਹੁਤ ਜ਼ਿਆਦਾ ਸਿਹਤ ਮਹਿਕਮੇ ਵਿਚ ਲੋਕਾਂ ਦੀਆਂ ਜਾਨਾਂ ਬਚਾਉਣ ਦਾ ਕੰਮ ਕੀਤਾ। ਸਾਡੀ ਚੰਗੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਮੋਦੀ ਸਰਕਾਰ ਨੇ ਕਈ ਵਾਰ ਆਪਣੇ ਸਟੇਜਾਂ ਤੋਂ ਸ਼ਲਾਘਾ ਕੀਤੀ। ਪਰ ਅਫਸੋਸ ਜੋ ਬੀਤੇ ਦਿਨ ਕੇਂਦਰ ਸਰਕਾਰ ਦੀ ਵਿੱਤ ਮੰਤਰੀ ਨਿ-ਰਮਲਾ ਸੀਤਾਰਮਨ ਵੱਲੋਂ ਜ਼ੋ ਬਜ਼ਟ ਪੇਸ਼ ਕੀਤਾ ਗਿਆ ਹੈ,ਉਸ 'ਚ ਆਮ ਵਰਗ ਨੂੰ ਦਰਕਿਨਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਸ਼ਾ ਵਰਕਰਾਂ ਨੂੰ ਆਯੁਸ਼ਮਾਨ ਸਕੀਮ ਤਹਿਤ ਲਿਆਂ ਕੇ ਕੇਵਲ ਹੰਜੂ ਪੋਚਣ ਵਾਲੀ ਗੱਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਦੀ ਡਿਊਟੀ ਬਹੁਤ ਸੱਖਤ ਹੈ, ਜਿਹੜੀਆਂ ਘਰ ਘਰ ਜਾਂ ਕੇ ਰਿਕਾਰਡ ਇੱਕਤਰ ਕਰਦੀਆਂ ਹਨ। ਪ੍ਰੰਤੂ ਕੇਂਦਰ ਸਰਕਾਰ ਬਹੁਤ ਹੀ ਨਿਗੁਣੇ ਭੱਤਿਆਂ ਤੇ ਉਨ੍ਹਾਂ ਤੋਂ ਹਾਰਡ ਵਰਕ ਕਰਵਾ ਰਹੀ ਹੈ ਇਹ ਆਸ਼ਾ ਵਰਕਰਾਂ ਦਾ ਸ਼ੋਸਣ ਹੈ। ਪੁਸ਼ਪਿੰਦਰ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਿੱਖਿਆ ਨੀਤੀ ਅਤੇ ਸਿਹਤ ਸਹੂਲਤਾਂ ਵੱਲ ਵੀ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ। ਜਿੱਥੇ ਸਿੱਖਿਆ ਦਾ ਬਜ਼ਟ ਘਟਾਇਆ ਗਿਆ ਹੈ ਉਥੇ ਹੀ ਸਿਹਤ ਸਹੂਲਤਾਂ ਨੂੰ ਵੀ ਰੋਲਿਆ ਜਾ ਰਿਹਾ ਹੈ।

ਉਨਾਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਕੇਵਲ ਜੁਮਲਿਆਂ ਦੀ ਸਰਕਾਰ ਹੈ, ਲੋਕਾਂ ਨੂੰ ਵੱਡੇ-ਵੱਡੇ ਸਬਜ਼ਬਾਗ ਦਿਖਾ ਕੇ ਉਨਾਂ ਤੋਂ ਵੋਟਾਂ ਬਟੋਰ ਲਈਆਂ ਜਾਂਦੀਆਂ ਹਨ। ਜਿਸ ਦਾ ਨਤੀਜਾ ਤੁਹਾਡੇ ਸਾਹਮਣੇ ਹੈ ਪਿਛਲੇ 10 ਸਾਲਾਂ ਦੇ,ਚ ਕੇਂਦਰ ਸਰਕਾਰ ਨੇ ਜ਼ੋ ਵਾਅਦੇ ਕੀਤੇ ਸੀ। ਉਨ੍ਹਾਂ ਚੋਂ ਇੱਕ ਵੀ ਪੂਰਾ ਨਹੀਂ ਕੀਤਾ, ਜੇਕਰ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ 2024 ਦੀਆਂ ਇਲੈਕਸ਼ਨਾਂ ਦੌਰਾਨ ਘਰ ਘਰ ਜਾ ਕੇ ਸੈਂਟਰ ਸਰਕਾਰ ਦੀ ਘਟੀਆ ਕਾਰਗੁਜਾਰੀ ਵਾਰੇ ਦੱਸਣਗੀਆਂ। ਮਹਿੰਗਾਈ ਨੇ ਆਮ ਵਿਅਕਤੀ ਦਾ ਜੀਣਾ ਦੁਰਲਭ ਕਰ ਦਿੱਤਾ ਹੈ ਅਤੇ ਬੇਰੋਜ਼ਗਾਰੀ ਦੇ ਕਾਰਨ ਨੌਜਵਾਨੀ ਤਰਲੇ ਕੱਢ ਰਹੀ ਹੈ। ਸਰਕਾਰੀ ਜਾਇਦਾਤਾਂ ਵੇਚੀਆਂ ਜਾ ਰਹੀਆਂ ਹਨ, ਇਥੋਂ ਤੱਕ ਕਿ ਫ਼ੌਜ ਦਾ ਵੀ ਪ੍ਰਾਈਵੇਟੇਸਨ ਕੀਤਾ ਜਾਂ ਰਿਹਾ। ਦੇਸ਼ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਸਾਲ 2024 ਦੀਆਂ ਵੋਟ ਸੋਚ ਸਮਝ ਕੇ ਪਾਉਣ। ਸਮੂਹ ਕਮੇਟੀ ਮੈਂਬਰਾ ਨੇ ਹਿੱਸਾ ਲਿਆ। ਪੁਸ਼ਪਿੰਦਰ ਕੌਰ, ਅਨੀਤਾ, ਮੀਨਾ ਰਾਣੀ, ਸੋਨੂੰ, ਜਸਪ੍ਰੀਤ ਕੌਰ, ਰਾਜਵੀਰ ਕੌਰ, ਕਮਲਜੀਤ ਕੌਰ, ਪੂਜਾ, ਆਸ਼ਾ, ਗੀਤਾ, ਰਜਨੀ, ਮਹਿੰਦਰ ਕੌਰ, ਸੁਨੀਤਾ ਰਾਣੀ, ਕੁਲਵੰਤ ਕੌਰ, ਬਲਵਿੰਦਰ ਕੌਰ, ਦਵਿੰਦਰ, ਰੇਖਾ ਰਾਣੀ, ਰਛਪਾਲ ਕੌਰ, ਰਾਜ ਰਾਣੀ, ਸੁਰਿੰਦਰ ਪਾਲ ਕੌਰ, ਊਸ਼ਾ, ਰੀਨਾ, ਆਦਿ ਹੋਰ ਵੀ ਮੌਜੂਦ ਸਨ।

# ਸੁਪ੍ਰਸਿੱਧ ਗਾਇਕ ਕਮਲ ਹੀਰ ਦਾ ਗੀਤ "ਟਿਕਾਣਾ ਕੋਈ ਨਾ" ਰਿਲੀਜ਼ - ਮੰਗਲ ਹਠੂਰ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬੀ ਗਾਇਕੀ ਵਿੱਚ ਆਪਣੀ ਅਹਿਮ ਥਾਂ ਬਣਾਉਣ ਵਾਲੇ ਸੁਪ੍ਰਸਿੱਧ ਗਾਇਕ ਕਮਲ ਹੀਰ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦਾ ਲਿਖਿਆ ਖੂਬਸੂਰਤ ਗੀਤ "ਟਿਕਾਣਾ ਕੋਈ ਨਾ" ਹਾਲ ਹੀ ਵਿੱਚ ਵਿਸ਼ਵ ਪੱਧਰ ਤੇ ਰਿਲੀਜ਼ ਕਰ ਦਿੱਤਾ ਹੈ । ਇਸ ਗੀਤ ਦੇ ਰਚੇਤਾ ਮੰਗਲ ਹਠੂਰ ਨੇ ਆਪਣੀ ਸੋਸ਼ਲ ਐਕਟੀਵਿਟੀ ਰਾਹੀਂ ਇਸ ਗੀਤ ਦੀ




ਲਾਂਚਿੰਗ ਬਾਰੇ ਸਮੂਹ ਪੰਜਾਬੀਆਂ ਨੂੰ ਸੁਨੇਹਾ ਦਿੱਤਾ ਹੈ ਅਤੇ ਇਸ ਗੀਤ ਨੂੰ ਵੱਧ ਤੋਂ ਵੱਧ ਦੇਖਣ ਸੁਣਨ ਲਈ ਕਿਹਾ ਹੈ। ਪੰਜਾਬੀ ਗਾਇਕੀ ਦੇ ਬੇਤਾਜ਼ ਬਾਦਸ਼ਾਹ ਮਨਮੋਹਨ ਵਾਰਸ, ਪ੍ਰਸਿੱਧ ਸੰਗੀਤਕਾਰ ਸੰਗਤਾਰ, ਗਾਇਕ ਕਮਲ ਹੀਰ ਦੀ ਤਿੱਕੜੀ ਵੱਲੋਂ ਪੰਜਾਬੀ ਸਭਿਆਚਾਰਕ ਗਾਇਕੀ ਦੇ ਖੇਤਰ ਵਿੱਚ ਜੋ ਵਿਲੱਖਣ ਪੈੜਾਂ ਪਾਈਆਂ ਹਨ, ਉਸ ਨੂੰ ਵਿਸ਼ਵ ਪੱਧਰ ਤੇ ਹਾਂ ਪੱਖੀ ਹੁੰਗਾਰਾ ਮਿਲਿਆ ਹੈ । ਪੰਜਾਬੀ ਗਾਇਕੀ ਦੇ ਖੇਤਰ ਵਿੱਚ ਵਾਰਸ ਭਰਾਵਾਂ ਦੀ ਤਿੱਕੜੀ ਨੇ ਜੋ ਵੀ ਅੱਜ ਤੱਕ ਗਾਇਆ ਹੈ ਉਹ ਆਪਣੇ ਆਪ ਵਿੱਚ ਇੱਕ ਇਤਿਹਾਸ ਬਣ ਕੇ ਲੋਕ ਪ੍ਰਵਾਨਗੀ ਦਾ ਇੱਕ ਪੰਨਾ ਬਣ ਚੁੱਕਿਆ ਹੈ। ਗਾਇਕ ਕਮਲ ਹੀਰ ਦਾ ਨੇ "ਟਿਕਾਣਾ ਕੋਈ ਨਾ" ਗੀਤ ਨਾਲ ਆਪਣੀ ਵਿਲੱਖਣ ਪੈੜ ਪਾਈ ਹੈ ਅਤੇ ਇਸ ਗੀਤ ਦਾ ਸੰਗੀਤ ਸੰਗਤਾਰ ਵਲੋਂ ਕੀਤਾ ਗਿਆ ਹੈ । ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦੀ ਕਲਮ ਨੇ ਹਮੇਸ਼ਾ ਹੀ ਕੁਝ ਹੱਟ ਕੇ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਨੂੰ ਸਰੋਤੇ ਬਹੁਤ ਪਿਆਰ ਅਤੇ ਸਤਿਕਾਰ ਨਾਲ ਚਾਹ ਕੇ ਸੁਣਦੇ ਹਨ। ਜ਼ਿਕਰਯੋਗ ਹੈ ਕਿ ਮੰਗਲ ਹਠੂਰ ਦੇ ਲਿਖੇ ਗੀਤ ਵੀ ਲੋਕ ਗੀਤਾਂ ਵਾਂਗ ਲੰਬੀ ਉਮਰ ਭੋਗਣ ਦੇ ਹਾਮੀਕਾਰ ਹਨ। ਵਾਰਸ ਭਰਾਵਾਂ ਦੀ ਗਾਇਕੀ, ਕਮਲ ਹੀਰ ਦਾ ਗੀਤ "ਟਿਕਾਣਾ ਕੋਈ ਨਾ" ਅਤੇ ਮੰਗਲ ਹਠੂਰ ਦੀ ਕਲਮ ਇਸੇ ਤਰ੍ਹਾਂ ਸੱਭਿਆਚਾਰ ਦੀ ਸੇਵਾ ਕਰਦੇ ਰਹਿਣ ਇਹੀ ਦਿਲੋਂ ਦੁਆ ਹੈ। ਆਮੀਨ !

# ਚਰਚਿਤ ਗਾਇਕ ਪੰਮਾ ਲਧਾਣਾ ਦਾ ਗੀਤ 'ਗੁਰੂ ਦਾ ਪੱਲਾ'' 4 ਫਰਵਰੀ ਨੂੰ ਹੋਵੇਗਾ ਰੀਲੀਜ਼

**ਰੋਮ (ਇਟਲੀ), (ਟੇਕਚੰਦ ਜਗਤਪੁਰ)-** ਦੇਸ਼, ਵਿਦੇਸ਼ ਚ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਗੀਤਾਂ ਨਾਲ ਪੰਜਾਬੀ ਸੰਗੀਤ ਜਗਤ 'ਚ ਆਪਣੀ ਬੁਲੰਦ ਅਵਾਜ ਸਦਕਾ



ਨਿਵੇਕਲੀ ਪਹਿਚਾਣ ਰੱਖਣ ਵਾਲੇ ਚਰਚਿਤ ਗਾਇਕ ਪੰਮਾ ਲਧਾਣਾ, ਜਿਸ ਦੇ ਗੀਤਾ,'ਤਖਤ ਦਿਲੀ ਦਾ ਵਾਜਾਂ ਮਾਰਦਾ'' ਏਕੇ ਦਾ ਬਿਗਲ'' ਗੁਰੂ ਰਵਿਦਾਸ ਦੀਏ ਕੌਮੇ ,ਹੌਸਲੇ ਬੁਲੰਦ ਰੱਖਿਓ ਅਤੇ ਅਨੇਕ ਹੋਰ ਗੀਤਾਂ ਨੂੰ ਸਰੋਤਿਆਂ ਨੇ ਰਜਵਾ ਪਿਆਰ ਦਿਤਾ।ਹੁਣ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਸਮਰਪਿਤ ਨਾਮਵਰ ਗੀਤਕਾਰ ਜੱਸੀ ਫਗਵਾੜੇ ਵਾਲਾ ਦੀ ਕਲਮ ਚੋਂ ਲਿਖਿਆ ਹੋਇਆ ਗੀਤ 'ਗੁਰੂ ਦਾ ਪੱਲਾ'' ਗਾਇਕ ਪੰਮਾ ਲਧਾਣਾ ਦੀ ਅਵਾਜ ਚ 4ਫਰਵਰੀ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰੀਜੋਇਮੀਲੀਆ ਵਲੋ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮ ਦੌਰਾਨ ਰਿਲੀਜ ਕੀਤਾ ਜਾਵੇਗਾ।ਸੁਰਪਰੀਤ ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਰਿਲੀਜ ਹੋਏ ਇਸ ਗੀਤ ਨੂੰ ਨਾਮਵਰ ਸੰਗੀਤਕਾਰ ਐਮ ਕੇ ਨੇ ਸੰਗੀਤਕ ਧੂੰਨਾਂ ਨਾਲ ਸ਼ਿੰਗਾਰਿਆ ਹੈ।ਇਸ ਗੀਤ ਦਾ ਫਿਲਮਾਂਕਣ ਸੰਗਮ ਸਟੂਡੀਓ ਨਵਲਾਰਾ ਵਲੋ ਕੀਤਾ ਗਿਆ ਹੈ।ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰੀਜੋਇਮੀਲੀਆ ਦੀ ਸਮੁੱਚੀ ਕਮੇਟੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। ਗਾਇਕ ਪੰਮਾ ਲਧਾਣਾ ਨੇ ਆਸ ਪ੍ਰਗਟਾਈ ਕਿ ਸਰੋਤੇ ਇਸ ਗੀਤ ਨੂੰ ਪ੍ਰਵਾਨ ਕਰਨਗੇ।

## ਮਾਹਿਲਪੁਰ ਵਿਖੇ ਫੁੱਟਬਾਲ ਦਾ ਮਹਾਕੁੰਭ

# 15 ਤੋਂ 22 ਫਰਵਰੀ ਤੱਕ ਕਰਵਾਏ ਜਾ ਰਹੇ 61ਵੇਂ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ 'ਤੇ ਵਿਸ਼ੇਸ਼



ਜਗਜੀਤ ਸਿੰਘ ਗਣੇਸ਼ਪੁਰ
91-94655-76022

ਜਿਵੇਂ ਸੰਸਾਰਪੁਰ ਨੂੰ ਹਾਕੀ ਦੀ ਨਰਸਰੀ ਕਰਕੇ ਜਾਣਿਆਂ ਜਾਂਦਾ ਹੈ ਉਵੇਂ ਹੀ ਮਾਹਿਲਪੁਰ ਦੀ ਪਹਿਚਾਣ ਫੁੱਟਬਾਲ ਹੈ। ਜੇਕਰ ਮਾਹਿਲਪੁਰ ਨੂੰ ਪੰਜਾਬੀ ਫੁੱਟਬਾਲ ਦੀ ਰਾਜਧਾਨੀ ਆਖ ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਮਾਹਿਲਪੁਰ ਅਤੇ ਇਸ ਦੇ ਨਾਲ਼ ਲੱਗਦੇ ਪਿੰਡਾਂ ਦੀਆਂ ਸੱਥਾਂ ਵਿੱਚ ਫੁੱਟਬਾਲ ਦੀ ਚਰਚਾ ਹੋਣੀ ਇੱਕ ਆਮ ਗੱਲ ਹੈ। ਸੰਧੂਰੀ ਅੰਬਾਂ ਦੀ ਮਹਿਕ ਨਾਲ ਲਬਰੇਜ਼ ਇਹ ਧਰਤੀ ਫੁੱਟਬਾਲ ਦੇ ਕਈ ਬਾਬੇ ਬੋਹੜ ਵੀ ਫੁੱਟਬਾਲ ਜਗਤ ਦੀ ਝੋਲੀ ਪਾ ਚੁੱਕੀ ਹੈ ਜਿੰਨਾ ਵਿੱਚ ਅਰਜਨ ਅਵਾਰਡੀ ਜਰਨੈਲ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਪ੍ਰਮੁੱਖ ਹਨ। ਮੌਜੂਦਾ ਚਰਚਿਤ ਮਹਿਲਾ ਫੁੱਟਬਾਲਰ ਸਨਸਨੀ ਮਨੀਸ਼ਾ ਕਲਿਆਣ ਵੀ ਮਾਹਿਲਪੁਰ ਦੀ ਹੀ ਦੇਣ ਹੈ ਜੋ ਭਾਰਤੀ ਟੀਮ ਵਿੱਚ ਖੇਡ ਕੇ ਇਲਾਕੇ ਦਾ ਨਾਮ ਰੋਸ਼ਨ ਕਰ ਰਹੀ ਹੈ। ਮਾਹਿਲਪੁਰ ਦੇ ਫੁੱਟਬਾਲ ਦਾ ਆਪਣਾ ਇੱਕ ਸ਼ਾਨਮੱਤਾ ਇਤਿਹਾਸ ਹੈ।

ਪ੍ਰਿੰਸੀਪਲ ਹਰਭਜਨ ਸਿੰਘ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪਹਿਲੇ ਪ੍ਰਿੰਸੀਪਲ ਸਨ, ਜਿੰਨਾ ਦੀ ਵਿੱਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮਾਹਿਲਪੁਰ ਨੂੰ ਫੁੱਟਬਾਲ ਕੇਂਦਰ ਦੇ ਨਾਲ-ਨਾਲ ਉੱਚ ਸਿੱਖਿਆ ਦਾ ਕੇਂਦਰ ਬਣਾਉਣ ਵਿੱਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਹੀ ਯੋਗਦਾਨ ਨੂੰ ਸਿਜਦਾ ਕਰਨ ਲਈ ਪ੍ਰਿੰਸੀਪਲ ਹਰਭਜਨ ਸਿੰਘ ਦੀ ਯਾਦਗਾਰੀ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ ਹਰ ਸਾਲ ਫਰਵਰੀ ਮਹੀਨੇ ਬੜੇ ਹੀ ਜੋਸ਼ੋ-ਖਰੋਸ਼ ਨਾਲ ਕਰਵਾਇਆ ਜਾਂਦਾ ਹੈ ਜਿਸ ਵਿੱਚ ਚੋਟੀ ਦੇ ਫੁੱਟਬਾਲ ਕਲੱਬ, ਐਕਡਮੀਆਂ ਅਤੇ ਕਾਲਜ ਸ਼ਮੂਲੀਅਤ ਕਰਦੇ ਹਨ। ਇਸ ਵਾਰ 15 ਫਰਵਰੀ ਤੋਂ 22 ਫਰਵਰੀ ਕਰਵਾਏ ਜਾ ਰਹੇ 61ਵੇਂ ਫੁੱਟਬਾਲ ਟੂਰਨਾਮੈਂਟ ਵਿੱਚ ਨਾਮੀ 12 ਫੁੱਟਬਾਲ ਕਲੱਬ, 10 ਕਾਲਜ ਅਤੇ 8 ਫੁੱਟਬਾਲ ਐਕਡਮੀਆਂ ਹਿੱਸਾ ਲੈ ਰਹੀਆਂ ਹਨ। ਟੂਰਨਾਮੈਂਟ ਦੀ ਲੋਕਪ੍ਰਿਅਤਾ ਦਾ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਪ੍ਰਸਿੱਧ ਫੁੱਟਬਾਲ ਟੂਰਨਾਮੈਂਟ ਨੂੰ ਵੇਖਣ ਲਈ ਖਾਸਤੌਰ ਤੇ ਪਰਵਾਸੀ ਪੰਜਾਬੀ ਵਿਦੇਸ਼ ਤੋਂ ਆ ਕੇ ਆਪਣੀ ਹਾਜ਼ਰੀ ਲਗਾਉਂਦੇ ਹਨ। ਮਾਹਿਲਪੁਰ ਇਨ੍ਹਾਂ ਦਿਨਾਂ ਵਿੱਚ ਫੁੱਟਬਾਲ ਦੇ ਰੰਗ ਵਿੱਚ ਰੰਗਿਆ ਨਜ਼ਰ ਆਉਂਦਾ ਹੈ ਤੇ ਖਿਡਾਰੀ ਵੀ ਇਸ ਮਾਣਮੱਤੇ ਟੂਰਨਾਮੈਂਟ ਲਈ ਆਪਣੀ ਖਾਸ ਤਿਆਰੀ ਕਰਦੇ ਹੋਏ ਇਸ ਵਿੱਚ ਭਾਗ ਲੈਣਾ ਆਪਣੀ ਖੁਸ਼ਕਿਸਮਤੀ ਸਮਝਦੇ ਹਨ। ਮਾਹਿਲਪੁਰ ਦੇ ਇਸ ਖਿੱਤੇ ਤੋਂ ਉਠਿਆ ਫੁੱਟਬਾਲ ਦਾ ਜਾਨੂੰਨ ਆਲੇ-ਦੁਆਲੇ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਜਿਵੇਂ ਚੱਬੇਵਾਲ, ਹੁਸ਼ਿਆਰਪੁਰ, ਬੰਗਾ, ਗੜ੍ਹਸ਼ੰਕਰ ਅਤੇ ਫਗਵਾੜੇ ਆਦਿ ਤੱਕ



ਖਿਡਾਰੀਆਂ ਅਤੇ ਫੁੱਟਬਾਲ ਪ੍ਰੇਮੀਆਂ ਦੇ ਸਿਰ ਚੜ ਕੇ ਬੋਲਦਾ ਹੈ। ਜਿਕਰਯੋਗ ਹੈ ਕਿ 1962 ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਦੀ ਨਿੱਘੀ ਯਾਦ ਨੂੰ ਤਾਜ਼ਾ ਰੱਖਣ ਲਈ ਪਹਿਲੀ ਵਾਰ ਇਹ ਟੂਰਨਾਮੈਂਟ ਕਰਵਾਇਆ ਗਿਆ ਸੀ ਜਿਸ ਦੀ ਫੁੱਟਬਾਲ ਖੇਤਰ ਵਿੱਚ ਮੌਜੂਦਾ ਸਮੇਂ ਆਪਣੀ ਇਕ ਵਿਲੱਖਣ ਪਹਿਚਾਣ ਬਣ ਚੁੱਕੀ ਹੈ। ਸਵਰਗੀ ਡਾ: ਨਰਿੰਦਰ ਪਾਲ (1962-1971) ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪਹਿਲੇ ਪ੍ਰਧਾਨ ਸਨ। ਇਸ ਸਮੇਂ ਸ: ਕੁਲਵੰਤ ਸਿੰਘ ਸੰਘਾ ਇਸ ਕਲੱਬ ਦੇ ਛੇਵੇਂ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ। ਇਹ ਟੂਰਨਾਮੈਂਟ ਹਰ ਸਾਲ ਵੱਖ-ਵੱਖ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਟਰੱਸਟਾਂ, ਕਲੱਬਾਂ ਅਤੇ ਫੁੱਟਬਾਲ ਪ੍ਰਮੋਟਰਾਂ ਦੇ ਸਹਿਯੋਗ ਨਾਲ ਸਫਲਤਾ-ਪੂਰਵਕ ਕਰਵਾਇਆ ਜਾਂਦਾ ਹੈ। ਇਸ ਵਾਰ ਕਲੱਬ ਵਰਗ ਵਿੱਚ ਜੇਤੂ ਟੀਮ ਨੂੰ 2 ਲੱਖ ਅਤੇ ਉਪ ਜੇਤੂ ਟੀਮ ਨੂੰ 1.5 ਲੱਖ ਇਵੇਂ ਹੀ ਕਾਲਜ ਵਰਗ ਵਿੱਚ 75,000 ਅਤੇ 50,000 ਅਤੇ ਐਕਡਮੀ ਵਰਗ ਅੰਦਰ 31,000 ਅਤੇ 21,000 ਨਗਦ ਇਨਾਮ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਹੋਰ ਬਹੁਤ ਸਾਰੇ ਵਰਗਾ ਵਿੱਚ ਖਿਡਾਰੀਆਂ ਨੂੰ ਨਗਦ ਇਨਾਮਾਂ ਨਾਲ਼ ਨਿਵਾਜਿਆ ਜਾਵੇਗਾ। ਕਲੱਬ, ਖਾਲਸਾ ਕਾਲਜ ਮਾਹਿਲਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕਿਆਂ ਦੇ ਦੋ ਵਿਦਿਆਰਥੀਆਂ ਅਤੇ ਕੰਨਿਆ ਸਕੂਲ ਦੀਆਂ ਦੋ ਵਿਦਿਆਰਥਣਾਂ ਲਈ ਹਰ ਸਾਲ ਵਜੀਫੇ ਦਾ ਵੀ ਪ੍ਰਬੰਧ ਕਰਦਾ ਹੈ।

ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ, ਸਕੱਤਰ ਡਾ. ਪਰਮਪ੍ਰੀਤ ਸਿੰਘ ਅਤੇ ਸਮੂਹ ਪ੍ਰਬੰਧਕਾਂ ਵਲੋਂ ਖੇਡ ਪ੍ਰੇਮੀਆਂ ਨੂੰ ਇਸ ਵਾਰ ਵੀ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਅਤੇ ਟੂਰਨਾਮੈਂਟ ਦੀ ਰੌਣਕ ਵਧਾਉਣ ਲਈ ਹੁੰਮ-ਹੁੰਮਾ ਕੇ ਪਹੁੰਚਣ ਦਾ ਖੁੱਲਾ ਸੱਦਾ ਹੈ।

# ਸਿੱਖਿਆ ਦੀ ਅਸਮਾਨਤਾ ਆਰਥਿਕ ਪਾੜੇ ਨੂੰ ਵਧਾਉਂਦੀ ਹੈ

**ਬਲਜਿੰਦਰ ਮਾਨ : 98150-18947**

ਭਾਰਤ ਦੁਨਿਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ। ਇਥੋਂ ਦੀ ਇਕ ਅਰਬ ਚਾਲੀ ਲੱਖ ਕਰੋੜ ਦੇ ਕਰੀਬ ਅਬਾਦੀ ਵੱਖ ਵੱਖ ਰਾਜਾਂ ਵਿੱਚ ਵੱਖਰੇ ਵੱਖਰੇ ਧਾਰਮਿਕ , ਸਭਿਆਚਾਰਕ ਅਤੇ ਭੂਗੋਲਿਕ ਹਾਲਾਤਾਂ ਵਿਚ ਵਸਦੀ ਹੈ। ਅਨੇਕਾਂ ਵਖਰੇਵਿਆਂ ਦੇ ਬਾਵਜੂਦ ਭਾਰਤ ਵਾਸੀਆਂ ਵਿੱਚ ਏਕਤਾ ਦੇ ਚਿੰਨ ਦਿਖਾਈ ਦਿੰਦੇ ਹਨ। ਇਹਨਾਂ ਏਕਤਾ ਦੇ ਚਿੰਨਾਂ ਦੇ ਬਾਵਜੂਦ ਸਮਾਨਤਾ ਕਿਤੇ ਵੀ ਦਿਖਾਈ ਨਹੀਂ ਦਿੰਦੀ। ਭਾਰਤੀ ਸੰਵਿਧਾਨ ਦਾ ਉਦੇਸ਼ ਇਸ ਦੇਸ਼ ਨੂੰ ਸਮਾਨਤਾ ਭਰਪੂਰ ਸਾਧਨ ਸੰਪਨ ਦੇਸ਼ ਬਣਾਉਣਾ ਸੀ। ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭਮਿ ਰਾਓ ਅੰਬੇਡਕਰ ਦਾ ਮਨੋਰਥ ਇਥੇ ਵਸਦੇ ਹਰ ਭਾਰਤਵਾਸੀ ਨੂੰ ਆਜ਼ਾਦੀ ਪ੍ਰਦਾਨ ਕਰਨਾ ਸੀ।ਪਰ ਹੁਣ ਜਦ ਅਸੀਂ ਆਜ਼ਾਦੀ ਦੇ ਅੰਮ੍ਰਿਤ ਕਾਲ ਤੇ ਝਾਤੀ ਮਾਰਦੇ ਹਾਂ ਤਾਂ ਆਮ ਜਨਤਾ ਦੀ ਦਸ਼ਾ ਜਿਉਂ ਦੀ ਤਿਉਂ ਹੀ ਦਿਖਾਈ ਦਿੰਦੀ ਹੈ। ਜਿਸ ਦੇਸ਼ ਦੀ 85 ਕਰੋੜ ਜਨਸੰਖਿਆ ਮੁਫਤ ਰਾਸ਼ਨ ਲੈਂਦੀ ਹੋਵੇ ਉੱਥੇ ਦੀ ਅਮੀਰੀ ਕਿੱਥੋਂ ਲੱਭੀ ਜਾ ਸਕਦੀ ਹੈ?

ਵਿੱਦਿਆ ਬਗੈਰ ਮਨੁੱਖ ਪਸ਼ੂ ਸਮਾਨ ਹੁੰਦਾ ਹੈ। ਇਸ ਸਥਿਤੀ 'ਚ ਭਾਰਤ ਵਾਸੀਆਂ ਨੂੰ ਕੱਢਣ ਵਾਸਤੇ ਸਰਕਾਰ ਵਲੋਂ ਸਮੇਂ ਸਮੇਂ ਤੇ ਉਪਰਾਲੇ ਹੁੰਦੇ ਰਹੇ ਹਨ। ਪਰ ਸਿਖਿਆ ਦੇ ਖੇਤਰ ਦਾ ਪਾੜਾ ਭਾਵ ਅਸਮਾਨਤਾ ਆਏ ਸਾਲ ਵਧਦਾ ਹੀ ਗਿਆ ਹੈ।ਅਜ ਤੱਕ ਹਰ ਭਾਰਤੀ ਵਾਸੀ ਨੂੰ ਇਕੋ ਜਿਹੀ ਸਿੱਖਿਆ ਦਾ ਪ੍ਰਬੰਧ ਨਹੀਂ ਹੋ ਸਕਿਆ। ਅਮੀਰ ਦੀ ਪੜ੍ਹਾਈ ਹੋਰ ਤਰ੍ਹਾਂ ਦੀ ਹੈ ਤੇ ਗਰੀਬ ਦੀ ਹੋਰ ਤਰ੍ਹਾਂ ਦੀ।ਇਥੋਂ ਤਕ ਕਿ ਉਹਨਾਂ ਦੇ ਸਕੂਲ਼ ਵੀ ਅਲੱਗ ਅਲੱਗ ਹਨ। ਇੱਥੋਂ ਇਹ ਸਿੱਧ ਹੋ ਜਾਂਦਾ ਹੈ ਕਿ ਸਮਿਆਂ ਦੀਆਂ ਹਕੂਮਤਾਂ ਨੇ ਇਸ ਬਾਰੇ ਕਾਫੀ ਕੁੱਝ ਨਹੀਂ ਕੀਤਾ। ਅਸਲ ਵਿੱਚ ਉਹਨਾਂ ਦਾ ਮਨੋਰਥ ਆਰਦਸ਼ ਨਾਗਰਿਕ ਬਣਾਉਂਣਾ ਨਹੀਂ ਰਿਹਾ ਸਗੋਂ ਮੂਰਖ ਵੋਟਰ ਪੈਦਾ ਕਰਨਾ ਰਿਹਾ ਹੈ ਜੋ ਉਹਨਾਂ ਦੀਆਂ ਚਾਲਾਂ ਵਿਚ ਸੌਖੇ ਤਰੀਕੇ ਨਾਲ ਫਸ ਸਕਣ। ਅਠਵੀਂ ਜਮਾਤ ਤਕ ਕਿਸੇ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਅਸਲ ਵਿੱਚ ਨਵੀਂ ਪਨੀਰੀ ਦੇ ਜੜ੍ਹੀਂ ਤੇਲ ਪਾਉਣ ਵਾਲੀ ਗੱਲ ਹੈ।

ਅਜ ਜਦੋਂ ਅਸੀਂ ਪੂਰੇ ਦੇਸ਼ ਦੇ ਸਕੂਲਾਂ ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕੇ ਦੇਸ਼ ਵਿੱਚ ਸਕੂਲਾਂ ਦੀ ਗਿਣਤੀ 15,07,708 ਹੈ। ਇਨ੍ਹਾਂ ਵਿੱਚੋਂ 10,32,570 ਸਕੂਲ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੁਆਰਾ ਚਲਾਏ ਜਾ ਰਹੇ ਹਨ। 84,362 ਸਰਕਾਰੀ ਸਹਾਇਤਾ ਪ੍ਰਾਪਤ 3,40,753 ਪ੍ਰਾਇਵੇਟ ਸਕੂਲ ਹਨ। ਹੁਣ ਤੁਸੀਂ ਇਹਨਾਂ ਆਂਕੜਿਆਂ ਤੋਂ ਅੰਦਾਜ਼ਾ ਲਗਾ ਸਕਦੇ ਹੋ ਕੇ ਸਰਕਾਰਾਂ ਨੇ ਨਿਜੀਕਰਨ ਦਾ ਰਾਹ ਕਿੰਨਾ ਪੱਧਰਾ ਬਣਾਇਆ ਹੋਇਆ ਹੈ। ਨਿਜੀ ਸਕੂਲਾਂ ਦੀਆਂ ਫੀਸਾਂ ਅਤੇ ਦਾਖਲੇ ਭਰਨ ਲਈ ਮਾਪਿਆਂ ਪਾਸ ਲੱਖਾਂ ਰੁਪਏ ਹੋਣੇ ਚਾਹੀਦੇ ਹਨ। ਇਥੋਂ ਤੱਕ ਕਿ 2020 ਦੀ ਕੌਮੀ ਸਿੱਖਿਆ ਨੀਤੀ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚਣ ਆਪਣੇ ਕੈਂਪਸ ਖੋਲ੍ਹਣ ਦੀ ਛੁੱਟੀ ਦਿੱਤੀ ਗਈ ਹੈ।ਜਿਸ ਨਾਲ ਅਮੀਰ ਵਿਅਕਤੀ ਹੀ ਆਪਣੇ ਲੜਕੇ ਲੜਕੀਆਂ ਨੂੰ ਉਚੇਰੀ ਅਤੇ ਮਿਆਰੀ ਸਿੱਖਿਆ ਦਿਵਾ ਸਕਣਗੇ। ਚਾਹੀਦਾ ਤਾਂ ਇਹ ਸੀ ਕਿ ਸਰਕਾਰੀ ਸਕੂਲਾਂ ਦੀ ਹਾਲਤ ਬਿਹਤਰ ਬਣਾਈ ਜਾਂਦੀ। ਭਾਰਤ ਦੇ 77.34% ਸਕੂ਼ਲਾਂ ਕੋਲ ਬਿਜਲੀ ਦੇ ਕੁਨੈਕਸ਼ਨ ਨਹੀਂ ਹਨ। 29,967 ਕੋਲ ਪੀਣ ਵਾਲੇ ਪਾਣੀ ਦੀ ਸਹੂਲਤ ਨਹੀਂ ਹੈ। 9 ਲੱਖ ਸਕੂਲਾਂ ਕੋਲ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਨਹੀਂ ਅਤੇ 17 ਲੱਖ ਕੋਲ ਇੰਟਰਨੈਟ ਕੁਨ-ੈਕਸ਼ਨ ਨਹੀਂ ਹਨ। ਤੁਸੀਂ ਹੈਰਾਨ ਹੋਵੋਗੇ ਕਿ 6465 ਸਕੂਲ ਇਮਾਰਤਾਂ ਤੋਂ ਬਗੈਰ ਹੀ ਚੱਲ ਰਹੇ ਹਨ। ਅਜਿਹੇ ਹਾਲਾਤਾਂ ਦੇ ਬਾਵਜੂਦ ਸਰਕਾਰ ਵਲੋਂ 2021-22 ਦੇ ਸਿੱਖਿਆ ਬਜਟ ਵਿੱਚ 8.3 ਫੀਸਦੀ ਕਮੀ ਕੀਤੀ ਗਈ ਸੀ।ਸਕੂਲਾਂ ਵਿਚ 62,71,380 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਯੂਨੀਫਾਈਡ ਜ਼ਿਲ੍ਹਾ ਸੂਚਨਾ ਦੀ ਇਕ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 3,40,753 ਪ੍ਰਾਈਵੇਟ ਅਤੇ 10,32,570 ਸਰਕਾਰੀ ਸਕੂਲ ਹਨ।ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦਾ 10:3 ਦਾ ਅਨੁਪਾਤ ਬਣਦਾ ਹੈ। ਅਜਿਹੀਆਂ ਪ੍ਰਸਥਿਤੀਆਂ ਨਾਲ ਜੂਝਦੇ ਹੋਏ ਭਾਰਤ ਵਾਸੀ ਸਿੱਖਿਆ ਦੇ ਖੇਤਰ ਵਿਚ ਪਛੜਦੇ ਜਾ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੁੱਠੀ ਭਰ ਲੋਕ ਤਰੱਕੀ ਦੀਆਂ ਸ਼ਿਖਰਾਂ ਹਾਸਲ ਕਰ ਰਹੇ ਹਨ। ਮਸਲਾ ਇਹ ਹੈ ਕਿ ਸਰਕਾਰਾਂ ਨੇ ਅੱਜ ਤੱਕ ਸਮਾਨ ਸਿੱਖਿਆ ਦਾ ਪ੍ਰਬੰਧ ਨਹੀਂ ਕੀਤਾ । ਜਿਸ ਕਾਰਨ ਸੰਵਿਧਾਨ ਦੀ ਪ੍ਰਤਾਵਨਾ ਵਿਚ ਦਰਜ਼ ਸਮਾਜਵਾਦੀ ਗਣਰਾਜ ਦਾ ਉਲੰਘਣ ਮੰਨਿਆ ਜਾਣਾ ਚਾਹੀਦਾ ਹੈ। ਭਾਰਤ ਦੇਸ਼ ਦੇ ਹਰ ਨਾਗਰਿਕ ਨੂੰ ਸਿਹਤ, ਸਿੱਖਿਆ, ਰੋਜ਼ਗਾਰ ਅਤੇ ਜੀਵਨ ਦੀਆਂ ਸਭ ਸੁੱਖ ਸਹੂਲਤਾਂ ਬਰਾਬਰ ਮਿਲਣੀਆਂ ਚਾਹੀਦੀਆਂ ਹਨ। ਇਸ ਬਰਾਬਰੀ ਦੇ ਸਮਾਜ ਨੂੰ ਸਿਰਜਣ ਵਾਸਤੇ ਪਹਿਲਾ ਕਦਮ ਸਭ ਨੂੰ ਇਕੋ ਜਿਹੇ ਸਕੂਲਾਂ ਵਿਚ ਸਮਾਨ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ। ਮਹਿੰਗੇ ਸਕੂਲਾਂ, ਕਾਲਜਾਂ ਅਤੇ ਕੋਚਿੰਗ ਸੈਂਟਰਾਂ ਵਿਚ ਪੜ੍ਹਨ ਵਾਲੇ ਲੋਕ ਰੋਜ਼ਗਾਰ ਵਿਚ ਵੀ ਅੱਗੇ ਨਿੱਕਲ ਜਾਂਦੇ ਹਨ ਜਿਸ ਕਾਰਨ ਆਮ ਲੋਕ ਡਿਗਰੀਆਂ ਕੋਲ ਹੋਣ ਦੇ ਬਾਵਜੂਦ ਕੁਝ ਵੀ ਹਾਸਿਲ ਨਹੀਂ ਕਰ ਸਕਦੇ।ਦਾਮ ਬਣਾਏ ਕਾਮ ਵਾਲੀ ਨੀਤੀ ਸਾਡੇ ਦੇਸ਼ ਵਿਚ ਬੜੀ ਪ੍ਰਚੱਲਿਤ ਹੈ।

ਜੇਕਰ ਪੰਜਾਬ ਦੇ ਸਿੱਖਿਆਤੰਤਰ ਤੇ ਝਾਤ ਮਾਰੀਏ ਤਾਂ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਇੱਥੋਂ ਦੇ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ ਵਿੱਚ ਲਾਈ ਰੱਖਣ ਕਾਰਨ ਆਏ ਸਾਲ ਨਿਘਾਰ ਵਧੀ ਜਾ ਰਿਹਾ ਹੈ। ਵਿਭਾਗ ਵਲੋਂ ਜਾਰੀ ਕੀਤੀਆਂ ਜਾਂਦੀਆਂ ਗਤੀਵਿਧੀਆਂ ਕਾਰਨ ਅਧਿਆਪਕ ਅਤੇ ਵਿਦਿਆਰਥੀ ਭੰਬਲਭੂਸੇ ਵਿਚ ਪਏ ਰਹਿੰਦੇ ਹਨ ਕਿ ਸਿਲੇਬਸ ਜਾਂ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਵੇ ਜਾਂ ਸੁਝਾਈਆਂ ਗਈਆਂ ਗਤੀਵਿਧੀਆਂ ਕਰਵਾਈਆਂ ਜਾਣ। ਜਨਵਰੀ 2024 ਵਿਚ ਮਿਸ਼ਨ ਸਮਰੱਥ ਵਲੋਂ ਕਰਵਾਏ ਸਰਵੇਖਣ ਨੇ ਹੈਰਾਨੀਜਨਕ ਤੱਥ ਸਾਡੇ ਸਾਹਮਣੇ ਰੱਖੇ ਹਨ।ਇਸ ਸਰਵੇਖਣ ਵਿੱਚ ਤੀਸਰੀ ਤੋਂ ਅੱਠਵੀਂ ਜਮਾਤ ਤੱਕ ਦੇ ਬੱਚੇ ਸ਼ਾਮਿਲ ਕੀਤੇ ਗਏ ਸਨ। ਜਿਸ ਵਿੱਚੋਂ 39% ਬੱਚਿਆਂ ਨੂੰ ਸ਼ੁੱਧ ਪੰਜਾਬੀ ਲਿਖਣੀ, ਬੋਲਣੀ ਅਤੇ ਪੜ੍ਹਨੀ ਨਹੀਂ ਆਉਂਦੀ। ਜੇਕਰ ਪੰਜਾਬ ਵਿੱਚ ਮਾਤ ਭਾਸ਼ਾ ਦਾ ਇਹ ਹਾਲ ਹੈ ਤਾਂ ਤੁਸੀਂ ਅੰਗਰੇਜ਼ੀ ਹਿੰਦੀ ਦੇ ਪੱਧਰ ਦਾ ਅੰਦਾਜ਼ਾ ਸਹਿਜੇ ਹੀ ਲਗਾ ਸਕੇ ਹੋ। ਇੱਥੇ ਹੀ ਬਸ ਨਹੀਂ ਸਗੋਂ 4% ਵਿਦਿਆਰਥੀ ਤਾਂ ਗੁਰਮੁੱਖੀ ਅੱਖਰ ਹੀ ਨਹੀਂ ਪਛਾਣ ਸਕਦੇ। ਹਿਸਾਬ ਦੇ ਖੇਤਰ ਵਿੱਚ ਸਥਿਤੀ ਹੋਰ ਵੀ ਚਿੰਤਾਜਨਕ ਹੈ। 8% ਬੱਚੇ ਸਿਰਫ 9 ਤੱਕ ਦੇ ਹਿੰਦਸੇ ਕੱਢ ਸਕਦੇ ਹਨ। ਸਿਰਫ 37% ਫੀਸਦੀ ਬੱਚੇ ਹੀ ਘਟਾਓ ਜਾਂ ਤਕਸੀਮ ਕਰ ਸਕਦੇ ਹਨ। ਅੰਗਰੇਜ਼ੀ ਪੜ੍ਹਨ ਦੀ ਸਮਰੱਥਾ ਸਿਰਫ 20 ਫੀਸਦੀ ਵਿਦਿਆਰਥੀਆਂ ਕੋਲ ਹੀ ਹੈ । 15% ਅੱਖਰ ਪਛਾਣ ਸਕਦੇ ਹਨ। ਸਕੂਲੀ ਸਿੱਖਿਆ ਦਾ ਇਹ ਹਾਲ ਦੇਖਕੇ ਆਪਣੇ ਸਿੱਖਿਆ ਦੇ ਢਾਂਚੇ ਤੇ ਤਰਸ ਆਉਂਦਾ ਹੈ। ਇਸ ਨਤੀਜੇ ਵਾਸਤੇ ਇਕੱਲੇ ਅਧਿਆਪਕ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਸਗੋਂ ਸਮੁੱਚੇ ਢਾਂਚਾ ਹੀ ਦੋਸ਼ੀ ਹੈ। ਅਸਲ ਵਿੱਚ ਨਿਜੀਕਰਨ ਦੀਆਂ ਸਾਜਿਸ਼ਾਂ ਤਹਿਤ ਅਧਿਆਪਕਾਂ ਨੂੰ ਇਕਚਿੱਤ ਹੋ ਕੇ ਪੜ੍ਹਾਉਂਣ ਹੀ ਨਹੀਂ ਦਿੱਤਾ ਜਾ ਰਿਹਾ । ਸੈਮੀਨਾਰ ਟਰੇਨਿੰਗ, ਇਮਾਰਤ ਉਸਾਰੀ ਮਿਸ਼ਨ ਸਮਰੱਥ ਤੇ ਪਤਾ ਨਹੀਂ ਹੋਰ ਕਿੰਨਾ ਕੁੱਝ ਉਸਦੇ ਸਿਰ ਪਾਇਆ ਜਾ ਰਿਹਾ ਹੈ। ਜਿਸ ਕਾਰਨ ਉਹ ਆਪਣੀ ਸਮਰੱਥਾ ਅਤੇ ਬੁੱਧੀ ਅਨੁਸਾਰ ਕੁੱਝ ਨਹੀਂ ਕਰ ਸਕਦਾ। ਉਪਰੋਂ ਆਉਂਦੇ ਨਿਰਦੇਸ਼ਾਂ ਨੇ ਉਸਦੀ ਆਪਣੀ ਕਲਾਤਮਿਕ ਅਤੇ ਵਿੱਦਿਅਕ ਪ੍ਰਤਿਭਾ ਨੂੰ ਗ੍ਰਹਿਣ ਲਾ ਦਿੱਤਾ ਹੈ।

ਸਭ ਲਈ ਸਮਾਨ ਸਿੱਖਿਆ ਦਾ ਪ੍ਰਬੰਧ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਖਾਸ ਕਰ ਭਾਰਤੀ ਲੋਕਤੰਤਰ ਦਾ ਮੁੱਖ ਸਰੋਕਾਰ ਹੀ ਜਨਤਾ ਦੀ ਬਿਹਤਰੀ ਲਈ ਕਾਰਜ਼ ਕਰਨਾ ਹੈ। ਜਦੋਂ ਜਨਤਾ ਪੜ੍ਹੀ ਲਿਖੀ ਹੋਵੇਗੀ ਫਿਰ ਉਹ ਆਪਣੀ ਬਿਹਤਰੀ ਵਾਸਤੇ ਖੁੱਦ ਰਾਹ ਤਲਾਸ਼ ਕਰ ਲਵੇਗੀ। ਇਥੇ ਤਾਂ ਨੌਜਵਾਨ ਪੀੜ੍ਹੀ ਪੜ੍ਹ ਲਿਖ ਕੇ ਆਪਣੇ ਜੋਗੀ ਵੀ ਤਿਆਰ ਨਹੀਂ ਹੋ ਰਹੀ। ਘੱਟੋ ਘੱਟ ਹਰ ਨਾਗਰਿਕ ਨੂੰ ਆਪਣੇ ਅਧਿਕਾਰਾਂ ਅਤੇ ਕਰਤੱਬਾਂ ਦਾ ਗਿਆਨ ਹੋਣਾ ਲਾਜ਼ਮੀ ਹੋਵੇ।

ਜਿਸ ਦੇ ਆਸਰੇ ਉਹ ਆਪਣੇ ਵਾਸਤੇ ਬਿਹਤਰ ਸਹੂਲਤਾਂ ਦੀ ਤਲਾਸ਼ ਕਰ ਸਕਣ । ਜੇਕਰ ਅਜਿਹਾ ਆਲਮ ਇਸ ਖੇਤਰ ਵਿਚ ਆਏਸਾਲ ਵਿਕਰਾਲ ਰੂਪ ਧਾਰ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਦੇਸ਼ ਗਿਆਨ ਵਿਹੂਣੇ ਲੋਕਾਂ ਦਾ ਦੇਸ਼ ਬਣ ਜਾਵੇਗਾ।ਜਿਵੇਂ ਭਾਰਤ ਜਨਸੰਖਿਆ ਵਿਚ ਪਹਿਲੇ ਨੰਬਰ ਤੇ ਹੈ ਫਿਰ ਅਨਪੜ੍ਹਾਂ ਦਾ ਵੀ ਦੇਸ਼ ਕਹਾਏਗਾ। ਸੰਵਿਧਾਨ ਨਿਰਮਾਤਾਵਾਂ ਨੇ ਸਿੱਖਿਆ ਨੂੰ ਸੰਵਿਧਾਨ ਦੇ ਤੀਜੇ ਭਾਗ ਵਿੱਚ ਦਰਜ ਮੌਲਿਕ ਅਧਿਕਾਰਾਂ ਵਿਚ ਇਸੇ ਕਰਕੇ ਸ਼ਾਮਿਲ ਕੀਤਾ ਹੈ ਕਿ ਹਰ ਨਾਗਰਿਕ ਨੂੰ ਸਿੱਖਿਆ ਹਾਸਲ ਹੋਵੇ।


ਜੇਕਰ ਅਸੀਂ ਨਿਜੀ ਅਤੇ ਸਰਕਾਰੀ ਪਾੜੇ ਨੂੰ ਇਸੇ ਤਰ੍ਹਾਂ ਉਤਿਸ਼ਾਹਿਤ ਕਰਦੇ ਰਹੇ ਤਾਂ ਬਹੁਤੇ ਨਾਗਰਿਕ ਸਿੱਖਿਆ ਤੋਂ ਵਾਂਝੇ ਹੀ ਰਹਿਣਗੇ। ਜਿਹੜੀ ਸਿੱਖਿਆ ਸਮਾਜ ਨੂੰ ਬਦਲ ਸਕਦੀ ਹੈ, ਉਸ ਤੋਂ ਵਾਂਝੇ ਲੋਕ ਦੇਸ਼ ਕੌਮ ਦੇ ਨਵ ਨਿਰਮਾਣ ਵਿਚ ਕੀ ਹੀ ਯੋਗਦਾਨ ਦੇ ਸਕਣਗੇ? ਅਜੋਕੇ ਸਮੇਂ ਦੀ ਇਹੀ ਮੰਗ ਤੇ ਉਮੀਦ ਹੈ ਕਿ ਭਾਰਤੀ ਬੱਚਿਆਂ ਨੂੰ ਸਿੱਖਿਆ ਦੇ ਸਮਾਨ ਅਵਸਰ ਪ੍ਰਦਾਨ ਕੀਤੇ ਜਾਣ ਤਾਂ ਕੇ ਦੇਸ਼ ਵਿਚੋਂ ਆਰਥਿਕ ਪਾੜੇ ਦੇ ਖੱਪੇ ਨੂੰ ਘਟਾਇਆ ਜਾ ਸਕੇ ਅਤੇ ਹਰ ਨਾਗਰਿਕ ਨੂੰ ਮਨੁੱਖੀ ਅਧਿਕਾਰਾਂ ਦਾ ਆਨੰਦ ਮਿਲ ਸਕੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

## ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਿਤੀ 23, 24 ਅਤੇ 25 ਫਰਵਰੀ 2024 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਜੀ ਦਾ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

*ਸ਼ੁਕਰਵਾਰ, 23 ਫਰਵਰੀ, 2024*, ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ- ਸਵੇਰੇ 9 ਤੋਂ 10 ਵਜੇ ਤੱਕ
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਪੀਜ਼ੇ ਦਾ ਲੰਗਰ - ਸ਼ਾਮ 5 ਤੋ 8 ਵਜੇ ਤੱਕ

*ਐਤਵਾਰ, 25 ਫਰਵਰੀ 2024*
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ,
ਉਪਰੰਤ ਗੁਰੂ ਕੇ ਕੀਰਤਨੀ ਸਿੰਘ, ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### ਸੰਗਤ ਦੇ ਸੇਵਾਦਾਰ

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)

With the blessings of Satguru Shri Guru Ravidass ji Maharaj **Shri Guru Ravidass Sabha Fresno** with co operation of Sangat is going to celebrate 647th Prakash Purab of **Shri Guru Ravidass Ji Maharaj on 3rd March 2024 Sunday at Gurughar**.


ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)


ਰਤਨ ਪਾਲ ਜੱਸੀ (ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ (ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ (ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ (ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ (ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ (ਖਜਾਨਚੀ)


ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ (ਮੀਡੀਆ ਪਰਸਨ)

**5025 S Cherry Ave Fresno CA 93706.**
**All devotees are co ordialy invited to attend as per programme to have Guru's blessings.**

**ਗੁਰੂ ਘਰ ਦੇ ਫੋਨ ਨੰਬਰ: 559-486-3091**


## Programme:

**Friday march 1, 2024, 10:00 am**
Arambh shri akhand path under the supervision of Bhai Ram Singh ji Head Granthi of Gurughar.
**Saturday March 2,2024, 4 pm Nishan Sahib Sewa (Ceremony)**
**Sunday, March 3, 2024, 10 am**
Bhog Shri Akhand Path Sahib
Kirtan Darbar followed by Bhog up to 2:30 pm.
**Kirtan will be performed by**
Bhai Pritam Singh Ji Mitha Tiwana Jatha,
Bhai Harblas Singh jhinger Ji, Bhai Ram Asra Ji, Bhai Raj Brar ji.
Guru's Langer will be served through out all three days.
**BLOOD DONATION AND MEDICAL CAMP**
Dedicated to Gurpurab special medical camp and blood donation camp is being organised by Dr. Nirmal Bhatti MD , Dr. Satnam Banger MD, Dr. Surdeep Singh DDS and their associates.

## Sewadars

1) Chairperson Surinder kaur Banger
2) President Amar Daroch
3) Vice Chairman Rattan Pal Jassi
4) Vice President Sucha Singh Jhamat
5) Genral Secretary Shiv Charan
6) Asst Secretary Tegvir Singh
7) Treasurer Davinder Singh
8) Asst Treasurer Kuldeep Singh Bali
9) Stage Sec. Kuldeep Singh Banger,
10) Asst Stage Sec Smt Deepika kaler
11) Pawan Saroya- Press Advisor.

"ਜਨਰਲ ਸਕੱਤਰ ਦੀ ਸੇਵਾ ਪ੍ਰਿੰਸੀਪਲ (ਰਿਟਾ.) ਸ਼ਿਵ ਚਰਨ ਜੀ ਨਿਭਾਉਣਗੇ"



ਸ਼੍ਰੀ ਸਰਬਜੀਤ ਚੁੰਬਰ ਜਨਰਲ ਸਕੱਤਰ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜਨੋ ਜੀ ਆਪਣੇ ਪਰਿਵਾਰ ਸਮੇਤ ਸਿਆਟਲ ਏਰੀਏ ਵੱਲ ਮੂਵ ਹੋ ਗਏ ਹਨ ਜਿਸ ਕਰਕੇ ਹੁਣ ਉਹਨਾਂ ਦੀ ਸੇਵਾ ਸਤਿਕਾਰਯੋਗ ਸ਼ਿਵ ਚਰਨ ਜੀ ਨਿਭਾਉਣਗੇ। ਇਹ ਫੈਸਲਾ ਕਮੇਟੀ ਦੀ ਮਹੀਨਾਵਾਰ ਮੀਟਿੰਗ ਵਿੱਚ ਸਰਬਸੰਮਤੀ ਨਾਲ ਲਿਆ ਗਿਆ। ਸਮੂਹ ਪ੍ਰਬੰਧਕ ਕਮੇਟੀ ਵਲੋਂ ਸ਼੍ਰੀ ਸਰਬਜੀਤ ਚੁੰਬਰ ਜੀ ਦਾ ਉਹਨਾਂ ਵਲੋਂ ਦਿੱਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ।

**ਅਮਰ ਦੜੋਚ**
**ਮੁੱਖ ਸੇਵਾਦਾਰ**
**ਸ਼ੀ ਗੁਰੂ ਰਵਿਦਾਸ ਸਭਾ ਫਰਿਜਨੋ**

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619


Email: msbains@rajasweets.com
www.rajasweets.com
facebook: rajasweetsandcatering
Twitter: rajasweets

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust